INTERNATIONAL MAGAZINE
RNI No. 61816/95

Postal Regd. No. CHD/0081/2015-17

Date of Publishing : 22/03/2016
Page No. from 1 to 68
Date of posting 31/03/2016
Last Date of Every Month
Posted by MBU

30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਪ੍ਰੈਲ 2016



ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥

# ਆਤਮ ਮਾਰਗ

ਸਾਲ-ਬਾਈਵਾਂ, ਮਹੀਨਾ-ਅਪ੍ਰੈਲ, 2016

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਬਾਨੀ

ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| **ਚੇਅਰਮੈਨ** | **ਐਡੀਟਰ-ਇਨ-ਚੀਫ** |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਕਿਸੇ ਮਹੀਨੇ ਮੈਗਜ਼ੀਨ ਨਾ ਮਿਲਣ 'ਤੇ ਦਫਤਰ ਸੰਪਰਕ ਨੰ:

## 84378-12900, 0160-2255002,


Postal Address for any Enquiry, Money Order, Cheque and drafts :

**VISHAV GURMAT ROOHANI MISSION CHARITABLE TRUST**
**Gurdwara Ishar Parkash, Ratwara Sahib**
(Near Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India



Registration Under Foreign Contribution (Regulation) Act 1976 R.No.115320023

Exemption U/S 80-G vide Cir. No. 7/2010 [F.No. 197/21/2010-ITA-II]


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 300/- | 3000/- | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| ਸਾਲਾਨਾ | ਜੀਵਨ ਕਾਲ |
|---|---|
| $ 60/- | $ 600/- |


Please visit us on internet at :-
For Atam Marg Email : atammarg1@yahoo.co.in,
Website - www.ratwarasahib.in, atammarg.in
for other information :
Email :sratwarasahib.in@gmail.com



ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਮੈਗਜ਼ੀਨ ਸੰਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨਹੀਂ ਪਹੁੰਚਦਾ ਅਤੇ ਹੋਰ ਹਰ ਤਰ੍ਹਾਂ ਦੀ ਪੁਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 84378-12900, 0160-2255002
94172-14391, 94172-14379
Email : atammarg1@yahoo.co.in

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ** - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

**ਕਨੇਡਾ** - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408
ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-9525
ਫੋਨ : 001-604-599-5000
ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

**ਇੰਗਲੈਂਡ**- ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818
ਫੈਕਸ : 0044-121-200-2879
ਭਾਈ ਅਰਵਿੰਦਰ ਸਿੰਘ (ਰਾਜ) ਮੋਬਾਇਲ : 0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ : ਮੋਬਾਇਲ - 0061-406619858

## ਸੰਸਥਾ ਦੇ ਅਦਾਰੇ - ਸੰਪਰਕ ਨੰਬਰ

1. ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ)
   9417214391, 9417214379, 84378-12900
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE)
   ਫੋਨ : 0160-2255003
3. ਮਾਤਾ ਸਾਹਿਬ ਕੌਰ ਫਰੀ ਸਿਲਾਈ ਸੈਂਟਰ
   ਮੋਬਾਇਲ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB)
   ਫੋਨ : 95920-55581, 01602255004
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ
   0160-2254900, 98786-95178, 92176-93845
6. ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ
   ਮੋਬਾਇਲ : 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ (ਬੀ.ਐੱਡ) ਮੋਬਾਇਲ : 94172-14382
8. ਅਕਾਲ ਬਿਰਧ ਆਸ਼ਰਮ (ਫਰੀ)
   ਮੋਬਾਇਲ : 98157-28220

## ਵਿਸ਼ੇਸ਼ ਜਾਣਕਾਰੀ ਲਈ

| | | |
|---|---|---|
| ਸ੍ਰੀ ਮਾਨ ਜੀ | - | 98551-32009 |
| ਸ੍ਰੀ ਅਖੰਡਪਾਠ ਸਾਹਿਬ ਸੇਵਾ | - | 94647-12900 |
| ਆਡੀਓ-ਵੀਡੀਓ ਲਾਇਬ੍ਰੇਰੀ | - | 98728-14385 |
| | | 98555-28517, 94172-14385 |

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *ਭਾਈ ਸੁਖਵਿੰਦਰ ਸਿੰਘ* | |
| 2. | ਬਾਰਹਮਾਹਾ | 7 |
| | *ਡਾ. ਭਾਈ ਵੀਰ ਸਿੰਘ ਜੀ* | |
| 3. | ਬਿਨੁ ਸਬਦੈ ਸਭੁ ਜਗੁ ਬਉਰਾਨਾ | 8 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ | 18 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਜਨਮੁ ਪਦਾਰਥੁ ਸਫਲੁ ਹੋਇ | 26 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 6. | ਜੀਵਨਾ ਸਫਲ ਜੀਵਨ | 28 |
| | *ਡਾ. ਜਗਜੀਤ ਸਿੰਘ* | |
| 7. | ਖਾਲਸੇ ਦੀ ਸਿਰਜਨਾ | 31 |
| | *ਸੰਤ ਬਾਬਾ ਵਰਿਆਮ ਸਿੰਘ ਜੀ* | |
| 8. | ਟੂਟੀ ਗਾਢਨਹਾਰ ਗੋੁਪਾਲ | 48 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 9. | ਗੁਰਬਾਣੀ ਅਰਥ-ਭੰਡਾਰ | 52 |
| | *ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ* | |
| 10. | ਅੱਠਵੇਂ ਰਤਨ - ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ | 56 |
| | *ਗਿਆਨੀ ਮੇਹਰ ਸਿੰਘ* | |
| 11. | ਗੁਰੂ ਨਾਨਕ ਆਗਮਨ | 58 |
| | *ਡਾ. ਭਾਈ ਵੀਰ ਸਿੰਘ ਜੀ* | |
| 12. | ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ | 60 |
| | *ਡਾ. ਸਵਾਮੀ ਰਾਮ ਜੀ* | |
| 13. | ਸਿਹਤ ਵਿਗਿਆਨ | 62 |
| | *ਵੈਦ ਚਰਨ ਕਮਲ ਨਾਥ* | |
| 14. | ਵਿਸ਼ੇਸ਼ ਜਾਣਕਾਰੀ :- ਬੈਂਕ ਅਕਾਊਂਟ, ਮੈਂਬਰਸ਼ਿਪ ਫਾਰਮ, ਹਸਪਤਾਲ, ਪੁਸਤਕ ਸੂਚੀ ਅਤੇ ਆਤਮ ਮਾਰਗ ਜ਼ਿੰਮੇਵਾਰੀ (Adopt) ਮੈਂਬਰਸ਼ਿਪ ਫਾਰਮ | 63 |

# ਸੰਪਾਦਕੀ

ਅਧੂਰੇਪਣ ਤੋਂ ਪੂਰਨਤਾ ਤਕ ਦੇ ਫਾਸਲੇ ਨੂੰ ਤੈਅ ਕਰਨ ਦਾ ਅਹਿਸਾਸ ਹੋਣਾ ਚੜ੍ਹਦੀ ਕਲਾ ਵਿਚੋਂ ਉਪਜਿਆ ਨਵਾਂ ਜਜ਼ਬਾ ਹੈ। ਅਧੂਰੇਪਣ ਅਤੇ ਪੂਰਨਤਾ ਦੀਆਂ ਸ਼੍ਰੇਣੀਆਂ ਵਿਚ ਲਗਾਤਾਰ ਸੰਘਰਸ਼ ਹੈ। ਅਧੂਰੇਪਣ ਵਿਚ ਖਲਾਅ ਹੈ। ਪੂਰਨਤਾ ਇਕ ਵਿਸ਼ਾਲਤਾ ਹੈ। ਖਲਾਅ ਵਿਚ ਤਨਾਅ ਹੈ। ਪੂਰਨਤਾ ਵਿਚ ਖੇੜਾ ਹੈ। ਅਧੂਰੇਪਣ ਵਿਚ ਅਸ਼ਾਂਤੀ ਹੈ, ਬੇਚੈਨੀ ਹੈ, ਇਸ ਦੇ ਵਿਪਰੀਤ ਪੂਰਨਤਾ ਵਿਚ ਸੁੱਖ-ਸ਼ਾਂਤੀ ਹੈ, ਖੁਸ਼ੀ ਹੈ, ਅਨੰਦ ਹੈ। ਅਧੂਰੇਪਣ ਵਿਚ ਘਾਟ ਮਹਿਸੂਸ ਹੁੰਦੀ ਹੈ, ਪੂਰੇਪਨ ਵਿਚ ਤ੍ਰਿਪਤੀ ਹੈ, ਸੱਚੀ ਦੌਲਤ ਹੈ, ਜਨਮਾਂ-ਜਨਮਾਂ ਦੀ ਭੁੱਖ ਮਿਟਦੀ ਹੈ। ਇਥੇ ਸੰਤੋਖ ਹੈ, ਸਬਰ ਹੈ। ਇਸ ਦੀ ਮਲਕੀਅਤੀ ਵਾਲੇ ਜੀਵ ਨੂੰ ਧਰਮ ਦੇ ਸਦਗੁਣਾਂ ਦੇ ਅਧਾਰ ਦਸ ਸਤੰਭਾਂ ਦੀ ਪ੍ਰਾਪਤੀ ਹੈ। ਪੂਰਨਤਾ ਵਿਚ ਸਤ ਹੈ, ਸੰਤੋਖ ਹੈ, ਧੀਰਜ ਹੈ, ਖਿਮਾ ਹੈ, ਮਿੱਠਾ ਬੋਲਣਾ ਹੈ, ਪਰਉਪਕਾਰੀ ਜੀਵਨ ਹੈ, ਦਇਆ ਹੈ, ਆਦਿਕ ਸਦਗੁਣਾਂ ਦਾ ਵਾਸਾ ਹੈ। ਅਧੂਰੇਪਣ ਵਿਚ ਕਾਇਰਤਾ ਹੈ, ਨਿਰਬਲਤਾ ਹੈ, ਸਾਹਸਹੀਣਤਾ ਹੈ, ਉਚ-ਨੀਚ ਦਾ ਭੇਦ ਭਾਵ ਹੈ, ਨਾ-ਬਰਾਬਰੀ ਹੈ, ਨਿਖੇਧਾਤਮਿਕ ਅਲਾਮਤਾਂ ਦਾ ਵਾਸਾ ਹੈ। ਨਕਾਰਤਮਕ ਭਾਵਨਾ ਹਾਵੀ ਹੈ। ਜ਼ੋਰ-ਜ਼ੁਲਮ ਦੇ ਅੱਗੇ ਗੋਡੇ ਟੇਕਣ ਦੀ ਮਜ਼ਬੂਰੀ ਹੈ। ਵਹਿਮ, ਭਰਮ, ਪਾਖੰਡਾਂ ਨੇ ਸੱਚ ਦੀ ਥਾਂ ਘੇਰੀ ਹੋਈ ਹੈ। ਪ੍ਰਮੇਸ਼ਰ-ਗੁਰੂ ਅਤੇ ਸਮਾਜ ਵਿਚ ਵਿਖਰੇਵਾਂ ਹੈ। ਸਮਾਜ ਦੀ ਵਰਗ ਵੰਡ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਸਵੈ ਮਾਣ, ਸਵੈ ਅਣਖ, ਗੌਰਵਮਈ ਜੀਵਨ ਦੀ ਥਾਂ, ਗੁਲਾਮੀ ਭਰਿਆ, ਬੇਵਸੀ ਜੀਵਨ ਹੈ। ਪੂਰਨਤਾ ਵਿਚ ਇਸ ਸਾਰੇ ਦਾ ਸਕਾਰਤਮਕ ਰੂਪ ਹੈ। ਪਰਸਥਿਤੀਆਂ ਉਹੀ ਰਹਿੰਦੀਆਂ ਹਨ ਪਰ ਰੂਪ ਬਦਲਦਾ ਹੈ। ਅਧੂਰੇਪਣ ਤੋਂ ਛੁਟਕਾਰਾ ਪਾ ਕੇ ਪੂਰੇਪਣ ਵਲ ਵਧਣ ਦਾ ਯਤਨ ਹੀ ਨਹੀਂ, ਪ੍ਰਾਪਤੀ ਵੀ ਹੈ। ਇਥੇ ਸਵੈਮਾਣ ਹੈ, ਗੌਰਵਮਈ ਜੀਵਨ ਜਿਊਣ ਦਾ ਅਹਿਸਾਸ ਹੈ, ਭਾਈਚਾਰਕ ਸਾਂਝ ਹੈ, ਬਰਾਬਰਤਾ ਹੈ, ਭੇਦ ਭਾਵ, ਨਸਲੀ ਲਿੰਗ ਜਾਤ-ਪਾਤ, ਉਚ-ਨੀਚ ਦਾ ਵਿਤਕਰਾ ਨਹੀਂ ਹੈ। ਵਹਿਮਾਂ-ਭਰਮਾਂ, ਪਾਖੰਡਾਂ ਦੀ ਥਾਂ ਤੇ ਸਤਿ ਦਾ ਜੀਵਨ ਜਿਊਣ ਦੀ ਨਵੀਂ ਜੁਗਤਿ ਹੈ। ਕਰਮਕਾਂਡ ਤੋਂ ਉਪਰ ਉਠ ਕੇ ਸਤਿ ਦੀ ਸੋਝੀ ਹੈ। ਨਾਮ ਵਾਲਾ ਆਤਮ ਮਾਰਗ ਹੈ। ਆਤਮਾ ਦੀ ਪ੍ਰਮਾਤਮਾ ਵਿਚ ਅਭੇਦਤਾ ਹੈ। ਜਿਉਂਦੇ ਜੀ ਮੁਕਤੀ ਦਾ ਵਿਲੱਖਣ ਅਤੇ ਨਿਵੇਕਲਾ ਸਿਧਾਂਤ ਹੈ। ਦੇਸ, ਧਰਮ, ਕੌਮ ਵਾਸਤੇ ਮਰ ਮਿਟਣ ਦਾ ਜਜ਼ਬਾ ਹਰ ਸਮੇਂ, ਹਰ ਥਾਂ ਭਰਪੂਰ ਹੈ। ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਬਲੀਦਾਨ ਸ਼ਹੀਦੀ ਦੇ ਸੰਕਲਪ ਦੀ ਰੂਪਮਾਨਤਾ ਹੈ। ਸੰਸਾਰ ਭਰ ਦੀ ਨੈਤਕਿਤਾ ਦਾ ਪੂਰਾ ਪਾਠ ਦ੍ਰਿੜ੍ਹ ਕਰਨ ਦਾ ਉੱਚਾ-ਸੁੱਚਾ ਜੀਵਨ ਹੈ। ਆਤਮ ਸਮਰਪਣ ਹੈ। ਨਿੱਜਵਾਦ ਨੂੰ ਕੋਈ ਥਾਂ ਨਹੀਂ। ਸਰਬ ਵਿਆਪੀ ਸਰੋਕਾਰ ਹੈ। ਸਾਰਿਆਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਪ੍ਰੇਮ ਪਿਆਰ ਵੰਡਣ ਦਾ ਸੰਦੇਸ਼ ਹੈ। ***'ਭੈ ਕਾਹੂ ਕੋ ਦੇਤਿ ਨਾਹਿ ਨਾਹਿ ਭੈ ਮਾਨਤਿ ਆਨ'*** ਦੇ ਸਿਧਾਂਤ 'ਤੇ ਚੱਲਣ ਦੀ ਤਾਕੀਦ ਹੈ। ***'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'*** ਦੇ ਸਿਧਾਂਤ ਅਨੁਸਾਰ ਜੀਵਨ ਬਸਰ ਕਰਨਾ ਹੈ। ਪੂਰੇ ਦੀ ਸ਼ਰਨ ਵਿਚ ਜਾ ਕੇ ਪੂਰਨ ਮਨੁੱਖ ਬਣਨ ਦੀ ਤਾਕੀਦ ਹੈ। ਇਹੀ ਪੂਰਨਤਾ ਦਾ ਸੰਕਲਪ ਹੈ। ਇਹੀ ਪੂਰੇਪਣ ਦੀਆਂ ਵਿਹਾਰਿਕ ਰੂਪ ਦੀਆਂ ਨਿਸ਼ਾਨੀਆਂ ਹਨ। ਇਸ ਦੀ ਲੋਚਾ ਰੱਖਣ ਦੇ ਜਜ਼ਬੇ ਲਈ ਤਤਪਰ ਰਹਿਣ ਦੀ ਲੋੜ ਹੈ।

ਸ੍ਰਿਸ਼ਟੀ ਦੀ ਹਰ ਸ਼ੈਅ ਸੁੱਖ, ਅਨੰਦ ਵਿਚ ਰਹਿਣਾ ਲੋਚਦੀ ਹੈ। ਕੋਈ ਵੀ ਸ਼ੈਅ ਦੁੱਖ ਨਹੀਂ ਮੰਗਦੀ। ਇਸ ਦੀ ਪੂਰਤੀ ਲਈ ਹਰ ਤਰ੍ਹਾਂ ਦੇ ਹੀਲੇ-ਬਸੀਲੇ, ਸਾਧਨ, ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਫਿਰ ਵੀ ਜੀਵਨ ਦਾ ਆਖਰੀ ਪਲ ਆ ਜਾਂਦਾ ਹੈ। ਤ੍ਰਿਪਤੀ ਨਹੀਂ ਮਿਲਦੀ। ਅਧੂਰੇਪਣ ਵਿਚ ਰਹਿ ਕੇ ਜ਼ਿੰਦਗੀ ਬੇਅਰਥ ਚਲੀ ਜਾਂਦੀ ਹੈ। ਅਧੂਰੀਆਂ ਸ਼ੈਆਂ ਨਾਲ ਜੁੜ ਕੇ ਅਧੂਰਾਪਣ ਖਤਮ ਨਹੀਂ ਹੋ ਸਕਦਾ। ਇਸ ਦੇ ਪ੍ਰਥਾਇ ਪੰਜ ਤਰ੍ਹਾਂ ਦੀ ਵੀਚਾਰ ਅਨੁਸਾਰ ਸ਼੍ਰੇਣੀ ਵੰਡ ਮੰਨੀ ਗਈ ਹੈ। ਇਸ ਦੀ ਪ੍ਰਾਪਤੀ ਲਈ ਕਿਸੇ ਪੂਰੇ ਦੀ ਅਗਵਾਈ ਦੀ ਲੋੜ ਹੈ। ਕ੍ਰਿਪਾ ਦੀ ਲੋੜ ਹੈ, ਪੰਜ ਖੰਡਾਂ ਦੇ ਪੜਾਅ ਵਿਚੋਂ ਲੰਘਦੇ ਹੋਏ ਸੱਚਖੰਡ ਦਾ ਵਾਸੀ ਬਣਨ ਦਾ ਆਤਮ ਮਾਰਗ ਹੈ। ***'ਆਪ ਨਿਰੰਕਾਰ ਕਲਾ ਧਾਰਿ ਜਗ ਮਹਿ ਪਰਵਰਯਿਉ'*** ਸਾਕਾਰ ਰੂਪ ਪ੍ਰਮੇਸ਼ਰ ਦੀ ਬਖਸ਼ਿਸ਼ ਦੀ ਲੋੜ ਹੈ। ਪੰਜ ਤਰ੍ਹਾਂ ਦੇ ਗੁਰੂ ਕਹੇ ਜਾਂਦੇ ਹਨ-

1. ਕੱਚਾ ਗੁਰੂ 2. ਅੰਨਾ ਗੁਰੂ 3. ਵਿਦਵਾਨ ਗੁਰੂ 4. ਅਵਧੂਤ ਗੁਰੂ 5. ਸਮਰੱਥ ਗੁਰੂ। ਪਹਿਲੀਆਂ ਚਾਰ ਸ਼੍ਰੇਣੀਆਂ ਆਪ ਅਧੂਰੀਆਂ ਹਨ। ਇਨ੍ਹਾਂ ਦੀ ਸੰਗਤ ਕਰਕੇ ਪੂਰਨਤਾ ਪ੍ਰਾਪਤ ਹੋਣੀ ਅਸੰਭਵ ਹੈ। ਲੋੜ ਹੈ ਪੂਰਨਤਾ ਪ੍ਰਾਪਤ ਕਰਨ ਲਈ ਇਸ ਦੇ ਅਸਲੀ ਧੇਅ ਨਾਲ ਜੁੜਨ ਦੀ। ਇਨ੍ਹਾਂ ਵਿਚੋਂ ਪਹਿਲੇ ਚਾਰਾਂ ਰਾਹੀਂ ਅਧੂਰਾਪਣ ਕਾਇਮ ਰਹਿੰਦਾ ਹੈ। ਪੰਜਵੀਂ ਸ਼੍ਰੇਣੀ ਸਮਰੱਥ ਗੁਰੂ ਦੀ ਸ਼ਰਣ ਪੂਰੇਪਣ ਦਾ ਅਹਿਸਾਸ ਹੀ ਨਹੀਂ, ਪ੍ਰਾਪਤੀ ਦੀ ਬਖਸ਼ਿਸ਼ ਵੀ ਕਰਦਾ ਹੈ। ਪ੍ਰਾਪਤੀ ਦੇ ਨਾਲ-ਨਾਲ ਆਪਣਾ ਰੂਪ ਹੀ ਬਖਸ਼ ਦਿੰਦਾ ਹੈ।

*ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮਹਿ ਹੌਂ ਕਰੌ ਨਿਵਾਸ।*

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥*

***ਸਰਬ ਲੋਹ ਗ੍ਰੰਥ 'ਚੋਂ***

ਇਸ ਸੰਕਲਪ ਦੀ ਪੂਰਤੀ ਲਈ 300 ਸਾਲ ਦਾ ਨਿਵੇਕਲਾ ਸੰਘਰਸ਼ ਹੈ। ਨੌਂ ਜਾਮੇ ਧਾਰਨ ਕਰਕੇ ਇਸ ਬੂਟੇ ਦੀ ਜੜ੍ਹ ਲਾਉਣ ਤੋਂ ਲੈ ਕਰਕੇ ਫੁੱਲ-ਫਲ ਤੱਕ ਪਹੁੰਚਾਉਣਾ ਹੈ। ਇਸ ਤਿੰਨ ਸਦੀਆਂ ਦੇ ਅਰਸੇ ਦੌਰਾਨ ਬੇਅੰਤ ਆਤਮ ਰੰਗ ਇਸ ਵਿਚ ਭਰੇ ਗਏ। ਰਬਾਬ ਦੀ ਤਾਰ ਤੋਂ ਸ਼ੁਰੂ ਹੋਇਆ ਸਫਰ ਖੰਡੇ ਦੀ ਧਾਰ ਤਕ ਚਲਦਾ

ਹੈ। ਗੁਰਬਾਣੀ ਤੋਂ ਸ਼ੁਰੂ ਹੋਇਆ ਸਫਰ ਕੁਰਬਾਨੀ ਤਕ ਪਹੁੰਚਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ 'ੴ' ਤੋਂ ਸ਼ੁਰੂ ਹੋ ਕੇ ਅਠਾਰਹ ਦਸ ਬੀਸ ਤਕ ਦੇ ਸਮੁੱਚੇ ਥਾਲ ਵਿਚ ਪਏ ਸਤ, ਸੰਤੋਖ ਅਤੇ ਵਿਚਾਰ ਰੂਪੀ ਮੋਤੀਆਂ ਨੂੰ ਚੁਗ ਕੇ ਚੱਖ ਕੇ ਭੁੰਚਣ ਦੀ ਤਾਕੀਦ ਹੈ। 'ਸਚਹੁ ਓਰੈ ਸਭ ਕੋ ਉਪਰਿ ਸਚ ਆਚਾਰ' ਦੇ ਧਾਰਨੀ ਬਣ ਕੇ ਸ੍ਰਿਸ਼ਟੀ ਨੂੰ ਉਸ ਦੀ ਉਪਜ ਅਤੇ ਉਸ ਦਾ ਰੂਪ ਜਾਣ ਕੇ ਉਸ ਦੀ ਸੇਵਾ ਵਿਚ ਹਰ ਵੇਲੇ ਤਤਪਰ ਰਹਿਣਾ ਹੈ। ਸਮਰੱਥ ਗੁਰੂ ਨਾਲ ਜੁੜਨਾ ਹੀ ਇਸਦੀ ਪੂਰਨਤਾ ਹੈ -

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥*
*ਅੰਗ - ੬੪੯*

*ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥*
*ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥ ਅੰਗ - ੨੯੫*

*ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*
*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥*
*ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥*
*ਅੰਗ - ੧੪੨੯*

ਸਮੁੰਦਰ ਵਿਚ ਟੁੱਭੀ ਮਾਰਨੀ ਤੇ ਫਿਰ ਅਭਿੱਜ ਬਾਹਰ ਆਉਣਾ, ਇਹ ਨਾ ਮੁਮਕਿਨ ਹੈ। ਸਮੁੰਦਰ ਵਿਚ ਗਹਿਰੀਆਂ ਟੁੱਭੀਆਂ ਮਾਰਨ ਵਾਲਾ ਹੀ ਉਸ ਵਿਚੋਂ ਮਾਣਕ ਮੋਤੀ ਪ੍ਰਾਪਤ ਕਰ ਸਕਦਾ ਹੈ। ਇਨ੍ਹਾਂ ਮਾਣਕ ਮੋਤੀਆਂ ਦੀ ਨਿਸ਼ਾਨਦੇਹੀ ਸਿੱਖ ਇਤਿਹਾਸ ਅਤੇ ਗੁਰਬਾਣੀ ਵਿਚ ਅਨੇਕਾਂ ਰੂਪਾਂ ਵਿਚ ਕੀਤੀ ਗਈ ਹੈ। ਇਥੇ ਇਕ ਦਾ ਸਿਧਾਂਤ ਹੈ। ਉਹੀ ਪੁਰਖ ਹੈ 'ਇਸ ਜਗ ਮਹਿ ਏਕ ਪੁਰਖ ਹੈ, ਹੋਰ ਸਗਲੀ ਨਾਰਿ ਸਬਾਈ' ਸਦੀਆਂ ਤੋਂ ਲਿਤਾੜੀ, ਜ਼ੁਲਮ ਸਹਿ ਰਹੀ, ਸਾਹਸਤਹੀਣ ਹੋ ਚੁੱਕੀ ਜਨਤਾ ਨੂੰ ਨਵਾਂ ਜੀਵਨ ਦੇਣ ਦਾ ਵੱਡਾ ਕਾਰਜ ਗੁਰੂ ਸਾਹਿਬਾਨ ਦੇ ਸਾਮ੍ਹਣੇ ਸੀ। ਜ਼ੋਰ-ਜ਼ੁਲਮ ਦਾ ਮੁਕਾਬਲਾ ਕਰਕੇ ਸੁੱਖ-ਸ਼ਾਂਤੀ ਪ੍ਰਦਾਨ ਕਰਨਾ ਸੀ। ਇਸ ਪ੍ਰਥਾਇ 1699 ਈ. ਵੈਸਾਖੀ ਵਾਲੇ ਦਿਨ ਦੀ ਚੋਣ ਹੋਈ। ਸਿੱਖੀ ਵਾਲੇ ਸਿਧਾਂਤ ਦੀ ਪੂਰਨਤਾ ਸੀ। ਪੂਰਨ ਮਨੁੱਖ ਦੀ ਘਾੜਤ ਕਰਕੇ ਸਰਬੰਸਦਾਨੀ ਸਤਿਗੁਰੂ ਨੇ ਆਪਣੀ ਸ਼ਕਤੀ ਨਾਲ ਖਾਲਸਾ ਪ੍ਰਗਟ ਕੀਤਾ। ਰਹਿਤਾਂ-ਕੁਰਹਿਤਾਂ ਦ੍ਰਿੜ੍ਹ ਕਰਵਾਈਆਂ। ਖਾਲਸਾ ਪ੍ਰਗਟ ਹੀ ਨਹੀਂ ਕੀਤਾ ਉਸਨੂੰ ਆਪਣਾ ਰੂਪ ਵੀ ਬਖਸ਼ਿਆ। ਅੰਦਰੂਨੀ ਅਤੇ ਬਾਹਰੀ ਰੂਪ ਦੀ ਬਖਸ਼ਿਸ਼ ਕੀਤੀ।

ਦੁਨੀਆਂ ਭਰ ਦੇ ਧਰਮਾਂ ਵਿਚ ਇਹ ਪਹਿਲੀ ਨਿਵੇਕਲੀ ਮਿਸਾਲ ਹੈ ਕਿ ਕਿਸੇ ਕੌਮ ਦੇ ਗੁਰੂ ਪੀਰ, ਪੈਗੰਬਰ ਨੇ ਆਪਣਾ ਰੂਪ ਬਖਸ਼ਿਆ ਹੋਵੇ। ਸਿੱਖੀ ਕੇਸਾਂ, ਸਵਾਸਾਂ ਨਾਲ ਨਿਭਾਉਣ ਦੀ ਤਾਕੀਦ ਕੀਤੀ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ- ੧੪੧੨*

ਦੇ ਸਿਧਾਂਤਾਂ ਦੀ ਪ੍ਰਤੱਖ ਪੂਰਤੀ ਸੀ। ਇਹ ਸੀ ਪੂਰਨ ਮਨੁੱਖ ਦੀ ਤਸਵੀਰ। ਇਸ ਪੂਰਨ ਮਨੁੱਖ ਨੂੰ ਹੀ ਖਾਲਸਾ, ਗੁਰਮੁਖ, ਗੁਰਸਿਖ, ਸਾਧੂ, ਸੰਤ, ਮਹਾਤਮਾ, ਬ੍ਰਹਮ ਗਿਆਨੀ ਆਦਿਕ ਨਾਵਾਂ ਨਾਲ ਸਤਿਕਾਰ ਦਿਤਾ ਜਾਂਦਾ ਹੈ। ਪੰਜਾਂ ਭਰਮਾਂ, ਪੰਜ ਕਲੇਸਾਂ, ਵਹਿਮਾਂ, ਪਾਖੰਡਾਂ 'ਚੋਂ ਕੱਢ ਕੇ ਬਿਰਤੀ ਨੂੰ ਗੁਰ ਪ੍ਰਮੇਸ਼ਰ ਵਿਚ ਅਭੇਦਤਾ ਬਖਸ਼ੀ। ਨਾਮ ਬਾਣੀ ਵਾਲਾ ਆਤਮ ਮਾਰਗ ਦ੍ਰਿੜ੍ਹ ਕਰਵਾਇਆ। ਇਸ ਸਮੁੱਚੇ ਪੂਰਨ ਮਨੁੱਖ ਦੀ ਤਸਵੀਰ, ਇਸ ਦੇ ਖਾਕੇ ਨੂੰ ਘਾੜਤ ਕਰਨ ਦਾ ਸੰਘਰਸ਼, ਅਧੂਰੇਪਣ ਤੋਂ ਪੂਰਨਤਾ ਦਾ ਅਹਿਸਾਸ ਅਤੇ ਪੂਰਨਤਾ ਦੀ ਪ੍ਰਾਪਤੀ ਭਾਵ ਖਾਲਸਾ ਪਦ ਦੀ ਪ੍ਰਾਪਤੀ ਲਈ ਆਪ ਜੀ ਵਿਸਥਾਰ ਨਾਲ ਇਸ ਅੰਕ ਦੀ ਸਮੱਗਰੀ ਨੂੰ ਪੜ੍ਹ ਕੇ ਜਾਣੂ ਹੋ ਸਕਦੇ ਹੋ। ਇਹ ਵੱਡੀ ਕਰਾਮਾਤ ਸੀ ਜੋ 10ਵੇਂ ਜਾਮੇ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਪੂਰੀ ਕੀਤੀ। ਖਾਲਸਾ ਆਦਰਸ਼ ਪ੍ਰਗਟ ਕੀਤਾ। ਗੁਰੂ ਕ੍ਰਿਪਾ ਕਰੇ ਸਾਨੂੰ ਸਾਰਿਆਂ ਨੂੰ ਇਸ ਆਦਰਸ਼ ਦੀ ਪ੍ਰਾਪਤੀ ਹੋਵੇ। ਅਧੂਰੇਪਣ ਤੋਂ ਪੂਰਨਤਾ ਵਾਲਾ ਸਫਰ ਤੈਅ ਕਰਦੇ ਹੋਏ ਪੂਰਨਤਾ ਦੀ ਪ੍ਰਾਪਤੀ ਹੋਵੇ। ਇਸ ਬਖਸ਼ਿਸ਼ ਦੀ ਪ੍ਰਾਪਤੀ ਲਈ ਸਵਾਸ-ਸਵਾਸ ਅਰਦਾਸ ਵਿਚ ਜੁੜੇ ਰਹੀਏ।

*ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ ਅੰਗ - ੭੬੨*

ਆਪ ਜੀ ਸਮੂੰਹ ਪਾਠਕ ਜਨਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਅਪ੍ਰੈਲ 1995 ਵਿਚ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ (ਜੀਵਨ ਸਾਥੀ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ) ਦੇ ਪਵਿੱਤਰ ਹਸਤ ਕਮਲਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪਿਆਰੇ ਮਹਾਂਪੁਰਸ਼ਾਂ ਅਤੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਰੀਲੀਜ਼ ਹੋਇਆ। ਅਪ੍ਰੈਲ 2016 ਤੋਂ ਇਹ ਰੂਹਾਨੀਅਤ ਦੀ ਪਟਾਰੀ ਆਪਣਾ ਆਤਮ ਮਾਰਗ ਨਿਰੰਤਰਤਾ ਨਾਲ ਤੈਅ ਕਰਦੀ ਹੋਈ 22ਵੇਂ ਸਾਲ ਵਿਚ ਪ੍ਰਵੇਸ਼ ਕਰ ਰਹੀ ਹੈ। ਪਾਠਕ ਜਨਾਂ ਅਤੇ ਸਮੂੰਹ ਸੰਗਤਾਂ ਵਲੋਂ ਮਿਲੇ ਪਿਆਰ ਤੇ ਸਹਿਯੋਗ ਦਾ ਟਰੱਸਟ ਰਤਵਾੜਾ ਸਾਹਿਬ ਸਦਾ ਅਭਾਰੀ ਹੈ। ਆਤਮ ਮਾਰਗ ਦੀ ਹੋਰ ਚੜ੍ਹਦੀ ਕਲਾ ਲਈ ਘੱਟੋ-ਘੱਟ 10 ਮੈਂਬਰ adopt ਕਰਕੇ ਹੰਭਲਾ ਮਾਰੀਏ। ਸਭਨਾਂ ਨੂੰ ਆਤਮ ਮਾਰਗ ਦੇ ਪਾਂਧੀ ਬਣਨ ਦੀ ਗੁਰੂ ਦੀ ਬਖਸ਼ਿਸ਼ ਪ੍ਰਾਪਤ ਹੋਵੇ ਜੀ।

*ਭਾਈ ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ' ਆਤਮ ਮਾਰਗ'*

***********

# ਵੈਸਾਖਿ

## (ਵੈਸਾਖਿ ਮਹੀਨੇ ਦੀ ਸੰਗਰਾਂਦ : 14 ਅਪ੍ਰੈਲ, ਦਿਨ ਸੋਮਵਾਰ)

*ਡਾ. ਭਾਈ ਵੀਰ ਸਿੰਘ ਜੀ*

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥*ਅੰਗ-੧੩੪*

(ਵੈਸਾਖ ਵਿਚ ਯਾ) ਵੈਸਾਖ (ਦੁਆਰਾ ਉਪਦੇਸ਼ ਕਰਦੇ ਹਨ ਕਿ ਓਹ) ਵਿਛੜੀਆਂ ਹੋਈਆ ਕਿਵੇਂ ਧੀਰਜ ਧਾਰਨ ਕਰਨ ਸਕਣ ਜਿਨ੍ਹਾਂ ਨੂੰ ਕਿ ਪ੍ਰੇਮ ਦਾ ਹੀ ਵਿਛੋੜਾ ਹੈ। (ਭਾਵ ਪਤੀ ਮਿਲਾਪ ਵਿਚ ਤਾਂ ਨਹੀਂ ਹਨ, ਪਰ ਪਤੀ ਪ੍ਰੇਮ ਵਿਚ ਬੀ ਨਹੀਂ ਹਨ, ਉਹ ਮਾਇਕ ਪ੍ਰੇਮ ਵਿਚ ਹਨ) ਉਹਨਾਂ ਨੂੰ ਹਰੀ ਵਰਗੇ ਸਜਣ ਪਤੀ ਨੂੰ ਭੁਲਾ ਕੇ ਛਲ ਰੂਪ ਮਾਇਆ ਦੀ (ਪ੍ਰੀਤਿ) ਲੱਗੀ ਹੋਈ ਹੈ। (ਮਾਇਕ ਸਾਮਾਨ ਹਨ) ਪੁਤ੍ਰ ਇਸਤ੍ਰੀ, ਧਨ, ਇਨ੍ਹਾਂ ਵਿਚੋਂ (ਕਿਸੇ ਬੀ) ਨਾਲ ਨਹੀਂ ਜਾਣਾ, (ਪਰ) ਉਹ ਹਰੀ (ਜੋ ਜੀਵਾਂ ਦੇ ਚਿਤ ਚੇਤੇ ਨਹੀਂ ਹੈ) ਨਾਸ਼ ਰਹਿਤ ਹੈ (ਤੇ ਸਦਾ ਅੰਗ ਸੰਗ ਹੈ। ਹੋਰ ਸਾਰੇ) ਧੰਦੇ ਝੂਠੇ ਹਨ (ਜੋ) ਮੋਹ (ਮਾਯਾ ਰੂਪ) ਹਨ, (ਇਨ੍ਹਾਂ ਵਿਚ) ਫਸ ਫਸ ਕੇ ਸਾਰੀ ਸ੍ਰਿਸ਼ਟੀ ਮਰ ਰਹੀ ਹੈ, (ਜੋ) ਇਕ ਹਰੀ ਦੇ ਸ੍ਰੇਸ਼ਟ ਨਾਮ ਤੋਂ ਸੱਖਣੀ ਹੋਣ ਕਰਕੇ ਅੱਗੇ (ਗਈ ਹੋਈ ਰਾਹ ਵਿਚ ਹੀ) ਲੁੱਟੀ ਜਾਂਦੀ ਹੈ। ਪਰਮੇਸੁਰ ਨੂੰ ਵਿਸਾਰ ਕੇ (ਆਪੇ) ਵਿਗੋਚੇ ਦੇ ਮੂੰਹ ਆਉਣਾ ਹੈ (ਯਾ ਖਰਾਬ ਹੋਣਾ ਹੈ ਕਿਉਂਕਿ ਅੱਗੇ ਦਾ ਸਹਾਈ) ਪ੍ਰਭੂ ਤੋਂ ਬਿਨਾਂ ਕੋਈ ਨਹੀਂ ਹੈ। (ਅੱਗੇ ਜਾ ਕੇ ਕੇ ਤਾਂ) ਜੋ (ਜੀਉਂਦਿਆਂ ਹੀ) ਪ੍ਰਭੂ ਦੀ ਸ਼ਰਨ ਨੂੰ ਪ੍ਰਾਪਤ ਹੋਏ ਹਨ ਉਨ੍ਹਾਂ ਦੀ ਹੀ ਨਿਰਮਲ ਸ਼ੋਭਾ ਹੁੰਦੀ ਹੈ। (ਇਸ ਲਈ) ਨਾਨਕ ਦੀ ਪ੍ਰਭੂ (ਪਾਸ ਇਹ) ਬੇਨਤੀ ਹੈ ਕਿ ਹੇ ਪ੍ਰਭੂ! (ਐਸੀ ਵਿਛੁੜੀ ਹੋਈ ਨੂੰ) ਮਿਲੋ (ਤੇ ਫੇਰ) ਪ੍ਰਾਪਤ ਹੋਏ ਰਹੋ। ਸੋ ਵੈਸਾਖ (ਦਾ ਮਹੀਨਾ) ਤਾਂ ਸੁਖਦਾਈ ਲੱਗੇ ਜੇ (ਪਹਿਲਾ) ਸਤਿ ਮਿਲੇ ਤੇ (ਫੇਰ) ਮਿਲ ਪਵੇ ਉਹ ਹਰੀ (ਹਰਿ ਅਵਿਨਾਸੀ ਓਹੁ)॥

**ਨਿਰੁਕਤ** - ਵਾਢੀਆ-ਵਾਂਢੇ ਗਈਆਂ ਹੋਈਆਂ, ਪਰਦੇਸਣਾਂ, ਵਿਛੁੜੀਆਂ ਹੋਈਆਂ, ਟੁੱਟੀਆਂ ਹੋਈਆਂ।

ਪ੍ਰੇਮ ਬਿਛੋਹੁ-ਪ੍ਰੇਮ ਦਾ ਵਿਛੋੜਾ। ਪ੍ਰੇਮ ਦਾ ਅਰਥ 'ਵਾਹਿਗੁਰੂ' ਲਾ ਕੇ ਬੀ ਅਰਥ ਕਰੀਦਾ ਹੈ।

ਧੋਹੁ - ਧੋਖੇ ਵਾਲੀ।

ਕਲਤ੍ਰ - ਇਸਤ੍ਰੀ।

ਪਲਚਿ-ਪਲਚਿ - ਫਸ ਫਸ ਕੇ।

ਦਯੁ - ਪਰਮੇਸ਼ੁਰ।

ਵਿਗੁਚਣਾ-ਵਿਗੋਚੇ ਵਿਚ ਆਉਣਾ, ਖੁਆਰ ਹੋਣਾ।

ਸੋਇ=ਸ਼ੋਭਾ।

ਪਰਾਪਤਿ - ਇਸ ਪਦ ਦਾ ਅਰਥ ਪ੍ਰਤਖ ਬੀ ਕਰਦੇ ਹਨ ਕਿ ਮੈਨੂੰ ਪ੍ਰਤੱਖ ਹੋ ਕੇ ਮਿਲੋ। ਹੇ ਪ੍ਰਭੂ ਮੈਨੂੰ ਮਿਲੋ ਜੋ ਮੈਂ 'ਆਪਤਿ' ਤੋਂ ਪਰੇ (ਹੋ ਜਾਵਾਂ) ਪਰ ਭਾਵ ਇਹ ਜਾਪਦਾ ਹੈ ਕਿ ਮਿਲ ਕੇ ਫੇਰ ਨਾ ਵਿਛੁੜਨ ਦੀ ਬੇਨਤੀ ਮੁਰਾਦ ਹੈ। 'ਪਰਾਪਤਿ ਹੋਇ' ਵਿਚ ਇਹ ਧੁਨੀ ਬੀ ਹੈ ਕਿ ਆਪ ਵਲ ਰੁਖ ਨਹੀਂ ਜਿਸ ਦਾ ਤੇ ਮੋਹ ਹੈ ਝੂਠੇ ਧੰਦਿਆਂ ਵਿਚ ਉਸ ਨੂੰ ਆਪ ਹੀ ਪ੍ਰਾਪਤ ਹੋ ਕੇ ਮਿਲੋ।

***********

# ਬਿਨੁ ਸਬਦੈ ਸਭੁ ਜਗੁ ਬਉਰਾਨਾ
# ਬਿਰਥਾ ਜਨਮੁ ਗਵਾਇਆ

## (ਫਰੀਦਾ ਬੁਰੇ ਦਾ ਭਲਾ ਕਰਿ.........॥)

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂਹਾਨੀ ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-31)*

ਸੋ ਮਹਾਰਾਜ ਕਹਿੰਦੇ ਇਹ ਜਿਹੜੀ ਮਾਇਆ ਹੈ ਇਹਦਾ ਜ਼ਬਰਦਸਤ ਅਸਰ ਹੈ ਬੰਦੇ ਦੇ ਉਤੇ।

*ਧਾਰਨਾ - ਇਸ ਮਾਇਆ ਮੋਹਣੀ ਮੋਹਣੀ ਨੇ।*
*ਵਿਣੁ ਦੰਤਾ ਜਗ ਖਾਇਆ।*

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ ॥*
*ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥*
*ਅੰਗ - ੬੪੪*

ਕਹਿੰਦੇ, ਗੁਰੂ ਨੇ ਦੇਖ ਲਿਆ ਕਿ ਸੰਸਾਰ ਕਮਲਾ ਹੋਇਆ ਫਿਰਦਾ ਹੈ। ਮਹਾਰਾਜ ਨੇ ਇਕ ਥਾਂ 'ਤੇ ਐਸਾ ਵੀ ਫੁਰਮਾਨ ਕੀਤਾ ਹੈ ਕਿ -

*ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥*
*ਅੰਗ - ੬੪੪*

ਹਲਕਿਆ ਹੋਇਆ ਸੰਸਾਰ ਤੁਰਿਆ ਫਿਰਦਾ ਹੈ। ਕੋਈ ਅਮਨ ਨਹੀਂ, ਕੋਈ ਚੈਨ ਨਹੀਂ, ਇਕ ਦੂਜੇ ਨਾਲ ਕੋਈ ਪਿਆਰ ਨਹੀਂ, ਸੋਝੀ ਨਹੀਂ ਹੈ। ਦੂਸਰੇ ਦਾ ਧਨ ਹਾਸਲ ਕਰਨ ਲਈ ਵੱਡੇ ਤੋਂ ਵੱਡਾ ਪਾਪ ਕਰਨ ਵਾਸਤੇ ਤਿਆਰ ਹੋ ਜਾਂਦਾ ਹੈ। ਕੋਈ ਮਾਣ ਮਰਿਆਦਾ ਨਹੀਂ ਹੈ। ਮਾਇਆ ਦਾ ਕੋਈ ਇਕ ਰੂਪ ਹੈ, ਬੇਅੰਤ ਰੂਪ ਨੇ। ਜਿੰਨੇ ਵੀ ਤੁਸੀਂ ਦੇਖਦੇ ਓਂ ਸਾਰੇ ਮਾਇਆ ਦੇ ਰੂਪ ਨੇ। ਕਿਤੇ ਪੁੱਤਰ ਹੋ ਕੇ ਮੋਹ ਰਹੀ ਹੈ ਮਾਇਆ, ਕਿਤੇ ਇਸਤ੍ਰੀ ਹੋ ਕੇ ਮੋਹ ਰਹੀ ਹੈ, ਕਿਤੇ ਪਰ-ਇਸਤ੍ਰੀ ਹੋ ਕੇ ਮੋਹ ਰਹੀ ਹੈ, ਕਿਤੇ ਪੈਸਾ ਟਕਾ ਹੋ ਕੇ ਮੋਂਹਦੀ ਹੈ। ਕਿਤੇ ਅਹੁਦੇ ਹੋ ਕੇ ਮੋਂਹਦੀ ਹੈ, ਕਿਸੇ ਥਾਂ ਵੱਡਾ-ਵੱਡਾ ਹੋਣ ਦੀ ਲਾਲਸਾ ਹੋ ਕੇ ਮੋਂਹਦੀ ਹੈ। ਜਿੰਨੇ ਜਜ਼ਬੇ ਸਾਡੇ ਅੰਦਰ ਪੈਦਾ ਕੀਤੇ ਨੇ ਪ੍ਰਮੇਸ਼ਰ ਨੇ ਉਹ ਸਾਰੇ ਜਜ਼ਬਿਆਂ ਦੇ ਨਾਲ ਮਾਇਆ ਮੋਹ ਰਹੀ ਹੈ। ਕਿਤੇ ਦੁਸ਼ਮਣ ਹੋ ਕੇ ਮੋਹ ਰਹੀ ਹੈ। ਕਿਸੇ ਥਾਂ ਦੇ ਉਤੇ ਕੋਈ ਭਾਵ ਹੈ, ਕਿਤੇ ਕੋਈ ਭਾਵ ਹੈ। ਮਹਾਰਾਜ ਕਹਿੰਦੇ, ਇਹ ਤਾਂ ਸਾਰਾ ਘੇਰ ਲਿਆ। ਬਹੁਤ ਵੱਡੀ ਸੱਪ ਦੇ ਨਾਲ ਤਰਜੀਹ ਦਿਤੀ ਹੈ -

*ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥*
*ਅੰਗ- ੧੪੧੫*

'ਭੁਇਅੰਗਮੁ' ਕਹਿੰਦੇ ਨੇ ਫਨਦਾਰ, ਬਹੁਤ ਤਾਕਤਵਾਰ ਸਰਪ। ਬਿਹੁ, ਜ਼ਹਿਰ ਹੈ ਇਹਦੇ ਅੰਦਰ। ਮੂੰਹ ਦੇ ਵਿਚੋਂ ਐਨੀ ਜ਼ਹਿਰ ਕੱਢਦਾ ਹੈ, ਉਹ ਐਨੀ ਫੈਲ ਗਈ ਕਿ ਸਾਰੇ ਸੰਸਾਰ ਨੂੰ ਉਹਨੇ ਘੇਰ ਲਿਆ। ਹੁਣ ਕਰਿਆ ਕੀ ਜਾਵੇ, ਐਸੇ ਸੰਸਾਰ ਦੇ ਵਿਚ ਆਪਾਂ ਵੀ ਵਸਦੇ ਹਾਂ। ਮਹਾਰਾਜ ਕਹਿੰਦੇ ਪਿਆਰਿਓ! ਇਕ ਅਸੀਂ ਤੁਹਾਨੂੰ ਵੱਟੀ ਦਿੰਦੇ ਹਾਂ। ਜਿਹਦੇ ਨਾਲ ਜ਼ਹਿਰ ਨਹੀਂ ਚੜ੍ਹਦੀ, ਜ਼ਹਿਰ ਉਤਰ ਜਾਂਦੀ ਹੈ। ਕਹਿੰਦੇ -

*ਬਿਖੁ ਕਾ ਮਾਰਣੁ ਹਰਿ ਨਾਮੁ ਹੈ*
*ਗੁਰ ਗਰੁੜ ਸਬਦੁ ਮੁਖਿ ਪਾਇ॥ ਅੰਗ - ੧੪੧੫*

ਜੇ ਨਾਮ ਮਿਲ ਜਾਵੇ ਤਾਂ ਬਿਹੁ ਮਰ ਜਾਂਦੀ ਹੈ। ਜਦੋਂ ਅਸੀਂ ਗੁਰੂ ਦੇ ਸ਼ਬਦ ਨੂੰ ਮੂੰਹ 'ਚ ਪਾ ਲਵਾਂਗੇ, ਗੁਰੂ ਤੋਂ ਸ਼ਬਦ ਲੈ ਕੇ ਜਿਸ ਵਕਤ ਸਾਡੇ ਮੁੱਖ ਦੇ ਅੰਦਰ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਹੋਣ ਲਗ ਜਾਏਗਾ, ਕਹਿੰਦੇ, ਫੇਰ ਮਾਇਆ ਜਿਹੜੀ ਹੈ ਮਰ ਜਾਂਦੀ ਹੈ। ਪਰ ਇਹ ਹਰੇਕ ਦੇ ਹਿੱਸੇ 'ਚ ਨਹੀਂ ਆਉਂਦਾ -

*ਜਿਨ ਕਉ ਪੂਰਬਿ ਲਿਖਿਆ*
*ਤਿਨ ਸਤਿਗੁਰੁ ਮਿਲਿਆ ਆਇ ॥ ਅੰਗ - ੧੪੧੫*

ਹਰੇਕ ਨੂੰ ਸਤਿਗੁਰੂ ਨਹੀਂ ਮਿਲਦਾ ਹੈ। ਜੇ ਕਹਿੰਦਾ ਹੈ ਕਿ ਜੀ ਅੰਮ੍ਰਿਤ ਛਕ ਲਿਆ ਮੈਂ। ਇਕੱਲਾ ਅੰਮ੍ਰਿਤ ਛਕਣ ਨਾਲ ਨਹੀਂ ਗੱਲ ਬਣਦੀ। ਅੰਮ੍ਰਿਤ ਛਕਣ ਵੇਲੇ ਪੰਜ ਪਿਆਰੇ ਇਕ ਸ਼ਬਦ ਦਿੰਦੇ ਨੇ, ਮੰਤ੍ਰ ਦਿੰਦੇ ਨੇ, ਉਸ ਮੰਤ੍ਰ ਦਾ ਜਿਹੜਾ ਜਾਪ ਹੈ ਉਹਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਹਉਮੈ ਨੂੰ ਖੋਈਦੈ, ਵਾਹਿਗੁਰੂ ਮੰਤ੍ਰ ਜਪੁ ਕੇ।*

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*
***ਭਾਈ ਗੁਰਦਾਸ ਜੀ***

ਇਹ ਮੰਤ੍ਰ ਪੰਜ ਪਿਆਰਿਆਂ ਨੇ ਦੇ ਦਿਤਾ। ਅਗਾਂਹਾਂ ਸ਼ਰਤ ਕੀ ਹੈ ਇਹਨੂੰ ਜਪੋ, ਇਹਨੂੰ ਕਮਾਓ, ਇਹਨੂੰ ਸਮਝਣ ਦਾ ਯਤਨ ਕਰੋ। ਇਹਨੂੰ ਹਿਰਦੇ 'ਚ ਵਸਾਓ, ਇਹਦੇ ਜ਼ਰੀਏ ਓਸ ਅੰਮ੍ਰਿਤ ਤਕ ਪਹੁੰਚੋ ਜਿਹੜਾ ਪ੍ਰਮੇਸ਼ਰ ਨੇ ਹਰੇਕ ਦੇ ਅੰਦਰ ਰੱਖਿਆ ਹੋਇਆ ਹੈ, ਜਿਹਨੂੰ ਅਸੀਂ ਅਸਲੀ ਮਾਅਨਿਆਂ 'ਚ ਅੰਮ੍ਰਿਤ ਕਹਿੰਦੇ ਹਾਂ। ਬਾਹਰਲਾ ਵੀ ਜ਼ਰੂਰੀ ਹੈ ਅੰਦਰਲਾ ਵੀ ਜ਼ਰੂਰੀ ਹੈ। ਬਾਹਰਲਾ ਕਿਉਂ ਜ਼ਰੂਰੀ ਹੈ। ਆਹ ਟਿਊਬਵੈਲ ਲਾਇਆ ਅਸੀਂ। 600 ਫੁੱਟ ਬੋਰ ਕਰਿਆ। ਪਾਣੀ ਬੇਅੰਤ ਇਹਦੇ ਅੰਦਰ। reflex wall ਫਿੱਟ ਕਰ ਦਿਤਾ। ਬੱਟਨ ਦੱਬ ਦਿਤਾ ਪਾਣੀ ਆ ਨਹੀਂ ਰਿਹਾ। ਮੋਟਰ ਵੀ ਚੱਲ ਰਹੀ ਹੈ, ਸਭ ਕੁਛ ਹੋ ਰਿਹਾ ਹੈ। ਕਾਰਨ ਕੀ ਹੈ ਕਿ reflex wall ਤੋਂ ਹੇਠਾਂ ਹਵਾ ਭਰੀ ਹੋਈ ਹੈ। ਉਹ ਹਵਾ ਬਾਹਰੋਂ ਪਾਣੀ ਪਾ ਕੇ ਨਿਕਲਦੀ ਹੈ। ਜਿਸ ਵਕਤ ਬਟਨ ਦੱਬਦੇ ਹਾਂ, ਉਹ ਸੂੱਟਾ ਮਾਰਦਾ ਹੈ ਜਿੰਨਾਂ ਪਾਣੀ ਪਾਇਆ ਬਾਹਰ ਆ ਜਾਂਦਾ ਹੈ ਓਨਾਂ ਹੀ

ਹੇਠਾਂ ਨਾਲ 'ਚੋਂ ਪਾਣੀ ਚੜ੍ਹ ਆਉਂਦਾ ਹੈ। ਉਸ ਤੋਂ ਬਾਅਦ ਜਦੋਂ ਪਾਣੀ reflex wall ਨਾਲ ਲਗ ਗਿਆ, ਫੇਰ ਬਟਨ ਦੱਬੋ ਉਸੇ ਵੇਲੇ ਪਾਣੀ ਚੱਲ ਪਏਗਾ। ਨਾ ਬਾਹਰਲਾ ਮੁੱਕੇ, ਨਾ ਅੰਦਰਲਾ ਮੁੱਕੇ। ਸੋ ਇਹ ਇਕ ਮਿਸਾਲ ਹੈ, ਸਾਡੇ ਅੰਦਰ ਹੈ ਅੰਮ੍ਰਿਤ। ਅਸੀਂ ਬੋਰ ਕਰਕੇ ਉਥੇ ਤੱਕ ਲੈ ਗਏ। ਹੁਣ ਉਹ ਜਿਹੜਾ ਅੰਮ੍ਰਿਤ ਹੈ ਉਹ ਬਾਹਰ ਕਿਵੇਂ ਆਵੇ? ਉਹ ਇਸੇ ਤਰ੍ਹਾਂ ਆਉਂਦਾ ਹੈ ਕਿ ਬਾਹਰੋਂ ਪੰਜ ਪਿਆਰੇ ਨਾਮ ਗੁਰੂ ਦਾ ਮੰਤ੍ਰ ਰੂਪ ਸ਼ਬਦ ਦਿੰਦੇ ਨੇ ਤੇ ਉਹ ਜਪਦਿਆਂ-ਜਪਦਿਆਂ ਹਉਮੈ ਦੀ ਹਵਾ ਜਦੋਂ ਨਿਕਲ ਜਾਂਦੀ ਹੈ ਤਾਂ ਅੰਮ੍ਰਿਤ ਤਕ ਰੁਸਵਾਈ ਹੋ ਜਾਂਦੀ ਹੈ। ਜਿਹੜੇ ਅੰਮ੍ਰਿਤ ਨੂੰ ਕਹਿੰਦੇ ਨੇ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - ੯੧੮*

ਦੇਵੀ ਦੇਵਤੇ, ਸਿੱਧ-ਸਾਧਕ ਸਾਰੇ ਇਸ ਅੰਮ੍ਰਿਤ ਨੂੰ ਖੋਜਦੇ ਨੇ ਪਰ ਇਹ ਮਿਲਿਆ ਨਹੀਂ। ਵੱਡੇ-ਵੱਡੇ ਬਾਦਸ਼ਾਹ ਵੀ ਇਹਨੂੰ ਖੋਜਦੇ ਰਹੇ ਨੇ। ਸਿਕੰਦਰ ਦੀ ਮਿਸਾਲ ਦਿੰਦੇ ਨੇ, ਕੋਹ-ਕਾਫ ਦੇ ਉਤੇ ਅੰਮ੍ਰਿਤ ਦੇ ਚਸ਼ਮੇ ਦਾ ਪਤਾ ਲਗ ਗਿਆ, ਪਰ ਪੀ ਨਾ ਸਕਿਆ। ਮਹਾਰਾਜ ਕਹਿੰਦੇ, ਕੋਹ-ਕਾਫ ਤੁਹਾਡੇ ਅੰਦਰ ਹੀ ਹੈ, ਬਾਹਰ ਨਹੀਂ ਹੈਗਾ, ਐਵੇਂ ਨਾ ਭੁਲੇਖਾ ਖਾਓ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥*
*ਅੰਗ - ੬੪੪*

ਜ਼ਹਿਰ ਇਕੱਠੀ ਕਰੀ ਜਾਂਦਾ ਹੈ, ਅੰਮ੍ਰਿਤ ਵਲ ਨੂੰ ਨਹੀਂ ਜਾਂਦਾ। ਅੰਮ੍ਰਿਤ ਦਾ ਚਸ਼ਮਾ ਤੁਹਾਡੇ ਅੰਦਰ ਲਬਾ-ਲਬ ਭਰਿਆ ਪਿਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - ੨੯੩*

ਉਹ ਕੋਹ-ਕਾਫ ਦੇ ਉਤੇ ਨਿਸ਼ਾਨੀ ਵੀ ਦੇ ਦਿਤੀ ਗੁਰੂ ਮਹਾਰਾਜ ਨੇ ਕਿ ਉਥੇ ਪੂਰਨ ਸ਼ਾਂਤੀ ਹੈ ਤੇ ਅਨੰਦ ਦੇ ਐਨੇ ਹੁਲਾਰੇ ਵਜਦੇ ਨੇ ਕਿ ਦੁਨੀਆਂ ਨੂੰ ਦੱਸਿਆ ਹੀ ਨਹੀਂ ਜਾ ਸਕਦਾ। ਰੰਗ ਚੜ੍ਹ ਜਾਂਦਾ ਹੈ, ਜਦੋਂ ਉਹ ਅੰਮ੍ਰਿਤ ਦੇ ਕੁੰਡ ਦੇ ਕੋਲ ਪਹੁੰਚਦਾ ਹੈ। ਸੋ ਕਹਿੰਦੇ ਇਹ ਜਿਹੜਾ ਅੰਮ੍ਰਿਤ ਹੈ ਇਸਨੂੰ ਨਾਮ ਕਹਿੰਦੇ ਨੇ।

*ਧਾਰਨਾ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ।*

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥* *ਅੰਗ - ੫੩੮*

ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਉਹਦੀ ਮਤ ਧਾਰਨ ਨਾਲ। ਪਰ ਗੁਰੂ ਮਿਲਦਾ ਕਿਵੇਂ ਹੈ -

*ਜਿਨ ਕਉ ਪੂਰਬਿ ਲਿਖਿਆ*
*ਤਿਨ ਸਤਿਗੁਰੁ ਮਿਲਿਆ ਆਇ॥*
*ਮਿਲਿ ਸਤਿਗੁਰ ਨਿਰਮਲੁ ਹੋਇਆ*
*ਬਿਖੁ ਹਉਮੈ ਗਇਆ ਬਿਲਾਇ ॥* *ਅੰਗ - ੧੪੧੫*

ਜਦੋਂ ਉਹ ਅੰਮ੍ਰਿਤ ਮਿਲ ਗਿਆ ਤਾਂ ਹਉਮੈ ਦੀ ਵਿਹੁ ਉਤਰ ਗਈ ਉਸੇ ਵੇਲੇ -

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ - ੫੩੮*

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਭਾਈ ਭਾਨਾ! ਇਹ ਜੋ ਮੈਲ ਲੱਗੀ ਹੋਈ ਹੈ ਮਾਇਆ ਦੀ, ਜਦੋਂ ਤਕ ਇਹ ਲਹਿੰਦੀ ਨਹੀਂ ਹੈ, ਓਨੀਂ ਦੇਰ ਤੱਕ ਕੋਈ ਗੱਲ ਨਹੀਂ ਬਣਿਆ ਕਰਦੀ। ਆਦਮੀ ਮਾਇਆ ਦੇ ਅਧੀਨ ਦੁਖੀ ਹੋ ਰਿਹਾ ਹੈ, ਸੁਖ ਨਹੀਂ ਆਇਆ ਕਰਦਾ, ਰੰਗ ਨਹੀਂ ਚੜ੍ਹਿਆ ਕਰਦਾ। ਰੰਗ ਤਾਂ ਚੜ੍ਹਦਾ ਹੈ ਜੇ ਮਾਇਆ ਤੋਂ ਉਤੇ ਹੋ ਜਾਏ। ਕਹਿਣ ਲੱਗਿਆ, ਫੇਰ ਮਹਾਰਾਜ ਮਾਇਆ ਮਾੜੀ ਹੋਈ? ਮਹਾਰਾਜ ਕਹਿੰਦੇ, ਨਹੀਂ, ਮਾਇਆ ਮਾੜੀ ਨਹੀਂ ਹੈ। ਮਾਇਆ ਦੀ ਕੁਵਰਤੋਂ ਮਾੜੀ ਹੈ। ਜਿਹੜਾ ਮਾਇਆ ਨੂੰ ਵਰਤਣ ਜਾਣਦਾ ਹੈ, ਉਹਦੇ ਵਾਸਤੇ ਨਹੀਂ। ਜਿਹੜਾ ਇਹਦੇ ਵਿਚ ਖਚਤ ਹੋ ਜਾਦਾ ਹੈ, ਉਹਨੂੰ ਤਾਂ ਇਹ ਸਵਾਦ ਦਿਖਾ ਦਿੰਦੀ ਹੈ। ਜਿਹੜਾ ਇਹਨੂੰ ਦਲ ਦਿੰਦਾ ਹੈ, ਪਿੱਠ ਕਰਦਾ ਹੈ ਇਹਦੇ ਵਲ ਉਹਦੇ ਪਿੱਛੇ-ਪਿੱਛੇ ਲੱਗੀ ਫਿਰਦੀ ਹੈ। ਐਸਾ ਫੁਰਮਾਨ ਹੈ -

*ਧਾਰਨਾ - ਦਾਸੀ ਹੋ ਕੇ ਕਾਰ ਕਮਾਵੇ,*
*ਮਾਇਆ ਸਾਧੂਆਂ ਦੀ।*

ਕਹਿਣ ਲੱਗੇ, ਇਹਨੇ ਸਾਰੀ ਦੁਨੀਆਂ ਜਿੱਤ ਲਈ -

ਮਾਇਆ ਨੇ ਵੱਡੇ-ਵੱਡੇ ਵਿਦਵਾਨ, ਵੱਡੇ-ਵੱਡੇ ਯੋਗੀ, ਵੱਡੇ-ਵੱਡੇ ਸਾਸ਼ਤਰਾਂ ਦੇ ਗਿਆਤਾ, ਵੱਡੇ-ਵੱਡੇ ਮੁਨੀ, ਤੀਨ ਦੇਵ, ਤੇਤੀ ਕਰੋੜ ਦੇਵਤਾ, ਬ੍ਰਹਮਾ, ਵਿਸ਼ਨੂੰ, ਮਹੇਸ਼ -

*ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ ॥*
*ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ॥*
*ਅੰਗ - ੪੯੯*

ਹੈਰਾਨ ਹੋ ਗਏ, ਮਾਇਆ ਦਾ ਬਲ ਦੇਖ ਕੇ।

*ਬਲਵੰਤਿ ਬਿਆਪਿ ਰਹੀ ਸਭ ਮਹੀ ॥*
*ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥ ੧ ॥*
*ਅੰਗ - ੪੯੯*

ਕੋਈ ਤਰੀਕਾ ਨਹੀਂ ਇਹਨੂੰ ਉਤਾਰਨ ਦਾ, ਸਿਰਫ ਜੇ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਇਹ ਲਹਿੰਦੀ ਹੈ, ਨਹੀਂ ਤਾਂ ਨਹੀਂ ਲਹਿੰਦੀ। ਇਹਨੇ ਸਭ ਥਾਂ ਧਰਮ ਦੇ ਜਿੱਤ ਲਏ, ਸਾਰੇ ਤੀਰਥ ਜਿੱਤ ਲਏ, ਸਾਰੇ ਮੰਦਰ ਜਿੱਤ ਲਏ, ਸਾਰੀਆਂ ਮਸਜਿਦਾਂ ਜਿੱਤ ਲਈਆਂ। ਹਰ ਥਾਂ ਇਹਦਾ ਹੀ ਬੋਲ-ਬਾਲਾ ਹੈ। ਆਪਣੇ ਏਜੰਟ ਇਹਨੇ ਧਰਮ ਅਸਥਾਨਾਂ 'ਤੇ ਲਿਆ ਕੇ ਖੜ੍ਹੇ ਕਰ ਦਿਤੇ-

*ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥*
*ਅੰਗ - ੪੯੯*

ਉਨ੍ਹਾਂ ਦੇ ਵਿਚ ਲਿਪਟੀ ਪਈ ਹੈ, ਸਾਰਿਆਂ ਦੇ ਉਤੇ ਅਸਰ ਪਾਇਆ ਪਿਆ ਹੈ -

*ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥*
*ਅੰਗ - ੪੯੯*

ਚਰਨਾਂ ਦੀ ਚੇਰੀ ਬਣ ਕੇ, ਚਰਨ ਫੜ ਕੇ ਕਹਿੰਦੀ ਮੇਰੇ ਤੋਂ ਕੰਮ ਲਓ। ਸਾਧੂ ਧੱਕੇ ਮਾਰਦੇ ਨੇ, ਇਹ ਬੇਨਤੀਆਂ ਕਰਦੀ ਹੈ। ਸੋ ਮਹਾਰਾਜ ਕਹਿਣ ਲੱਗੇ, ਪਿਆਰਿਆ! ਇਹ ਜਿਹੜਾ ਮਾਇਆ ਦਾ ਖੇਲ੍ਹ ਸੰਸਾਰ 'ਤੇ ਚੱਲ ਰਿਹਾ ਹੈ। ਇਹਨੂੰ ਸਮਝਣ ਦੀ ਲੋੜ ਹੈ। ਮਨ ਜਿਹੜਾ ਬੇਕਾਬੂ ਹੋਇਆ-ਹੋਇਆ ਹੈ। ਇਹਨੂੰ ਸੁਧਾਰਨ ਦੀ ਲੋੜ ਹੈ।

ਭਾਈ ਭਾਨਾ ਜੀ ਨੂੰ ਨਾਮ ਦੀ ਦਾਤ ਦਿਤੀ, ਸੋਝੀ ਦਿਤੀ। ਕਿਉਂਕਿ ਨਾਮ ਤਾਂ ਜਪਦੇ ਹਾਂ ਅਸੀਂ ਵੀ ਸਾਰੇ। ਵਾਹਿਗੁਰੂ-ਵਾਹਿਗੁਰੂ ਵੀ ਅਸੀਂ ਕਰਦੇ ਹਾਂ, ਮਹਾਰਾਜ ਕਹਿੰਦੇ, ਪਿਆਰਿਓ! ਇਹਦੇ ਵਿਚ ਸਮਝਣ ਵਾਲੀ ਗੱਲ ਹੈ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ - ੪੯੧*

ਰਾਮ-ਰਾਮ ਸਭ ਕਹਿੰਦੇ ਨੇ ਪਰ -

*ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥*
*ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ਅੰਗ - ੧੩੭੪*

ਰਾਮ ਤਾਂ ਕਹਿੰਦੇ, ਸਾਰੇ ਹੀ ਕਹਿੰਦੇ ਨੇ ਪਰ ਇਕ ਕਉਤਕਹਾਰ ਹੈ। ਕਹਿੰਦੇ, ਸਾਰੇ ਹੀ ਵਾਹਿਗੁਰੂ-ਵਾਹਿਗੁਰੂ ਨੇ। ਇਹ ਵਜ੍ਹਾ ਕੀ ਹੈ? ਉਹ ਕੀ ਹੈ ਕਿ ਜੁਗਤ ਨਹੀਂ ਆਉਂਦੀ, ਜੁਗਤ ਤੋਂ ਬਿਨਾਂ ਗੱਲ ਨਹੀਂ ਬਣਦੀ। ਵੀ.ਸੀ.ਆਰ ਹੁੰਦਾ ਹੈ ਇਹਦੀ ਇਕ ਤਾਰ ਵਿਗੜ ਜਾਵੇ। ਨਹੀਂ ਆਉਂਦੀ ਸ਼ਕਲ। ਟੈਲੀਵੀਜ਼ਨ ਦੇ ਵਿਚ ਇਕ ਤਾਰ ਗਲਤ ਹੋ ਜਾਵੇ, ਚੈਨਲ ਹੀ ਗਲਤ ਆ ਜਾਵੇ, ਆਉਂਦੀ ਹੀ ਨਹੀਂ ਤਸਵੀਰ। ਇਸੇ ਤਰ੍ਹਾਂ ਦੇ ਨਾਲ ਸਾਡੀ ਇਕ ਚੈਨਲ ਗਲਤ ਹੋ ਜਾਵੇ, ਉਹ ਨਹੀਂ ਆਇਆ ਕਰਦੀ। ਵਾਹਿਗੁਰੂ ਕਹਿਣਾ ਹੈ ਵਾਹਿਗੁਰੂ ਨੂੰ ਸਮਝ ਕੇ ਕਹੋ। ਉਹ ਹੈ ਕੀ? ਪਹਿਲਾਂ ਉਸ 'ਤੇ ਵਿਸ਼ਵਾਸ਼ ਲਿਆਓ। ਵਿਸ਼ਵਾਸ਼ ਤੋਂ ਬਗੈਰ ਕੀਹਨੂੰ ਵਾਹਿਗੁਰੂ ਕਹੋਂਗੇ? ਖਾਲੀ ਅਸਮਾਨ 'ਚ ਹਾਕਾਂ ਮਾਰੋਂਗੇ? ਜਦੋਂ ਤੱਕ ਉਹਦੀ ਹਸਤੀ ਦੇ ਉਤੇ ਯਕੀਨ ਨਹੀਂ ਆਉਂਦਾ, ਉਹਦਾ ਪਤਾ ਨਹੀਂ ਲਗਦਾ। ਉਹਦੀਆਂ (qualities) ਖੂਬੀਆਂ ਲਿਖੀਆਂ ਹੋਈਆਂ ਨੇ। ਜੋ ਮੂਲਮੰਤ੍ਰ ਹੈ ਉਹਦੇ ਵਿਚ

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧॥*

ਸਾਡੇ ਨਾਲ ਤਾਂ ਇਕ ਚੀਜ਼ ਸਬੰਧ ਰਖਦੀ ਹੈ ਬਈ ਉਹ ਇਹ ਹੈ ਕਿ ਉਹ ਕਰਤਾ ਹੈ। ਬਾਕੀ ਤਾਂ ਉਸ ਨਾਲ ਹੀ ਸਬੰਧ ਰਖਦੀਆਂ ਨੇ ਕਿ ਸਾਨੂੰ ਬਣਾਉਣ ਵਾਲਾ ਹੈ ਉਹ। ਸਾਡੇ ਨਾਲ ਇਕ ਸਾਂਝ ਪੈ ਗਈ ਉਹਦੀ। ਮਹਾਰਾਜ ਕਹਿੰਦੇ, ਐਨੀ ਕੁ ਸਾਂਝ ਜਿਹੜੀ ਹੈ ਇਹ ਪਤਲੀ ਜਿਹੀ ਹੈ। ਤੁਸੀਂ ਇਸ ਤੋਂ ਅੱਗੇ ਚੱਲੋ, ਉਹ ਨਿਰਾ ਹੀ ਪਿਆਰ ਦੀ ਮੂਰਤ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਉਹ ਸਤਿ ਹੈ, ਚੇਤਨ ਹੈ, ਨਿਰੀਓ ਹੀ ਉਹ ਹੋਸ਼ ਹੈ, ਉਹ ਨਿਰਾ ਹੀ ਪਿਆਰ ਹੈ, ਪ੍ਰਿਅ ਹੈ। ਪਿਆਰ ਨੂੰ ਅਸੀਂ ਜਾਣਦੇ ਹਾਂ। ਪਿਆਰ ਦੀ ਨਿਸ਼ਾਨੀ ਹੁੰਦੀ ਹੈ-'ਖਿੱਚ।' ਜਿਹਦੇ ਨਾਲ ਪਿਆਰ ਹੋਵੇ ਉਹਦੀ ਖਿੱਚ ਹਿਰਦੇ ਦੇ ਵਿਚ ਹਰ ਵਕਤ ਰਹਿੰਦੀ ਹੈ। ਉਹ ਖਿੱਚਦਾ ਹੈ ਜਿਹਦੇ ਨਾਲ ਪਿਆਰ ਹੋਵੇ। ਮਾਇਆ ਨਾਲ ਪਿਆਰ ਹੈ ਮਾਇਆ ਖਿੱਚੀ ਜਾਂਦੀ ਹੈ, ਅਹੁਦਿਆਂ ਨਾਲ ਪਿਆਰ ਹੈ ਉਹ ਖਿੱਚਦੇ ਨੇ, ਪੁੱਤਰਾਂ ਨਾਲ ਪਿਆਰ ਹੈ ਉਹ ਖਿੱਚਦੇ ਨੇ, ਪੈਸੇ ਨਾਲ ਪਿਆਰ ਹੈ ਉਹ ਖਿੱਚਦਾ ਹੈ, ਮਕਾਨਾਂ ਨਾਲ ਪਿਆਰ ਹੈ ਉਹ ਖਿੱਚਦੇ ਨੇ। ਜੇ ਵਾਹਿਗੁਰੂ ਨਾਲ ਪਿਆਰ ਹੈ ਤਾਂ ਵਾਹਿਗੁਰੂ ਦੀ ਖਿੱਚ ਸਾਡੇ ਹਿਰਦੇ 'ਚ ਪੈਂਦੀ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ*

ਹਰ ਵਕਤ ਖਿੱਚ ਪੈਂਦੀ ਹੈ। ਦੁਨੀਆਂ ਦੀਆਂ ਮਿਸਾਲਾਂ ਦੇਖ ਲਓ। ਕਿੱਡੀਆਂ-ਕਿੱਡੀਆਂ ਖਿੱਚਾਂ ਦੇ ਵਿਚ ਸੋਹਣੀ ਤੇ ਮਹੀਵਾਲ ਦਾ ਭਾਈ ਗੁਰਦਾਸ ਜੀ ਨੇ ਹਵਾਲਾ ਦਿਤਾ ਹੈ ਕਿ ਉਹ ਰਾਤ ਨੂੰ ਘੜੇ 'ਤੇ ਨਦੀ ਪਾਰ ਕਰਿਆ ਕਰਦੀ ਸੀ। ਉਸਦੀ ਨਣਦ ਨੇ ਜਦ ਦੇਖਿਆ ਕਿ ਇਹ ਹਟਦੀ ਨਹੀਂ ਤਾਂ ਉਹਨੇ ਕੱਚਾ ਘੜਾ ਉਥੇ ਰੱਖ ਦਿਤਾ। ਦਰਿਆ ਝਨਾਅ ਦੇ ਵਿਚ ਹੜ੍ਹ ਆਇਆ ਹੋਇਆ ਹੈ, ਪਾਣੀ ਕੰਢਿਆਂ ਤੋਂ ਉਪਰ ਦੀ ਹੋ ਕੇ ਚੱਲ ਰਿਹਾ ਹੈ। ਉਹ ਖਿੱਚ ਦੀ ਖਿੱਚੀ ਹੋਈ ਆ ਜਾਂਦੀ ਹੈ। ਉਥੇ ਆ ਕੇ ਘੜਾ ਚੁੱਕ ਲਿਆ। ਜਦੋਂ ਉਤੇ ਠੋਲ੍ਹਾ ਮਾਰਿਆ ਤਾਂ ਉਂਗਲੀ ਦੀ ਗੱਠ ਦਾ ਤਾਂ ਉਹਨੇ ਆਵਾਜ਼ ਨਾ ਕੀਤੀ। ਸਮਝ ਗਈ ਕਿ ਕੱਚਾ ਹੈ। ਲੇਕਿਨ ਇਕ ਪਾਸੇ ਖਿੱਚ ਹੈ, ਇਕ ਪਾਸੇ ਜ਼ਿੰਦਗੀ ਦਾ ਸਵਾਲ ਹੈ। ਖਤਰਾ ਬੜਾ ਜ਼ਬਰਦਸਤ ਹੋ ਗਿਆ। ਉਹਨੇ ਘੜਾ ਠੇਲ੍ਹ ਲਿਆ ਤੇ ਘੜਾ ਗਿੱਲਾ ਹੋ ਗਿਆ, ਗਿੱਲਾ ਹੋ ਕੇ ਪਾਣੀ ਵਿਚ ਖੁਰ ਗਿਆ ਤੇ ਅਖੀਰ ਉਹ ਰੁੜ੍ਹ ਗਈ, ਮਹੀਵਾਲ ਵੀ ਛਾਲ ਮਾਰੀ ਉਹ ਵੀ ਰੁੜ੍ਹ ਗਿਆ।

ਇਹ ਇਕ ਦੁਨੀਆਂਦਾਰੀ ਦਾ ਪਿਆਰ ਹੈ ਜੋ ਦਰਗਾਹ ਦੇ ਵਿਚ ਨਹੀਂ ਨਿਭਿਆ ਕਰਦਾ। ਸੰਸਾਰ ਦੇ ਵਿਚ ਇਹ ਖਤਮ ਹੋ ਜਾਇਆ ਕਰਦਾ ਹੈ। ਲੇਕਿਨ ਜੋ ਪ੍ਰਮੇਸ਼ਰ ਦਾ ਪਿਆਰ ਹੈ ਉਹ ਸਦਾ ਹੀ ਨਿਭਦਾ ਹੈ। ਉਹਦਾ ਰੂਪ ਹੀ ਪਿਆਰ ਹੈ, ਉਹਦੇ ਨਾਲ ਕੌਣ ਪਿਆਰ ਕਰਦਾ ਹੈ ਦੁਨੀਆਂ ਦੇ ਅੰਦਰ।

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ - ੬੭੬*

ਦਿਤੀਆਂ ਹੋਈਆਂ ਚੀਜ਼ਾਂ ਨੂੰ ਅਸੀਂ ਪਿਆਰ ਕਰਦੇ ਹਾਂ, ਉਹਦਾ ਸਾਡੇ ਮਨ 'ਚ ਕੋਈ ਪਿਆਰ ਨਹੀਂ ਹੈ। ਜਦੋਂ ਪਿਆਰ ਨਹੀਂ ਤਾਂ ਵਾਹਿਗੁਰੂ ਕੀਹਨੂੰ ਕਹੋਂਗੇ। ਮਹਾਰਾਜ

ਦੂਜੇ ਪਾਸੇ ਸਾਨੂੰ ਸਖਤ ਹਦਾਇਤ ਦਿੰਦੇ ਨੇ -

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

ਉਹ ਪਿਆਰ ਦੇ ਵਸ ਆਉਂਦਾ ਹੈ -

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥* ਅੰਗ - ੯੬੨

ਉਹ ਪਿਆਰ ਕਰਨ ਵਾਲਿਆਂ ਦੇ ਵਸ 'ਚ ਆਉਂਦਾ ਹੈ। ਨਾ ਦਾਨ ਦੇਣ ਵਾਲਿਆਂ ਦੇ ਆਉਂਦਾ ਹੈ, ਨਾ ਬਹੁਤਾ ਪੜ੍ਹਨ ਵਾਲਿਆਂ ਦੇ ਆਉਂਦਾ ਹੈ। ਚਾਰੇ ਵੇਦ ਪੜ੍ਹੀ ਜਾਓ, ਅਖੰਡਪਾਠ ਕਰੀ ਜਾਓ, ਨਹੀਂ ਵਸ ਆਉਂਦਾ। ਨਾ ਤੀਰਥਾਂ 'ਤੇ ਭਰਮਣ ਨਾਲ ਆਉਂਦਾ ਹੈ, ਨਾ ਧਰਤੀ 'ਤੇ ਐਵੇਂ ਘੁੰਮਣ ਨਾਲ ਵਸ ਵਿਚ ਆਉਂਦਾ ਹੈ। ਮਹਾਰਾਜ ਕਹਿੰਦੇ, ਐਵੇਂ ਥਕੇਵਾਂ ਪੱਲੇ ਪੈਂਦਾ ਹੈ -

*ਅੰਗਨਾ ਅਧੀਨ ਕਾਮ ਕ੍ਰੋਧ ਮਹਿ ਪ੍ਰਬੀਨ*
*ਏਕ ਗਿਆਨ ਕੇ ਬਿਹੀਨ ਛਨਿ ਕੈਸੇ ਕੈ ਤਰਤ ਹੈਂ।*

ਤੇਰੀ ਸੁਰਤੀ-ਬਿਰਤੀ ਤਾਂ ਮਾਇਆ ਨਾਲ, ਇਸਤ੍ਰੀਆਂ ਨਾਲ ਬਿੜੀ ਹੋਈ ਹੈ। ਬਾਲ-ਬੱਚਿਆਂ 'ਚੋਂ ਨਿਕਲਣ ਵਾਸਤੇ ਤਿਆਰ ਨਹੀਂ। ਕਹਿੰਦੇ, ਪਿਆਰਿਆ! ਰੱਬ ਦਾ ਤੈਨੂੰ ਗਿਆਨ ਨਹੀਂ, ਕਿਵੇਂ ਤਰ ਜਾਏਂਗਾ ਤੂੰ?

*ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ*
*ਪੂਦਨਾ ਸਦੀਵ ਤੁਹੀਂ ਤੁਹੀਂ ਉਚਰਤ ਹੈਂ।*

ਆਹ ਚਿੜੀ ਹੈ ਤੂੰਹੀ-ਤੂੰਹੀ ਕਰੀ ਜਾਂਦੀ ਹੈ। ਕੀ ਰੱਬ ਮਿਲ ਜਾਏਗਾ ਇਹਨੂੰ? ਇਹਨੂੰ ਤਾਂ ਪਤਾ ਹੀ ਨਹੀਂ ਰੱਬ ਕੀ ਹੈ। ਉਹ ਜੇ ਇਸੇ ਤਰ੍ਹਾਂ ਅਸੀਂ ਕਰੀ ਜਾਵਾਂਗੇ, ਮਹਾਰਾਜ ਕਹਿੰਦੇ ਪਛਾਣ ਪ੍ਰਮੇਸ਼ਰ ਨੂੰ, ਜਦੋਂ ਤੱਕ ਤੂੰ ਪਛਾਣਦਾ ਨਹੀਂ ਤੇਰਾ ਸਬੰਧ ਨਹੀਂ ਉਹਦੇ ਨਾਲ ਜੁੜਨਾ। ਪਛਾਣਨਾ ਕੀ ਹੈ? ਕਿ -

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*
ਅੰਗ - ੬੧੨

ਮੈਨੂੰ ਦੇਖਦਾ ਵੀ ਹੈ, ਮੇਰੀ ਗੱਲ ਸੁਣਦਾ ਵੀ ਹੈ। ਹੁਣ ਕਹਿੰਦੇ, ਮੂਰਖਤਾ ਨੂੰ ਛੱਡ ਕੇ ਤੂੰ ਉਹਨੂੰ ਹਜ਼ੂਰ ਜਾਣ ਜੋ ਕਿ ਮੇਰੇ ਅੰਗ-ਸੰਗ ਰਹਿੰਦਾ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥* ਅੰਗ - ੬੭੭

ਜਿਹੜਾ ਵਿਛੜਦਾ ਹੀ ਨਹੀਂ ਹੈ ਤੂੰ ਉਹਨੂੰ ਵਾਹਿਗੁਰੂ ਕਹਿ ਕੇ ਆਵਾਜ਼ ਮਾਰ, ਥੋੜ੍ਹੇ ਜਿਹੇ ਦਿਨਾਂ 'ਚ ਹੀ ਦੇਖ ਲਈਂ ਕੀ ਬਣਦਾ ਹੈ। ਨਹੀਂ ਤਾਂ ਭੋਰਿਆਂ 'ਚ ਬੈਠਾ ਰਹਿ, ਲਾਈ ਜਾਹ ਸਮਾਧੀਆਂ, ਬੋਲੀ ਜਾਹ ਜਿੰਨਾਂ ਚਿਰ ਬੋਲਣਾ ਹੈ, ਨਹੀਂ ਗੱਲ ਬਣਨੀ ਕਿਉਂਕਿ ਤੇਰੇ ਮੂਹਰੇ ਨਿਸ਼ਾਨਾ ਕੋਈ ਨਹੀਂ ਹੈ। ਜਦੋਂ ਤੱਕ ਨਿਸ਼ਾਨਾ ਨਹੀਂ ਹੈ, ਫੇਰ ਕੁਛ ਬਣਨਾ ਨਹੀਂ। ਹੁਣ ਇਹਦਾ ਕਰਿਆ ਕੀ ਜਾਵੇ। ਨਾ ਤਾਂ ਰੱਬ ਹੱਥ 'ਚ ਆਉਂਦਾ ਹੈ, ਨਾ ਦਿਸਦਾ ਹੈ। ਉਹਨੂੰ ਅਗੰਮ ਅਗੋਚਰ ਕਹਿੰਦੇ ਨੇ। ਕੋਈ ਹੱਲ ਨਹੀਂ ਹੈ ਇਹਦਾ? ਕਹਿੰਦੇ, ਹੱਲ ਤਾਂ ਹੈਗਾ ਪਿਆਰਿਆ! ਪਰ ਤੇਰੇ ਅੰਦਰ ਨਿਹਚਾ ਆਉਣਾ ਚਾਹੀਦਾ ਹੈ -

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨ ਭਾਈ।*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* ਅੰਗ - ੪੪੨

ਹੁਣ ਮਸਲਾ ਸਾਡਾ ਹੱਲ ਹੋ ਗਿਆ ਕਿ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ। ਉਹ ਨਿਰਗੁਣ ਹੈ ਇਹ ਸਰਗੁਣ ਹੈ। ਗੁਰੂ ਜਿਹੜਾ ਹੈ ਉਹ ਪ੍ਰਮੇਸ਼ਰ ਦੀ ਹੀ ਮੂਰਤ ਹੈ।

ਗੁਰੂ ਅੰਗਦ ਸਾਹਿਬ ਕਹਿਣ ਲੱਗੇ, ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨਾਲ ਨੌਂ ਖੰਡਾਂ, ਸੱਤਾਂ ਦੀਪਾਂ, ਜਿੱਥੇ ਤੱਕ ਸ੍ਰਿਸ਼ਟੀ ਸੀ, ਉਥੇ ਤੱਕ ਨਾਲ ਰਹੇ ਹੋ ਤੇ ਆਪ ਨੇ ਸਾਰੇ ਕੌਤਕ ਉਨ੍ਹਾਂ ਦੇ ਦੇਖੇ ਨੇ। ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਕਈ ਪ੍ਰੇਮੀਆਂ ਜਿਨ੍ਹਾਂ ਨੂੰ ਖੋਜੀ ਕਹਿੰਦੇ ਨੇ, ਨਵੀਨ ਖੋਜੀ, ਉਹ ਡਰ ਜਾਂਦੇ ਨੇ ਕਿ ਜੇ ਗੁਰੂ ਦੀ ਗੱਲ ਕਰੀ, ਉਥੇ ਕੁ ਤਕ ਹੀ ਕਰੀਏ ਜਿੱਥੇ ਕੁ ਤੱਕ ਦੁਨੀਆਂ ਮੰਨ ਜਾਵੇ ਤੇ ਜੇ ਅਸੀਂ ਗੁਰੂ ਨੂੰ ਬਹੁਤ ਉੱਚਾ ਕਰ ਦਿਤਾ, ਲੋਕਾਂ ਨੇ ਨਹੀਂ ਮੰਨਣਾ। ਜੇ ਅਸੀਂ ਕਹਿ ਦਿਤਾ ਕਿ ਗੁਰੂ ਸਾਹਿਬ ਸਾਰੇ ਯੂਰਪ ਵਿਚ ਵੀ ਗਏ ਨੇ, ਅਫਰੀਕਾ ਵਿਚ ਵੀ ਗਏ ਨੇ ਤਾਂ ਬੋਲੀ ਕਿਵੇਂ ਬੋਲਦੇ ਸੀ ਉਥੇ ਦੀ? ਚਲੋ, ਮੰਨ ਲਓ ਕਿ ਕਾਹਬਾ ਦੇ ਵਿਚ ਗਏ, ਉਥੇ ਬੋਲੀ ਅਰਬੀ ਬੋਲੀ ਉਨ੍ਹਾਂ ਨੇ। ਹੋ ਸਕਦਾ ਹੈ ਬਚਪਨ ਵਿਚ ਸਿੱਖ ਲਈ ਹੋਵੇ, ਸੂਫੀਆਂ ਦੇ, ਮੁਸਲਮਾਨਾਂ ਦੇ ਜਾਂਦੇ ਰਹੇ, ਉਥੋਂ ਕੋਈ ਅੱਖਰ ਸਿੱਖ ਲਏ ਹੋਣ। ਪਰ ਗੋਸ਼ਟ ਤਾਂ ਨਹੀਂ ਨਾ ਹੁੰਦੀ। ਗੋਸ਼ਟ ਤਾਂ, ਤਾਂ ਹੁੰਦੀ ਹੈ ਜੇ ਉਨ੍ਹਾਂ ਦੇ ਸਾਰੇ ਮਸਲੇ, ਉਨ੍ਹਾਂ ਤੋਂ ਵੀ ਉਪਰ ਦੀ ਹੋ ਕੇ ਬੋਲੇ ਜਾਣ, ਫੇਰ ਉਹ ਉਦਾਸੀਆਂ ਦੇ ਵਿਚ ਕਦੇ ਸਕੂਲ 'ਚ ਨਹੀਂ ਆਏ ਕਿ ਉਥੇ ਦਾਖਲ ਹੋ ਕੇ ਅਰਬੀ ਸਿੱਖੀ। ਉਥੋਂ ਵੀ ਤਾਸ਼ਕੰਦ ਤਕ ਗਏ ਉਥੇ ਕਿਹੜੀ ਬੋਲੀ ਸੀ, ਅਫਰੀਕਾ 'ਚ ਗਏ, ਉਥੇ ਕਿਹੜੀ ਬੋਲੀ ਸੀ।

ਭਾਈ ਗੁਰਦਾਸ ਜੀ, ਉਦੋਂ ਹੀ ਹੋਏ ਨੇ, ਬਹੁਤਾ ਚਿਰ ਬਾਅਦ 'ਚ ਨਹੀਂ ਹੋਏ। ਉਸ ਵੇਲੇ ਹੀ ਸਾਰੀਆਂ ਗੱਲਾਂ ਤਾਜ਼ੀਆਂ-ਤਾਜ਼ੀਆਂ ਸੀ, ਕੋਈ ਪੁਰਾਣੀਆਂ ਨਹੀਂ ਸੀ ਹੋਈਆਂ, ਕੋਈ ਮਿਲਾਵਟਾਂ ਨਹੀਂ ਸੀ ਹੋਈਆਂ, ਉਹ ਲਿਖਦੇ ਨੇ ਕਿ ਗੁਰੂ ਨਾਨਕ ਉਥੇ ਤੱਕ ਗਏ ਜਿੱਥੇ ਤੱਕ ਦੁਨੀਆਂ ਸੀ ਸਾਰੀ। ਬੋਲੀ ਕਿਵੇਂ ਬੋਲੀ?

ਇਥੇ ਵੇਦ ਭਾਰਤੀ ਜੀ ਆਏ ਸੀ, ਉਹ ਕਹਿਣ ਲੱਗੇ ਕਿ ਮੈਂ ਹਾਲੈਂਡ ਦੇ ਵਿਚ ਜਾ ਕੇ ਪੀਐਚ.ਡੀ ਕਰਨ ਲੱਗਿਆ ਤਾਂ ਉਹ ਮੈਨੂੰ ਕਹਿਣ ਲੱਗੇ ਕਿ ਤੂੰ ਪੜ੍ਹੀ ਹੀ ਨਹੀਂ ਹੈ ਡੱਚ ਭਾਸ਼ਾ, ਤੇ ਪੀਐਚ.ਡੀ ਕਿਵੇਂ ਕਰ ਲਵੇਂਗਾ। ਜਿਵੇਂ ਇਥੇ ਕੋਈ ਕਹੇ ਆ ਕੇ ਕਿ ਮੈਂ ਸੰਸਕ੍ਰਿਤ ਦੀ ਪੀਐਚ.ਡੀ ਕਰਨੀ ਹੈ। ਜਦ ਤੂੰ ਸੰਸਕ੍ਰਿਤ ਪੜ੍ਹੀ ਨਹੀਂ ਪੀਐਚ.ਡੀ ਕਿਵੇਂ ਕਰ ਲਏਂਗਾ? ਕਿਵੇਂ ਪੁਰਾਣੀਆਂ ਕਿਤਾਬਾਂ ਫਰੋਲ ਲਏਂਗਾ?

ਕਹਿੰਦੇ, ਮੈਂ ਕਿਹਾ ਕਿ ਸਾਨੂੰ ਯੋਗੀਆਂ ਨੂੰ ਬੋਲੀ ਬੋਲਣ ਬਾਰੇ ਕੋਈ ਮਸਲਾ ਨਹੀਂ ਹੁੰਦਾ। ਸਿਰਫ ਇਕ ਹਫਤਾ ਲਗਦਾ ਹੁੰਦਾ ਹੈ। ਇਕ ਹਫਤੇ ਬਾਅਦ ਤੁਹਾਨੂੰ ਬੋਲੀ ਸਾਰੀ ਸੁਣਾ ਦੇਵਾਂਗਾ। ਉਹ ਕਹਿੰਦੇ ਮੈਂ ਹਫਤਾ ਯੋਗ ਕਰਿਆ, ਯੋਗ ਹੈ ਇਕ ਸਰਬ ਵਿਦਿਆ ਯੋਗ। ਉਹ ਟਾਂਵੇਂ-ਟਾਂਵੇਂ ਬੰਦੇ ਨੇ, ਡਾ. ਸਵਾਮੀ ਰਾਮ ਜੀ ਦਸਦੇ ਸੀ ਕਿ ਭਾਰਤ ਵਿਚ ਸਿਰਫ 10 ਬੰਦੇ ਨੇ ਜਿਹੜੇ ਇਸ ਯੋਗ ਨੂੰ ਜਾਣਦੇ ਨੇ। ਅਸੀਂ ਤਾਂ ਇਨ੍ਹਾਂ ਚੀਜ਼ਾਂ ਦੀ ਮਿਹਨਤ ਹੀ ਨਹੀਂ ਕਰਦੇ, ਨਾ ਸਾਨੂੰ ਪਤਾ ਹੈ। ਅਸੀਂ ਤਾਂ ਕਹਿ ਦਿੰਦੇ ਹਾਂ ਕਿ ਗਪੌੜ (ਫਜ਼ੂਲ) ਹੈ ਇਹ। ਇਹਦੇ ਨਾਲ ਸਾਡਾ ਮਨ ਜਿਹੜਾ ਹੈ ਉਹ ਸੰਤੁਸ਼ਟ ਹੋ ਜਾਂਦਾ ਹੈ। ਪਰ ਜਦ ਗੱਲ ਸਾਡੇ ਸਾਮ੍ਹਣੇ ਆਉਂਦੀ ਹੈ, ਫੇਰ ਅਸੀਂ ਚੁੱਪ ਕਰ ਜਾਂਦੇ ਹਾਂ। ਨਾ ਸਮਝਣ ਕਰਕੇ ਅਸੀਂ ਉਸ ਬਾਰੇ ਕੋਈ ਸਪਸ਼ਟੀਕਰਨ ਨਹੀਂ ਦੇ ਸਕਦੇ।

ਡਾ. ਵੇਦ ਭਾਰਤੀ ਜੀ ਕਹਿਣ ਲੱਗੇ ਕਿ ਹਫਤਾ ਮੈਂ ਸਾਧਨਾ ਕਰਕੇ ਜਦੋਂ ਦੁਬਾਰਾ ਗਿਆ ਉਥੇ, ਉਹ ਕਹਿੰਦੇ, ਤੁਸੀਂ ਤਾਂ ਬਹੁਤ ਅੱਛੀ ਤਰ੍ਹਾਂ ਨਾਲ ਸਾਡੀ ਭਾਸ਼ਾ ਜਾਣਦੇ ਹੋ। ਕਹਿੰਦੇ, ਮੈਂ ਪਹਿਲਾਂ ਨਹੀਂ ਸੀ ਜਾਣਦਾ, ਹੁਣੇ ਜਾਣਿਆ। ਉਹ ਜੇ ਸਾਰੀਆਂ ਬੋਲੀਆਂ ਬੋਲਣ ਨੂੰ ਸਮਰੱਥ ਹੋ ਸਕਦੇ ਨੇ ਫੇਰ ਗੁਰੂ ਨਾਨਕ ਸਾਹਿਬ ਨੂੰ ਅਸੀਂ ਬਿਲਕੁਲ ਹੀ ਨਹੀਂ ਮੰਨਦੇ, ਕਿੱਡੀ ਵੱਡੀ ਭੁੱਲ ਹੈ ਸਾਡੇ ਵਿਚ, ਹਾਲਾਂਕਿ ਗੁਰੂ ਨਾਨਕ ਪਾਤਸ਼ਾਹ ਨੂੰ ਅਕਾਲ ਪੁਰਖ ਨੇ ਕਿਹਾ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਗੁਰੂ ਪ੍ਰਮੇਸ਼ਰ, ਮੇਰਾ ਰੂਪ ਹੈਂ, ਗੁਰੂ ਹੈਂ, ਸੰਸਾਰ ਦਾ ਉਧਾਰ ਕਰਨ ਵਾਲਾ ਤੂੰਹੀਂ ਹੈ ਹੈ।

ਸੋ ਗੁਰੂ ਅੰਗਦ ਦੇਵ ਜੀ ਕਹਿਣ ਲੱਗੇ, ਉਨ੍ਹਾਂ ਨੂੰ ਤੁਸੀਂ ਕੀ ਜਾਣਿਆ?

ਭਾਈ ਬਾਲਾ ਜੀ ਕਹਿਣ ਲੱਗੇ, ਮਹਾਰਾਜ! ਉਹ ਤਾਂ ਪੂਰਨ ਸੰਤ ਸੀ।

ਆਪ ਨੇ ਕਿਹਾ ਕਿ ਚੰਗਾ ਭਾਈ, ਤੂੰ ਸੰਤ ਹੋਇਆ।

ਬਾਬਾ ਬੁੱਢਾ ਜੀ ਤੁਸੀਂ ਵੀ ਅੱਠ ਸਾਲ ਦੀ ਉਮਰ 'ਚ ਆ ਗਏ ਸੀ, ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਜਾਣਿਆ?

ਕਹਿੰਦੇ, ਮਹਾਰਾਜ ਪੂਰਨ ਬ੍ਰਹਮਗਿਆਨੀ ਸੀ।

ਕਹਿੰਦੇ, ਤੁਸੀਂ ਬ੍ਰਹਮਗਿਆਨੀ ਹੋਏ।

ਬਾਕੀਆਂ ਨੂੰ ਪੁੱਛਿਆ, ਆਪਣਾ-ਆਪਣਾ ਨੇਸ਼ਟਾ ਸਾਰਿਆਂ ਨੇ ਕਿਹਾ। ਅਖੀਰ ਸਾਰਿਆਂ ਨੇ ਪੁੱਛਿਆ ਕਿ ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਿਆ? ਉਸ ਵੇਲੇ ਆਪ ਗੰਭੀਰ ਹੋ ਗਏ, ਨੇਤਰਾਂ ਦੇ ਕੋਇਆਂ 'ਚੋਂ ਦੋ ਕਤਰੇ ਹੇਠਾਂ ਨੂੰ ਵਗ ਪਏ। ਥੋੜ੍ਹੀ ਦੇਰ ਤੋਂ ਬਾਅਦ ਸਾਵਧਾਨ ਹੋ ਕੇ ਆਪ ਕਹਿਣ ਲੱਗੇ, ਪਿਆਰਿਓ! ਕਰੋੜਾਂ ਬ੍ਰਹਿਮੰਡਾਂ ਦਾ ਮਾਲਕ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ - ੧੩੯੫*

ਗੁਰੂ ਦਾ ਰੂਪ ਹੋ ਕੇ ਪ੍ਰਗਟ ਹੋਇਆ। ਨਿਰੰਕਾਰ ਆਪ ਹੀ ਗੁਰੂ ਬਣ ਕੇ, ਗੁਰੂ ਜੋਤੀ ਸੀ ਨਿਰੰਕਾਰ। ਐਨੀ ਜਦ ਗੱਲ ਕਹੀ, ਸਾਰਿਆਂ ਨੇ ਨੇਤਰ ਬੰਦ ਕਰ ਲਏ, ਅਖੀਰ ਕਹਿਣ ਲੱਗੇ, ਪਾਤਸ਼ਾਹ! ਤੁਸੀਂ ਐਡੇ ਉੱਚੇ ਨਿਸ਼ਚੇ ਕਰਕੇ ਤਾਂਹੀ ਪ੍ਰਮੇਸ਼ਰ ਬਣ ਗਏ। ਸੋ ਇਹ ਨਿਸ਼ਚਾ ਹੈ, ਵਾਹਿਗੁਰੂ ਤਾਂ ਸਾਡੇ ਧਿਆਨ ਵਿਚ ਨਹੀਂ ਆਉਂਦਾ। ਗੁਰੂ ਤਾਂ ਧਿਆਨ 'ਚ ਆਉਂਦਾ ਹੈ। ਉਨ੍ਹਾਂ ਨੇ ਇਥੇ ਆ ਕੇ ਬਹੁਤ ਕੌਤਕ ਕੀਤੇ ਨੇ, ਪਿਆਰ ਕੀਤੇ ਨੇ, ਗੱਲਾਂ ਕੀਤੀਆਂ ਨੇ, ਬਾਣੀ ਰਚੀ ਹੈ, ਬਾਣੀ ਵਿਚੋਂ ਉਨ੍ਹਾਂ ਦਾ ਸੁਭਾਅ ਜਾਣ ਜਾਂਦੇ ਹਾਂ ਕਿ ਉਹ ਪਿਆਰ ਕਰਨ ਵਾਲੇ ਨੇ। ਭੁੱਲਾਂ ਬਖਸ਼ਣ ਵਾਲੇ ਨੇ। ਕੌੜਾ ਬੋਲਦੇ ਨਹੀਂ -

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥*
*ਅੰਗ - ੭੮੪*

ਕੌੜਾ ਜਾਣਦਾ ਹੀ ਨਹੀਂ ਉਹ ਬੋਲਣਾ। ਕਿਸੇ ਨੂੰ ਕੁਛ ਕਹਿਣ ਜਾਣਦਾ ਹੀ ਨਹੀਂ, ਵੱਡੇ ਤੋਂ ਵੱਡਾ ਪਾਪੀ ਵੀ ਜਦੋਂ ਆ ਜਾਂਦਾ ਹੈ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ - ੫੪੪*

ਉਹ ਵੀ ਦੀਵਾਰ ਟੁੱਟ ਜਾਂਦੀ ਹੈ ਕਿ ਮੈਂ ਪਾਪੀ ਹਾਂ, ਸੱਚੇ ਪਾਤਸ਼ਾਹ ਮੈਂ ਪਾਪੀ ਹਾਂ। ਇਹ ਤਾਂ ਇਕ ਵੱਡੀ ਦੀਵਾਰ ਹੈ, ਜਦ ਹੁਣ ਤੇਰੀ ਚਰਨ ਸ਼ਰਨ ਆ ਗਿਆ, ਹੁਣ ਤਾਂ ਮੈਂ ਤੇਰਾ ਹੀ ਹਾਂ। ਤੇਰੇ ਚਰਨਾਂ 'ਚ ਆ ਕੇ ਹੁਣ ਕਿਹੜਾ ਪਾਪ ਰਹਿ ਗਿਆ। ਪਾਪਾਂ ਨੇ ਮੇਰੇ ਨਾਲ ਕਿੱਥੇ ਰਹਿਣਾ ਹੈ, ਤੇਰੀ ਸ਼ਰਨ 'ਚ ਆ ਕੇ ਨੱਠ ਗਏ ਸਾਰੇ ਪਾਪ।

ਸੋ ਇਸ ਤਰ੍ਹਾਂ ਦੀ ਮਨੋਬਿਰਤੀ ਜਦੋਂ ਅਸੀਂ ਬਣਾਉਂਦੇ ਹਾਂ - ***'ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥'*** ਅਸੀਂ ਫੇਰ ਜਦੋਂ ਨਾਮ ਜਪਦੇ ਹਾਂ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ, ਸਾਕਾਰ ਰੂਪ ਗੁਰੂ ਹੈ। ਜਦੋਂ advanced (ਉਚੇਰੀ) ਸਾਡੀ ਸੁਰਤੀ ਪਹੁੰਚ ਜਾਏਗੀ, ਸਾਡੇ ਅੰਦਰ ਆਤਮ ਵਿਸ਼ੈਣੀ ਬੁੱਧੀ ਪ੍ਰਗਟ ਹੋ ਜਾਏਗੀ। ਫੇਰ ਇਹ ਜਿਹੜੀ ਬੁੱਧੀ ਹੈ ਇਹਨੂੰ ਅਸੀਂ surpass (ਪਾਰ) ਕਰ ਲਵਾਂਗੇ। ਉਸ ਵੇਲੇ ਗੁਰੂ ਦਾ ਜੋ ਅਸਲੀ ਨਿਰਗੁਣ ਸਰੂਪ ਹੈ, ਆਪਣੇ ਆਪ ਹੀ ਬਿਰਤੀ ਉਥੇ ਚਲੀ ਜਾਂਦੀ ਹੈ। ਲੇਕਿਨ ਉਥੇ ਤਕ ਲਿਜਾਣ ਵਾਸਤੇ ਜੋ ਸਾਧਨ ਗੁਰੂ ਮਹਾਰਾਜ ਨੇ ਦੱਸੇ ਨੇ ਕਿ ਨਾਮ ਜਪਣਾ, ਰਸਨਾ ਦੇ ਨਾਲ ਨਾਮ ਜਪਣਾ, ਸਵਾਸ ਦੇ ਨਾਲ ਜਪਣਾ, ਮਧਮਾ ਬਾਣੀ 'ਚ ਜਪਣਾ, ਪਸੰਤੀ ਬਾਣੀ 'ਚ ਜਪਣਾ, ਪਰਾ ਬਾਣੀ 'ਚ ਜਪਣਾ ਤੇ ਇਨ੍ਹਾਂ ਸਾਰਿਆਂ ਦੇ ਵਿਚੋਂ ਸਹਾਇਤਾ ਦੇਣ ਵਾਲੀ ਇਕ ਕਿਰਿਆ ਜਿਸ ਦੇ ਬਾਰੇ ਐਸਾ ਬਿਆਨ ਕੀਤਾ ਹੈ -

*ਧਾਰਨਾ - ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*

*ਗੁਰ ਕੇ ਚਰਨ ਰਿਦੈ ਲੈ ਧਾਰਉ ॥*
*ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥* *ਅੰਗ - ੮੬੪*

ਜਦੋਂ ਗੁਰੂ ਦਾ ਵਜੂਦ ਅਸੀਂ ਅੰਦਰ ਲੈ ਆਉਂਦੇ ਹਾਂ ਤੇ ਉਸ ਵੇਲੇ ਪਵਿੱਤਰ ਵਜੂਦ ਸਾਰੇ ਬਾਕੀ ਦੇ ਵਜੂਦਾਂ ਨੂੰ ਕੱਢ ਦਿੰਦਾ ਹੈ ਅੰਦਰੋਂ। ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਇਹ ਤਾਂ ਬੁੱਤ ਪ੍ਰਸਤੀ ਹੈ। ਬੁੱਤਾਂ ਨੂੰ ਤਾਂ ਅਸੀਂ ਮੰਨਦੇ ਹੀ ਹਾਂ, ਮਾਇਆ ਕੀ ਹੈ ਬੁੱਤ ਹੈ, ਪੁੱਤਰ ਬੁੱਤ ਹੈ ਜੋ ਕੁਛ ਅਸੀਂ ਕਰਦੇ ਹਾਂ ਸਾਰਾ ਦਿਨ ਬੁੱਤ ਪ੍ਰਸਤੀ ਕਰਦੇ ਹਾਂ। ਗੁਰੂ ਦਾ ਸਰੀਰ ਬੁੱਤ ਨਹੀਂ, ਉਹ ਤਾਂ ਮਹਾਂ ਪਵਿੱਤਰ ਹਸਤੀ ਹੈ ਰੋਸ਼ਨੀ ਦੀ ਬਣੀ ਹੋਈ, ਨਿਰੇ ਗਿਆਨ ਦੀ ਬਣੀ ਹੋਈ। ਉਹ ਐਨੀ ਪਵਿੱਤਰ ਹੈ ਜਿੱਥੇ ਉਹ ਚਰਨ ਵੀ ਰੱਖ ਦੇਵੇ ਓਹੀ ਥਾਂ ਪੂਜਣ ਯੋਗ ਹੋ ਜਾਂਦਾ ਹੈ। ਉਹਨੂੰ ਬੁੱਤ ਕੌਣ ਕਹਿੰਦਾ ਹੈ, ਉਹ ਤਾਂ ਗੁਰੂ ਸਦਾ-ਸਦਾ ਜਾਗਦਾ ਹੈ -

*ਸਤਿਗੁਰੁ ਜਾਗਤਾ ਹੈ ਦੇਉ ॥* *ਅੰਗ - ੪੭੯*

ਕਿਤੇ ਅਲੋਪ ਹੁੰਦਾ ਹੈ ਗੁਰੂ। ਇਤਿਹਾਸ ਦੇ ਵਿਚ ਬੇਅੰਤ ਮਿਸਾਲਾਂ ਆਉਂਦੀਆਂ ਨੇ, ਦੇਵੀਦਾਸ ਨੇ ਧਿਆਨ ਧਰਿਆ ਗੁਰੂ ਦਾ, ਅੱਖਾਂ ਦੇ ਵਿਚ ਗਰਮ ਸਿਲਾਈਆਂ ਫਿਰੀਆਂ, ਧਿਆਨ ਧਰਿਆ ਹੋਇਆ ਸੀ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਦਾ। ਜਿਸ ਵਕਤ ਅੱਖਾਂ ਅੰਨ੍ਹੀਆਂ ਨਾ ਹੋਈਆਂ, ਉਥੇ ਮਹਾਰਾਜ ਕੋਲ ਆ ਗਿਆ ਆ ਕੇ ਪਤਾ ਲੱਗਿਆ ਕਿ ਮਹਾਰਾਜ ਦੇ ਚਰਨਾਂ 'ਚ ਕੋਈ ਅਕਾਰਨ ਜ਼ਖਮ ਹੋ ਗਏ। ਪੱਟੀਆਂ ਬੰਨ੍ਹੀਆਂ ਹੋਈਆਂ ਨੇ। ਜਾ ਕੇ ਨਮਸ਼ਕਾਰ ਕਰਦਾ ਹੈ, ਪੁੱਛਦਾ ਹੈ ਕਿ ਪਾਤਸ਼ਾਹ! ਇਹ ਕੀ ਹੋਇਆ? ਆਪ ਨੇ ਫੁਰਮਾਇਆ ਕਿ ਪ੍ਰੇਮੀਆ! ਕਿਸੇ ਪ੍ਰੇਮੀ ਦੇ ਅੱਖਾਂ ਦੇ ਅੰਦਰ ਗਰਮ ਸਿਲਾਈਆਂ ਫਿਰਦੀਆਂ ਸੀ, ਉਸ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ।

ਹੁਣ ਇਸ ਤੋਂ ਜ਼ਿਆਦਾ ਕੀ ਹੋਏਗੀ ਗੱਲ।

ਗੁਰੂ ਛੇਵੇਂ ਪਾਤਸ਼ਾਹ ਲਹਿਰੇਗਾਗੇ ਬੈਠੇ ਨੇ, ਪੱਟੀ ਦੇ ਵਿਚੋਂ ਦੁਸ਼ਾਲੇ ਲੈ ਕੇ ਜਿਸ ਵਕਤ ਨਿਕਲ ਰਿਹਾ ਹੈ ਭਾਈ ਬਿਧੀ ਚੰਦ, ਭੱਠ ਵਿਚ ਛਾਲ ਮਾਰੀ ਉਹਨੇ। ਇਧਰ ਗੁਰੂ ਮਹਾਰਾਜ ਕਹਿੰਦੇ ਕਿ ਭਾਈ, ਜਲਦੀ ਲਿਆਓ ਮਸ਼ਕਾਂ ਪਾਣੀ ਦੀਆਂ ਭਰ ਕੇ, ਉਤੇ ਪੁਆਈ ਜਾਂਦੇ ਨੇ। ਉਹ ਠੰਡਾ ਤੇ ਇੱਧਰ ਤੱਤਾ।

ਸਵਾਮੀ ਵਿਵੇਕਾਨੰਦ ਇਕ ਦਰਿਆ ਦੇ ਕੰਢੇ ਬੈਠੇ ਨੇ। ਇਕ ਧੋਬੀ ਉਥੇ ਕੱਪੜੇ ਧੋਂਦਾ ਹੈ, ਉਹਦਾ ਧਿਆਨ ਐਨਾ ਵਿਵੇਕਾਨੰਦ 'ਚ ਆ ਗਿਆ, ਆਪਣੇ ਆਪ ਨੂੰ ਭੁੱਲ ਗਿਆ। ਐਨੇ ਨੂੰ ਉਹਦਾ ਕੋਈ ਦੁਸ਼ਮਣ ਆਇਆ, ਬੇ ਧਿਆਨਾ ਦੇਖ ਕੇ ਸੋਟੀਆਂ ਮਰਨ ਲਗ ਗਿਆ। ਸਵਾਮੀ ਜੀ ਦੌੜੇ ਹੀ ਗਏ, ਕਹਿੰਦੇ ਓਏ ਨਾ ਮਾਰ-ਨਾ ਮਾਰ।

ਕਹਿੰਦਾ, ਤੈਨੂੰ ਕੀ ਦੁਖ ਹੁੰਦਾ ਹੈ?

ਕਹਿੰਦੇ, ਮੇਰੀ ਪਿੱਠ ਤੋਂ ਕੱਪੜਾ ਚੁੱਕ ਕੇ ਦੇਖ।

ਜਦੋਂ ਕੱਪੜਾ ਚੁੱਕਿਆ ਤਾਂ ਸਾਰੀਆਂ ਸੋਟੀਆਂ ਦੇ ਨਿਸ਼ਾਨ ਉਨ੍ਹਾਂ ਦੀ ਪਿੱਠ 'ਤੇ ਪਏ ਹੋਏ ਨੇ।

ਸੋ ਸਾਧਸੰਗਤ ਜੀ! ਧਿਆਨ ਐਵੇਂ ਹੀ ਨਹੀਂ ਹੁੰਦਾ। ਕੱਛੂ ਅੰਡੇ ਦਿੰਦੀ ਹੈ ਬਾਹਰ, ਧਿਆਨ ਦੇ ਨਾਲ ਪਾਲ ਲੈਂਦੀ ਹੈ। ਸੋ ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ।

ਭਾਈ ਗੋਂਦੇ ਨੇ ਗੁਰੂ ਸੱਤਵੇਂ ਪਾਤਸ਼ਾਹ ਦੇ ਚਰਨਾਂ ਨੂੰ ਜੱਫਾ ਪਾ ਲਿਆ, ਮਹਾਰਾਜ ਚਾਰ ਵਜੇ ਤੱਕ ਬੈਠੇ ਰਹੇ।

ਸਿੱਖਾਂ ਨੇ ਪੁੱਛਿਆ, ਪਾਤਸ਼ਾਹ! ਅੱਜ ਆਪ ਉਠੇ ਨਹੀਂ, ਸਾਵਧਾਨ ਨਹੀਂ ਹੋਏ। ਕਹਿੰਦੇ, ਭਾਈ! ਕਾਬਲ ਦੇ ਅੰਦਰ ਭਾਈ ਗੋਂਦਾ ਅੱਜ ਨਦੀ ਦੇ ਕਿਨਾਰੇ ਬੈਠਾ, ਸਾਡੇ ਚਰਨਾਂ ਨੂੰ ਜੱਫਾ ਮਾਰ ਬੈਠਿਆ, ਇਕ ਰਸ ਸਮਾਧੀ ਲਾ ਕੇ। ਹੁਣ ਜੇ ਅਸੀਂ ਚਰਨ ਹਿਲਾਉਂਦੇ ਹਾਂ, ਤਾਂ ਉਹਦੀ ਸਮਾਧੀ ਟੁੱਟਦੀ ਹੈ। ਇਸ ਕਰਕੇ ਅਸੀਂ ਸਿੱਖ ਦੇ ਪਿਆਰ ਦੇ ਬੰਨ੍ਹੇ ਹੋਏ ਉਵੇਂ ਜਿਵੇਂ ਬੈਠੇ ਰਹੇ।

ਧਿਆਨ ਤਿੰਨ ਤਰ੍ਹਾਂ ਦੇ ਹੋਇਆ ਕਰਦੇ ਨੇ ਇਕ ਸੰਪਤ ਧਿਆਨ, ਦੂਜਾ ਪ੍ਰਤੀਕ ਧਿਆਨ, ਤੀਜਾ ਅਹੰਗ੍ਰਹਿ ਧਿਆਨ।

ਜਿਹੜੇ ਲੋਕ ਇਸ ਨੂੰ ਬੁੱਤ ਪ੍ਰਸਤੀ ਕਹਿੰਦੇ ਨੇ, ਉਨ੍ਹਾਂ ਨੂੰ ਪਤਾ ਨਹੀਂ ਹੈ। ਪੁੱਛ ਲੈਣ ਸਾਧੂਆਂ, ਸੰਤਾਂ ਨੂੰ ਕਿ ਧਿਆਨ ਕੀ ਹੁੰਦਾ ਹੈ। ਧਿਆਨ ਜਿਹੋ ਜਿਹੀ ਬੁੱਧੀ ਉਹੋ ਜਿਹਾ ਹੀ ਧਿਆਨ ਹੈ। ਸ਼ਬਦ ਦਾ ਵੀ ਧਿਆਨ ਹੁੰਦਾ ਹੈ, ਸਾਊਂਡ ਦਾ, ਜੋਤੀ ਦਾ ਵੀ ਧਿਆਨ ਹੁੰਦਾ ਹੈ, ਪਰ ਗੁਰੂ ਦਾ ਵੀ ਧਿਆਨ ਹੁੰਦਾ ਹੈ। ਇਹ ਸਾਨੂੰ ਛੇਤੀ ਦੇ ਕੇ ਵਾਹਿਗੁਰੂ ਦੇ ਨਾਲ ਨੇੜਤਾ ਪੁਆ ਦਿੰਦਾ ਹੈ ਪਰ ਗੁਰੂ ਛੇਵੇਂ ਪਾਤਸ਼ਾਹ ਦਾ ਧਿਆਨ ਤਾਂ ਕਿੱਡਾ ਵੱਡਾ ਧਿਆਨ ਹੈ।

ਸੋ ਆਪ ਅੰਮ੍ਰਿਤ ਵੇਲੇ ਉਠ ਕੇ ਨਦੀ ਦੇ ਕੰਢੇ ਬੈਠ ਜਾਂਦੇ ਨੇ, ਬੈਠੇ ਰਹਿੰਦੇ ਨੇ ਬਹੁਤ ਦੇਰ ਤੱਕ, ਗੰਗਾ ਦੀ ਬਰੇਤੀ ਦੇ ਉਤੇ। ਉਥੇ ਇਕ ਨਾਸਤਕ ਬੰਦਾ ਰੋਜ਼ ਆਉਂਦਾ ਹੈ। ਹਰ ਰੋਜ਼ ਆ ਕੇ ਦੇਖਦਾ ਹੈ ਕਿ ਆਹ ਬੰਦਾ ਇਥੇ ਹੀ ਬੈਠਾ ਰਹਿੰਦਾ ਹੈ। ਬੜਾ ਪਾਖੰਡ ਕਰਦਾ ਹੈ ਤੇ ਉਸ ਵੇਲੇ ਇਕ ਦਿਨ ਕੋਲ ਆਇਆ, ਆ ਕੇ ਮੋਢਾ ਹਿਲਾ ਕੇ ਕਹਿੰਦਾ ਕਿ ਓਏ ਤੂੰ ਇਥੇ ਕੀ ਬੈਠਾ ਰਹਿੰਦਾ ਹੈਂ, ਆਹ ਕੀ ਮੂੰਹ ਦੇ ਵਿਚ ਬੁੜ-ਬੁੜ ਕਰਦਾ ਹੈਂ? ਕਹਿੰਦੇ ਪਿਆਰਿਆ! ਮੈਂ ਆਪਣੇ ਮਾਲਕ ਦਾ ਨਾਉਂ ਲੈ ਰਿਹਾ ਹਾਂ। ਕਹਿੰਦਾ, ਕਿਉਂ ਲੈ ਰਿਹਾ ਹੈਂ? ਕਹਿੰਦੇ, ਇਥੇ ਚੋਰ ਬਹੁਤੇ ਨੇ। ਉਹ ਚੋਰ ਨੱਠ ਜਾਂਦੇ ਨੇ ਜਦੋਂ ਮੈਂ ਨਾਉਂ ਲੈਂਦਾ ਹਾਂ ਮਾਲਕ ਦਾ।

ਕਹਿੰਦਾ, ਕਿਹੜੇ ਚੋਰ ਨੇ?

ਕਹਿੰਦੇ, ਗਿਣਤੀ ਨਹੀਂ ਹੈ ਚੋਰਾਂ ਦੀ।

*ਧਾਰਨਾ - ਜੀਵ ਇਕ ਤੇ ਸ਼ਿਕਾਰੀ ਬਹੁਤੇ,*
*ਇਕੋ ਤੇਰੀ ਆਸ ਮਾਲਕਾ।*
*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥*
*ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥*
*ਅੰਗ - ੧੩੮੪*

ਕਹਿੰਦੇ, ਗਿਣਤੀ ਮਿਣਤੀ ਨਹੀਂ ਹੈ ਚੋਰਾਂ ਦੀ। ਐਨੇ ਨੇ, ਭੁਲਾ ਰਹੇ, ਲੁੱਟ ਰਹੇ ਨੇ, ਇਹਨੂੰ ਖਾਣ ਤੱਕ ਤਿਆਰ

ਹੋਏ-ਹੋਏ ਨੇ। ਕਿੰਨੇ ਭਿਆਨਕ ਨੇ। ਕਹਿੰਦੇ, ਮਾੜਿਆਂ-ਮਾੜਿਆ ਦਾ ਨਾਉਂ ਲਓ -

*ਜਹਾ ਕਾਮ ਤਹਾ ਨਾਮ ਨਹਿ ਜਹਾ ਨਾਮ ਨਹ ਕਾਮ।*

ਜਿਥੇ ਕਾਮ ਵਾਸ਼ਨਾ ਹੈ ਉਥੇ ਨਾਮ ਨਹੀਂ ਟਿਕਿਆ ਕਰਦਾ।

*ਦੋਨਹੁ ਕਬਹੂੰ ਨਾ ਮਿਲੇ ਰਵਿ ਰਜਨੀ ਇਕ ਠਾਮ।*

ਜਿਵੇਂ ਰਾਤ ਤੇ ਦਿਨ ਨਹੀਂ ਮਿਲਦਾ, ਇਸੇ ਤਰ੍ਹਾਂ ਕਾਮ ਤੇ ਨਾਮ ਨਹੀਂ ਮਿਲਿਆ ਕਰਦਾ।

*ਕਾਮ ਕ੍ਰੋਧ ਮਦ ਲੋਭ ਸੀ ਜਬ ਲਗ ਮਨ ਮਹਿ....*

ਜਿੰਨਾਂ ਚਿਰ ਕਾਮ ਦੀ, ਕ੍ਰੋਧ ਦੀ, ਲੋਭ ਦੀ, ਮੋਹ ਦੀ, ਹੰਕਾਰ, ਈਰਖਾ, ਨਿੰਦਿਆ, ਚੁਗਲੀ, ਤ੍ਰਿਸ਼ਨਾ, ਆਸ਼ਾ, ਅੰਦੇਸਾ ਦੀ ਖਾਨ ਅੰਦਰ ਹੈ, ਓਨੀਂ ਦੇਰ ਤੱਕ ਕਹਿੰਦੇ ਕੁਛ ਨਹੀਂ ਬਣਦਾ।

*ਤੁਲਸੀ ਪੰਡਤ ਮੂਰਖੇ ਦੋਨੋ ਏਕ ਸਮਾਨ।*

ਚਾਹੇ ਪੰਡਤ, ਪੜ੍ਹਿਆ ਵਿਦਵਾਨ ਹੈ ਇਕੋ ਜਿਹੇ ਨੇ-

*ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥*

*ਅੰਗ - ੧੪੦*

ਸੋ ਕਹਿਣ ਲੱਗੇ, ਪਿਆਰਿਆ! ਇਹ ਬੜੇ ਖਤਰਨਾਕ ਨੇ।

ਇਕ ਮਹਾਤਮਾ ਸੀ, ਲੋਕ ਉਨ੍ਹਾਂ ਨੂੰ ਆ ਕੇ ਮਾਇਆ ਚਾੜ੍ਹ ਜਾਂਦੇ ਸੀ। ਮਾਈ ਲੈ ਕੇ ਜਾਂਦੀ ਹੁੰਦੀ ਸੀ ਪ੍ਰਸ਼ਾਦੇ ਤੇ ਮਨ ਵਿਚ ਲੋਭ ਆ ਗਿਆ ਕਿ ਸੰਤ ਫਲਾਣੇ ਥਾਂਉਂ ਰਖਦੇ ਨੇ ਮਾਇਆ। ਤੇ ਕਿਉਂ ਨਾ ਇਹ ਮਾਇਆ ਮੇਰੇ ਬੱਚਿਆਂ ਨੂੰ ਮਿਲ ਜਾਵੇ।

ਇਕ ਦਿਨ ਸੰਤ ਪ੍ਰਸ਼ਾਦਾ ਲੈਣ ਆਏ। ਮਾਈ ਨੇ ਬਹੁਤ ਵਧੀਆ ਪਰਾਉਂਠੇ ਲਾਹੇ। ਪਰਾਉਂਠੇ ਲਾਹ ਕੇ ਵਿਚ ਜ਼ਹਿਰ ਪਾ ਦਿਤੀ। ਉਹ ਲੈ ਕੇ ਚਲੇ ਗਏ। ਉਥੇ ਨੇੜੇ ਹੀ ਉਹਦੇ ਲੜਕੇ ਹਲ ਵਾਹੁੰਦੇ ਸੀ। ਦੋ ਲੜਕੇ ਸੀ ਤੇ ਪ੍ਰਸ਼ਾਦਾ ਆਇਆ ਨਾ। ਪ੍ਰਸ਼ਾਦਾ ਲੈ ਕੇ ਹਾਲੇ ਜਾਂਦੀ ਹੈ। ਏਧਰ ਲੜਕੇ ਜਿਹੜੇ ਨੇ ਉਨ੍ਹਾਂ ਨੇ ਕਿਹਾ ਕਿ ਬਾਬਾ ਜੀ ਕੋਲ ਚਲਦੇ ਹਾਂ, ਕੋਈ ਪ੍ਰਸ਼ਾਦਾ ਮਾੜਾ ਮੋਟਾ ਬਚਿਆ ਪਿਆ ਹੋਣਾ ਉਹ ਖਾ ਲੈਂਦੇ ਹਾਂ। ਕੁਦਰਤੀ ਸੰਤ ਇਸ਼ਨਾਨ ਕਰਨ ਚਲੇ ਗਏ, ਆਏ ਅਜੇ ਪ੍ਰਸ਼ਾਦਾ ਛਕਿਆ ਨਾ। ਲੜਕੇ ਕਹਿੰਦੇ, ਬਾਬਾ ਜੀ! ਅੱਜ ਪ੍ਰਸ਼ਾਦਾ ਨਹੀਂ ਆਇਆ ਘਰੋਂ। ਕਹਿੰਦੇ, ਕੋਈ ਨਾ, ਪਿਆਰਿਓ! ਆਹ ਪ੍ਰਸ਼ਾਦੇ ਮੈਂ ਲੈ ਕੇ ਆਇਆ ਹਾਂ ਤੁਹਾਡੀ ਮਾਤਾ ਤੋਂ, ਤੁਸੀਂ ਛਕ ਲਓ। ਉਹ ਦੋਹਾਂ ਨੇ ਛਕ ਲਏ, ਬਹੁਤ ਸਖਤ ਕਿਸਮ ਦੀ ਜ਼ਹਿਰ ਸੀ, ਦੋਵੇਂ ਮਰ ਗਏ। ਐਨੇ ਨੂੰ ਮਾਈ ਆ ਗਈ ਪ੍ਰਸ਼ਾਦਾ ਲੈ ਕੇ ਉਥੇ ਦੇਖਦੀ ਹੈ ਕਿ ਮੇਰੇ ਮੁੰਡੇ ਲੰਮੇ ਪਏ ਨੇ, ਸਾਧ ਤਾਂ ਉਵੇਂ ਹੀ ਜਿਉਂਦੇ ਦਾ ਜਿਉਂਦਾ ਬੈਠਾ ਹੈ। ਕਹਿੰਦੀ, ਬਾਬਾ ਜੀ! ਤੁਸੀਂ ਪ੍ਰਸ਼ਾਦਾ ਨਹੀਂ ਛਕਿਆ? ਕਹਿੰਦੇ, ਜਿਹੜਾ ਤੂੰ ਮੈਨੂੰ ਛਕਾਉਣਾ ਸੀ ਤੇਰੇ ਲੜਕਿਆਂ ਨੇ ਖਾ ਲਿਆ। ਲੱਗ ਗਈ ਰੋਣ ਉਥੇ ਹੀ।

ਕਹਿੰਦੇ, ਇਕ-ਇਕ ਚੋਰ ਐਡਾ ਜ਼ਬਰਦਸਤ ਹੈ, ਕਿਸੇ ਚੋਰ ਦੀ ਗੱਲ ਕਰ ਲਓ। ਐਨੇ ਤਕੜੇ ਨੇ ਇਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਦਾ। ਕਹਿੰਦੇ -

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

*ਅੰਗ - ੧੨੮੮*

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ ੧ ॥ ਰਹਾਉ ॥*
*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ੨ ॥*
*ਉਨ ਤੇ ਰਾਖੈ ਬਾਪੁ ਨ ਮਾਈ ॥*
*ਉਨ ਤੇ ਰਾਖੈ ਮੀਤੁ ਨ ਭਾਈ ॥*
*ਦਰਬਿ ਸਿਆਣਪ ਨਾ ਓਇ ਰਹਤੇ ॥*
*ਸਾਧਸੰਗਿ ਓਇ ਦੁਸਟ ਵਸਿ ਹੋਤੇ ॥ ਅੰਗ - ੧੮੨*

ਸਾਧੂ ਦੀ ਸੰਗਤ ਮਿਲ ਜਾਵੇ ਤਾਂ, ਇਹ ਚੋਰ ਵਸ ਹੋ ਜਾਂਦੇ ਨੇ। ਕਹਿੰਦੇ ਪਿਆਰਿਆ! ਮੈਂ ਤਾਂ ਆਪਣੇ ਗੁਰੂ ਨੂੰ ਆਵਾਜ਼ ਮਾਰ ਰਿਹਾ ਹਾਂ। ਕਿਉਂਕਿ ਮੈਨੂੰ ਚੋਰਾਂ ਤੋਂ ਡਰ ਲਗਦਾ ਹੈ। ਕਹਿੰਦਾ, ਕਿਹੜੇ ਚੋਰ ਨੇ ਉਥੇ, ਮੂਰਖ ਬੰਦਾ ਸੀ, ਕਹਿੰਦੇ ਮੂਰਖ ਜਿਹੜਾ ਸੀ, ਉਹਦੇ ਨਾਲ ਕੀ ਗੱਲ ਕਰੇ। ਮੂਰਖ ਦੀਆਂ ਗੱਲਾਂ ਓਹੀ ਸੁਣੇ ਜਿਹੜਾ ਆਪ ਮੂਰਖ ਹੋਵੇ -

*ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥*
*ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥*
*ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥*

*ਅੰਗ - ੯੫੩*

ਉਹਦੇ 'ਚ ਅਭਿਮਾਨ ਹੁੰਦਾ ਹੈ ਹੱਦ ਤੋਂ ਜ਼ਿਆਦਾ।

*ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥ ਅੰਗ - ੯੫੩*

ਦੁਖ 'ਚ ਹੀ ਰਹਿੰਦਾ ਹੈ। ਸੋ ਉਸ ਵੇਲੇ ਕਹਿਣ ਲੱਗਿਆ, ਤੂੰ ਤਾਂ ਇਥੇ ਦੁਨੀਆਂ ਨੂੰ ਗੁਮਰਾਹ ਕਰ ਰਿਹਾ ਹੈਂ। ਮੈਂ ਤੈਨੂੰ ਬੜੇ ਦਿਨ ਦਾ ਦੇਖ ਰਿਹਾ ਹਾਂ।

ਕਹਿੰਦਾ, ਪਿਆਰਿਆ! ਮੈਂ ਤੇਰਾ ਤਾਂ ਕੁਛ ਨਹੀਂ ਵਿਗਾੜਦਾ।

ਕਹਿੰਦਾ, ਵਿਗਾੜਦਾ ਨਹੀਂ ਹੈ? ਨਾ ਡਰਦਾ ਤੂੰ ਮੇਰੇ ਤੋਂ। ਥੱਪੜ ਮਾਰਿਆ ਮੂੰਹ 'ਤੇ।

ਭਾਈ ਸਾਹਿਬ ਕਹਿਣ ਲੱਗੇ, ਕੋਈ ਨਾ ਪ੍ਰੇਮੀਆਂ! ਹੱਥ ਨੂੰ ਸੱਟ ਤਾਂ ਨਹੀਂ ਲੱਗੀ ਤੇਰੇ?

ਬਹੁਤ ਗਾਲ੍ਹਾਂ ਕੱਢੀਆਂ, ਫਿੱਕਾ ਬੋਲਿਆ।

ਕਿਉਂਕਿ ਸਾਧੂ ਦਾ ਸੁਭਾਅ ਇਹ ਹੈ ਕਿ ਬੁਰੇ ਦਾ ਬੁਰਾ ਨਹੀਂ ਲੋਚਦਾ -

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯*

ਇਹ ਵਿਸ਼ੇਸ਼ਤਾ ਹੈ ਕਿ ਵੈਰ ਨਹੀਂ ਕਿਸੇ ਨਾਲ ਕਰਨਾ–

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*

*ਅੰਗ – ੧੩੮੨*

ਪਰ ਜਦ ਨਿਰਵੈਰਾਂ ਨਾਲ ਕੋਈ ਵੈਰ ਰਚਾਉਂਦਾ ਹੈ, ਤਾਂ ਉਹ ਆਪ ਅੰਦਰੋਂ ਖਾਲੀ ਹੋ ਜਾਂਦੇ ਹਨ ਅਤੇ ਕਿਸੇ ਤਰ੍ਹਾਂ ਦੀ ਬਦਲੇ ਦੀ ਭਾਵਨਾ ਨਹੀਂ ਰਖਦੇ। ਫੇਰ ਮਿੱਤਰਾਂ–ਮਿੱਤਰਾਂ ਦੀ ਲੜਾਈ ਹੋ ਜਾਂਦੀ ਹੈ।

ਇਕ ਮਹਾਤਮਾ ਸੀ ਉਹ ਜਾ ਰਹੇ ਨੇ ਆਰਾਮ ਨਾਲ, ਕੁਛ ਨਹੀਂ ਕਰਦੇ। ਇਕ ਵੇਸਵਾ ਦੇ ਦਰਵਾਜ਼ੇ ਦੇ ਅੱਗੇ ਬੰਦੇ ਖੜ੍ਹੇ ਨੇ। ਮੀਂਹ ਪਿਆ ਹੋਇਆ ਹੈ, ਚਿੱਕੜ ਬਹੁਤ ਹੈ, ਕਿਤੇ ਉਸ ਮਹਾਤਮਾ ਦਾ ਪੈਰ ਤਿਲਕ ਗਿਆ, ਛਿੱਟਾ ਵੇਸਵਾ ਦੇ ਕੱਪੜੇ 'ਤੇ ਪੈ ਗਿਆ ਮਾੜਾ ਜਿਹਾ। ਉਹਦੇ ਨਾਲ ਦਾ ਬੰਦਾ ਕਹਿਣ ਲੱਗਿਆ ਕਿ ਓ ਸਾਧਾ! ਤੈਨੂੰ ਸੁਰਤ ਨਹੀਂ ਹੈ? ਦੇਖ ਉਹਦਾ ਕੱਪੜਾ ਖਰਾਬ ਹੋ ਗਿਆ।

ਕਹਿੰਦੇ, ਪਿਆਰਿਆ! ਮੈਂ ਤਾਂ ਆਪ ਗਿਰ ਗਿਆ। ਜੇ ਗਲਤੀ ਹੈ ਤਾਂ ਮਾਫ ਕਰ ਦੇ।

ਕਹਿੰਦਾ, ਮਾਫ ਕਰ ਦੇ? ਜਾ ਕੇ ਲੱਤਾਂ ਮਾਰੀਆਂ, ਲੱਤਾਂ ਮਾਰਦੇ–ਮਾਰਦੇ, ਆਪ ਤਿਲਕ ਗਿਆ, ਤਿਲਕਦੇ ਦਾ ਲੱਕ ਕੋਲੋਂ ਪੱਟ ਟੁੱਟ ਗਿਆ। ਹਾਏ–ਹਾਏ ਕਰਨ ਲੱਗ ਗਿਆ। ਵੇਸਵਾ ਸਿਆਣੀ ਸੀ ਕਹਿੰਦੀ, ਸੰਤ ਜੀ ਕ੍ਰਿਪਾ ਕਰੋ–ਕ੍ਰਿਪਾ ਕਰੋ।

ਸੰਤ ਕਹਿੰਦੇ, ਬੀਬੀ! ਨਾ ਤੇਰਾ ਕਸੂਰ ਹੈ, ਨਾ ਮੇਰਾ ਕਸੂਰ ਹੈ, ਇਹ ਤਾਂ ਆਪਣੇ ਮਿੱਤਰਾਂ ਦੀ ਲੜਾਈ ਹੋ ਰਹੀ ਹੈ। ਮੇਰਾ ਮਿੱਤਰ ਵਾਹਿਗੁਰੂ ਹੈ, ਤੇਰਾ ਮਿੱਤਰ ਇਹ ਹੈ।

*ਧਾਰਨਾ – ਸੁਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ।*
*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥*

*ਅੰਗ – ੩੦੬*

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਸਰਹੱਦੀ ਸੂਬੇ ਦੇ ਅੰਦਰ ਜਿੱਥੇ ਪਠਾਣਾਂ ਦਾ ਬੜਾ ਹੀ ਜ਼ੋਰ ਸੀ, ਉਸ ਥਾਂ 'ਤੇ ਸੰਗਤਾਂ ਨੂੰ ਤਾਰ ਰਹੇ ਨੇ। ਇਕ ਪਿੰਡ ਅਕਾਰਨ ਹੀ ਉਨ੍ਹਾਂ ਦੇ ਨਾਲ ਵੈਰ ਕਰਦਾ ਸੀ, ਕੋਈ ਮਤਲਬ ਨਹੀਂ, ਸੰਗਤਾਂ ਲੰਘਦੀਆਂ ਸੀ, ਉਹ ਕਹਿੰਦੇ ਕਿ ਇਹ ਸਾਡੇ ਪਿੰਡ ਕੋਲ ਦੀ ਕਿਉਂ ਲੰਘਦੇ ਨੇ? ਕੁੱਤੇ ਬੜੇ ਜ਼ਹਿਰੀ ਰੱਖੇ ਹੋਏ ਸੀ ਉਨ੍ਹਾਂ ਨੇ। ਜਦੋਂ ਸੰਗਤ ਨੇ ਆਉਣਾ ਕੁੱਤੇ ਛੱਡ ਦੇਣੇ। ਨੱਠ–ਭੱਜ ਪੈ ਜਾਣੀ, ਮੁਕਾਬਲਾ ਹੱਥਾਂ ਨਾਲ ਹੀ ਕਰਦੇ ਸੀ। ਦੂਰੋਂ ਹੀ ਆਵਾਜ਼ਾਂ ਦਿੰਦੇ ਸੀ ਕਿ ਮੇਰੇ ਕੁੱਤੇ ਦੇ ਨਾ ਮਾਰੀ ਕੁਛ, ਨਹੀਂ ਤਾਂ ਬਹੁਤ ਬੁਰੀ ਹੋਊਗੀ। ਕੱਪੜੇ ਫਟ ਜਾਣੇ, ਖ਼ੂਨ ਚੱਲ ਪੈਣਾ, ਬਾਬਾ ਜੀ ਕੋਲ ਆਉਣਾ ਕਹਿਣਾ ਬਾਬਾ ਜੀ! ਬੜਾ ਦੁਖੀ ਕਰਦੇ ਨੇ ਇਹ। ਆਪ ਨੇ ਕਹਿਣਾ, ਕੋਈ ਨਾ ਭਾਈ –

*ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥*

*ਅੰਗ – ੧੩੭੩*

ਸੰਤ ਜਿਹੜਾ ਹੈ ਉਹ ਸੰਤਪੁਣਾ, ਸ਼ਾਂਤੀ ਨਹੀਂ ਛੱਡਿਆ ਕਰਦਾ। ਭਾਵੇਂ ਚੰਦਨ ਦਾ ਬਿਰਖ ਸੱਪਾਂ ਨੇ ਵੇੜਿਆ ਵੀ ਹੋਵੇ ਤਾਂ ਵੀ ਉਹ ਸੀਤਲਤਾ ਨਹੀਂ ਛੱਡਿਆ ਕਰਦਾ। ਕਹਿੰਦੇ, ਰਸਤਾ ਕਿੰਨੀ ਦੂਰ ਹੈ? ਕਹਿੰਦੇ, ਜੀ! ਮੀਲ–ਡੇਢ ਮੀਲ ਦਾ ਫਰਕ ਪੈਂਦਾ ਹੈ। ਕਹਿੰਦੇ, ਕੋਈ ਗੱਲ ਨਹੀਂ ਹੈ, ਉਧਰੋਂ ਦੀ ਆ ਜਾਇਆ ਕਰੋਂ ਤੁਸੀਂ। ਉਥੋਂ ਦੀ ਜਾਣ ਲੱਗ ਗਏ, ਉਨ੍ਹਾਂ ਨੇ ਕਿਹਾ ਕਿ ਹੁਣ ਉਹ ਉਥੋਂ ਦੀ ਲੰਘਦੇ ਨੇ। ਇਹ ਹਟਾਉਣੇ ਨੇ, ਆਉਣ ਨਹੀਂ ਦੇਣੇ। ਉਥੇ ਜਾ ਕੇ ਕੁੱਤੇ ਛੱਡਣੇ ਸ਼ੁਰੂ ਕਰ ਦਿਤੇ।

ਕਹਿਣ ਲੱਗੇ, ਬਾਬਾ ਜੀ! ਹੁਣ ਤਾਂ ਉਥੇ ਵੀ ਪਹੁੰਚ ਗਏ।

ਬਾਬਾ ਜੀ ਕਹਿਣ ਲੱਗੇ, ਕੋਈ ਨਾ ਪਿਆਰਿਓ! ਹੁਣ ਵਾਹਿਗੁਰੂ ਜਾਣੇ, ਉਹ ਜਾਨਣ। ਆਪਾਂ ਚੁੱਪ ਕਰ ਰਹੋ। ਸੋ ਦਰਵੇਸ਼ ਦਾ ਕੀ ਹੁੰਦਾ ਹੈ, ਦਰਵੇਸ਼ ਤਾਂ ਹਾਰੇ ਹੋਏ ਪੱਲੜੇ ਵਿਚ ਹੀ ਰਹਿੰਦਾ ਹੁੰਦਾ ਹੈ।

ਐਸੀ ਕਰਨੀ ਹੋਈ ਪਿੰਡ ਵਿਚੋਂ ਰੋਜ਼ ਬੰਦੇ ਮਰਨੇ ਸ਼ੁਰੂ ਹੋ ਗਏ। ਦੋ ਮਰ ਜਾਣ, ਤਿੰਨ ਮਰ ਜਾਣ। ਮਹੀਨੇ ਦੇ ਅੰਦਰ–ਅੰਦਰ ਨਰ ਆਬਾਦੀ ਸਾਰੀ ਖਤਮ ਹੋ ਗਈ। ਇਕ ਬੱਚਾ ਰਹਿ ਗਿਆ ਸਾਲ ਕੁ ਦਾ। ਉਹ ਮਾਈ ਨੂੰ ਸੋਝੀ ਸੀ, ਲਿਆ ਕੇ ਬਾਬਿਆਂ ਦੇ ਚਰਨਾਂ 'ਤੇ ਰੱਖ ਦਿਤਾ। ਬਾਬਾ ਜੀ! ਪਿੰਡ ਦੀ ਜੜ੍ਹ ਰੱਖ ਲਓ। ਠੀਕ ਹੈ ਉਹ ਪਾਪ ਕਰਦੇ ਸੀ ਪਰ ਅਸੀਂ ਮਾਈਆਂ ਪਾਪ ਨਾਲ ਸਹਿਮਤ ਨਹੀਂ ਸੀਗੀਆਂ। ਅਸੀਂ ਬੁਰਾ ਮੰਨਦੀਆਂ ਸੀ, ਸਾਡਾ ਕਿਹਾ ਕੌਣ ਮੰਨਦਾ। ਕ੍ਰਿਪਾ ਕਰੋ, ਇਸ ਪਿੰਡ ਦੀ ਜੜ੍ਹ ਨਾ ਪੁੱਟੋ। ਕਹਿੰਦੇ, ਚੰਗਾ ਮਾਈ! ਜੜ੍ਹ ਰਹਿ ਜਾਏਗੀ ਤੁਹਾਡੀ, ਪਰ ਇਹਦਾ ਨਾਉਂ ਅੱਲਾ ਬਖਸ਼ ਰੱਖ ਲੈ। ਅੱਲਾਹ ਦਾ ਬਖਸ਼ਿਆ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਅਕਾਰਨ ਵੈਰ ਕਰਨ ਵਾਲੇ –

*ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥*

*ਅੰਗ – ੩੦੬*

ਕਹਿੰਦੇ, ਪਚਣਾ ਪੈਂਦਾ ਹੈ ਉਨ੍ਹਾਂ ਨੂੰ। ਸੋ ਇਸ ਪ੍ਰੇਮੀ ਨੇ ਜਦੋਂ ਥੱਪੜ ਮਾਰਿਆ, ਬੇਇਜ਼ਤੀ ਕਰੀ, ਧੱਕੇ ਦਿਤੇ। ਕਹਿਣ ਲੱਗੇ, ਪਿਆਰਿਆ! ਮੈਂ ਤਾਂ ਹਾਂ ਹੀ ਬੁਰਾ –

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥*
*ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥*

*ਅੰਗ – ੧੩੬੪*

ਸਰਬ ਸ਼ਕਤੀ ਸੰਪੰਨ ਹੁੰਦੇ ਹੋਏ ਇਕ ਵੀ ਬਚਨ ਮਾੜਾ ਨਹੀਂ ਕਿਹਾ। ਕਹਿੰਦੇ, ਕੋਈ ਨਾ, ਤੈਨੂੰ ਗੁਰੂ ਸੁਮੱਤ ਦੇਵੇ। ਤੈਨੂੰ ਵੀ ਸੋਝੀ ਦੇਵੇ ਗੁਰੂ। ਇਸ ਤਰ੍ਹਾਂ ਕਹਿ ਕੇ ਕਹਿਣ ਲੱਗੇ, ਚੰਗਾ ਮੈਂ ਕੱਲ੍ਹ ਤੋਂ ਨਹੀਂ ਇਥੇ ਆਉਂਦਾ, ਜੇ ਤੈਨੂੰ ਬੁਰਾ ਲਗਦਾ ਹਾਂ। ਮੈਂ ਕਿਤੇ ਹੋਰ ਚਲਿਆ ਜਾਇਆ ਕਰਾਂਗਾ। ਹੋਰ ਥਾਉਂ ਭਾਲ ਲਿਆ ਉਨ੍ਹਾਂ ਨੇ।

ਇਧਰਲੇ ਪਾਸੇ ਕੀ ਹੋਇਆ, ਸਰੀਰ ਗਲ ਗਿਆ ਉਹਦਾ। ਕੋਹੜ ਹੋ ਗਿਆ, ਹਰ ਵਕਤ ਹਾਏ–ਹਾਏ ਦੀ ਆਵਾਜ਼ ਆਉਂਦੀ ਹੈ। ਟੋਲ੍ਹਦਾ ਫਿਰਦਾ ਹੈ ਉਨ੍ਹਾਂ ਨੂੰ। ਉਹ

ਲੱਭਦੇ ਨਹੀਂ ਪਤਾ ਨਹੀਂ ਕਿੱਥੇ ਚਲੇ ਗਏ। ਅਖੀਰ ਜਦੋਂ ਸਰੀਰ ਦਾ ਬਹੁਤ ਬੁਰਾ ਹਾਲ ਹੋ ਗਿਆ। ਕੱਢ ਦਿਤਾ ਸਾਰਿਆਂ ਨੇ, ਘਰਦਿਆਂ ਨੇ ਕੱਢ ਦਿਤਾ, ਦੂਸਰਿਆਂ ਨੇ ਵੀ ਦੂਰ ਕਰ ਦਿਤਾ। ਸੁਸਾਇਟੀ ਨੇ ਵੀ ਦੂਰ ਕਰ ਦਿਤਾ ਕਿ ਕੋਹੜ ਦਾ ਰੋਗ ਹੈ ਲਗ ਜਾਏਗਾ। ਉਸ ਵੇਲੇ ਆਪਣੇ ਔਗੁਣ ਨੂੰ ਚਿਤਾਰਦਾ ਹੈ ਕਿ ਇਕ ਸਾਧੂ ਦੇ, ਇਕ ਭਲੇ ਲੋਕ ਦੇ ਅਹੰਕਾਰ 'ਚ ਆ ਕੇ ਮਾਰਿਆ। ਜੇ ਸਾਧੂਆਂ ਨਾਲ ਪਿਆਰ ਕਰਦਾ ਹੈ, ਗੁਰਸਿੱਖਾਂ ਨਾਲ ਕੋਈ ਪਿਆਰ ਕਰਦਾ ਹੈ ਮਹਾਰਾਜ ਕਹਿੰਦੇ –

*ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ*
*ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਅੰਗ – ੩੧੭*

ਜਿਹੜਾ ਸਿੱਖਾਂ ਨੂੰ ਲੋਚਦਾ ਹੈ, ਉਹਦੇ ਪਿਆਰਿਆਂ ਨੂੰ, ਗੁਰੂ ਉਸ 'ਤੇ ਖੁਸ਼ੀ ਹੋ ਕੇ ਜੋ ਮੰਗਦੇ ਨੇ ਦੇ ਦਿਆ ਕਰਦਾ ਹੈ। ਜਿਹੜਾ ਉਨ੍ਹਾਂ ਨੂੰ ਤੰਗ ਕਰਦਾ ਹੈ ਉਹਦਾ ਉਲਟਾ ਅਸਰ ਹੋਇਆ ਕਰਦਾ ਹੈ। ਇਹ ਤਾਂ ਨਹੀਂ ਹੈ ਕਿ ਜਿੰਨੀ ਦੁਨੀਆਂ ਸਾਨੂੰ ਦਿਸਦੀ ਹੈ ਇਸ ਤੋਂ ਅੱਗੇ ਕੁਛ ਹੈ ਨਹੀਂ। ਗੈਬ ਦੇ ਵਿਚ ਬੇਅੰਤ ਦੁਨੀਆਂ ਹੈ ਜਿਹਨੂੰ ਅਸੀਂ ਜਾਣਦੇ ਨਹੀਂ। ਗੈਬ ਦੇ ਵਿਚ ਕੀ ਹੋ ਰਿਹਾ ਹੈ ਅਸੀਂ ਨਹੀਂ ਜਾਣਦੇ।

ਸੋ ਉਥੋਂ ਤਾਰ ਹਿਲੀ, ਕੋਹੜ ਕਰ ਦਿਤਾ, ਸਰੀਰ ਰੋਗੀ ਹੋ ਗਿਆ –

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਅੰਗ – ੧੩੫*

ਰੋਗ ਵਿਆਪ ਗਿਆ, ਹੁਣ ਕੋਈ ਨੇੜੇ ਨਹੀਂ ਆਉਂਦਾ। ਟੋਲ੍ਹਦਾ ਫਿਰਦਾ ਹੈ। ਅਖੀਰ ਇਕ ਦਿਨ ਫਿਰਦਾ-ਫਿਰਦਾ ਦੇਖਿਆ ਕਿ ਇਹ ਤਾਂ ਉਹੀ ਬੈਠਾ ਹੈ। ਉਸ ਵੇਲੇ ਜਾ ਕੇ ਰੋਂਦਾ ਹੈ ਉੱਚੀ-ਉੱਚੀ, ਚਰਨਾਂ 'ਤੇ ਢਹਿ ਪਿਆ, ਲੰਮਾ ਪੈ ਗਿਆ। ਕਹਿੰਦਾ, ਬਾਬਾ! ਮੈਨੂੰ ਬਖਸ਼ ਦੇ। ਮੈਂ ਬੜਾ ਬੁਰਾ ਕਰਿਆ ਤੇਰੇ ਨਾਲ। ਮੈਂ ਭੁੱਲਿਆ ਹੋਇਆ ਸੀ।

ਸੰਤ ਕਹਿੰਦੇ, ਕੋਈ ਨਾ ਪ੍ਰੇਮੀਆਂ! ਤੂੰ ਭੁੱਲਿਆ ਹੋਇਆ ਨਾ ਕਹਿ। ਤੂੰ ਤਾਂ ਬੜੀ ਸੋਝੀ ਵਾਲਾ ਸੀ, ਤੂੰ ਤਾਂ ਮੈਨੂੰ ਬੜੀ ਚੰਗੀ ਗੱਲ ਕਹੀ ਸੀ ਕਿ ਤੂੰ ਉਥੇ ਬੈਠਾ ਹੈਂ, ਲੋਕਾਂ ਨੂੰ ਚੰਗਾ ਨਹੀਂ ਲਗਦਾ, ਫੇਰ ਮੈਂ ਉਥੋਂ ਉਠ ਕੇ ਇਥੇ ਆ ਗਿਆ। ਬਾਕੀ ਤੂੰ ਮੈਨੂੰ ਸੁਮੱਤ ਵੀ ਦੇ ਦਿਤੀ ਤੇ ਮੈਂ ਤਾਂ ਤੇਰਾ ਭਲਾ ਹੀ ਮੰਗਦਾ ਹਾਂ।

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬੱਤ ਕਾ ਭਲਾ।*

ਗੁਰਮੁਖ ਕਦੇ ਵੀ ਬੁਰਾ ਨਹੀਂ ਮੰਗਦੇ। ਕਦੇ ਵੀ ਜਿਹੜਾ ਗੁਰਮੁਖ ਹੈ, ਸਾਧੂ ਹੈ, ਮਹਾਂਪੁਰਸ਼ ਹੈ ਉਹਦੇ ਚਰਿੱਤਰ ਵਿਚ ਇਹ ਚੀਜ਼ ਨਹੀਂ ਹੈ ਕਿ ਸੰਸਾਰ ਦਾ ਬੁਰਾ ਮੰਗੇ –

*ਧਾਰਨਾ – ਭਲਾ ਮੰਗਦੇ ਦੁਨੀਆਂ ਦਾ ਸਾਧੂ,*
*ਲੋਚਦੇ ਨਾ ਬੁਰਾ ਕਿਸੇ ਦਾ।*
*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ – ੧੩੮੨*

*ਬੁਰਿਆਂ ਨਾਲ ਬੁਰਿਆਈ ਕਰਦੇ ਮੁਆਫ ਕਰਨ ਕਈ ਸਿਆਣੇ।*
*ਬੁਰਿਆਂ ਨਾਲ ਭਲਿਆਈ ਕਰਨੀ ਇਹ ਗੁਰੂ ਨਾਨਕ ਜਾਣੇ।*

ਗੁਰੂ ਘਰ ਵਿਚ ਹੈ ਕਿ ਬੁਰਿਆਂ ਦਾ ਵੀ ਭਲਾ ਕਰਨਾ, ਸੱਚੇ ਦਿਲੋਂ ਕਹਿਣਾ – 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ'। ਕਿਉਂਕਿ ਐਸੀ ਕੁਆਲਿਟੀ ਹੈ–

*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥*
*ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ ੧ ॥*
*ਮਨ ਮੇਰੇ ਰਾਮ ਰਉ ਨਿਤ ਨੀਤਿ ॥*
*ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥*
*ਅੰਗ – ੧੦੧੮*

ਦਰਖਤ ਨੂੰ ਕੱਟਦੇ ਨੇ ਕਿੰਨੇ ਕੰਮ ਕਰਦਾ ਹੈ, ਬਿਲਡਿੰਗਾਂ ਵਾਸਤੇ ਲੱਕੜ ਦਿੰਦਾ ਹੈ। ਖੜ੍ਹਾ ਹੈ ਤਾਂ ਛਾਂ ਦਿੰਦਾ ਹੈ, ਇੱਟਾਂ ਮਾਰਦੇ ਨੇ ਤਾਂ ਫਲ ਸੁੱਟਦਾ ਹੈ। ਕਹਿੰਦੇ, ਇਹ ਸਾਧੂਆਂ ਦਾ ਸੁਭਾਅ ਹੋਇਆ ਕਰਦਾ ਹੈ। ਜਿਵੇਂ ਬੇੜੀ ਬਣਾ ਲਈ, ਬੇੜੀ ਉਹਨੂੰ ਹੀ ਪਾਰ ਕਰ ਦਿੰਦੀ ਹੈ, ਕੱਟਣ ਵਾਲੇ ਨੂੰ। ਮਿੱਤਰ ਤੇ ਸ਼ਤਰੂ ਇਕ ਸਮਾਨ ਜਾਣਦੇ ਨੇ ਸਾਧੂ। ਦੋ ਨਹੀਂ ਇਨ੍ਹਾਂ ਲਈ ਹੋਇਆ ਕਰਦਾ।

ਭਾਈ ਘਨੱਈਏ ਨੂੰ ਪੁੱਛਿਆ ਕਿ ਭਾਈ ਘਨੱਈਆ! ਤੂੰ ਪਾਣੀ ਪਿਲਾਈ ਜਾਂਦਾ ਹੈਂ? ਤੂੰ ਖਾਲਸੇ ਨੂੰ ਪਾਣੀ ਨਹੀਂ ਪਿਲਾਉਂਦਾ ਤੇ ਤੁਰਕਾਂ ਨੂੰ ਪਿਲਾਈ ਜਾਂਦਾ ਹੈਂ?

ਕਹਿਣ ਲੱਗਿਆ, ਪਾਤਸ਼ਾਹ! –

ਤੁਰਕ ਅਤਰੁਕ ਨ ਦਿਸਦਾ ਮੈਨੂੰ।

ਮੈਨੂੰ ਤਾਂ ਦਿਸਣ ਤੋਂ ਹਟ ਗਿਆ, ਤੁਰਕ ਨਾ ਅਤੁਰਕ। ਮੈਂ ਤਾਂ ਤੈਨੂੰ ਪਾਣੀ ਪਿਲਾਉਂਦਾ ਹਾਂ, ਤੈਨੂੰ ਹੀ ਦੇਖਦਾ ਹਾਂ, ਤੇਰੀ ਹੀ ਆਵਾਜ਼ ਸੁਣਦਾ ਹਾਂ। ਮੇਰੇ ਨੇਤਰਾਂ ਨੂੰ ਦੂਸਰਾ ਦਿਸਣ ਤੋਂ ਹਟ ਗਿਆ, ਮੈਂ ਕਰਾਂ ਕੀ?

ਮਹਾਰਾਜ ਹੱਸੇ, ਹੱਸ ਕੇ ਬੁੱਕਲ 'ਚ ਲੈ ਲਿਆ। ਕਹਿੰਦੇ, ਨਿਹਾਲ! ਨਿਹਾਲ! ਨਿਹਾਲ ਘਨੱਈਆ। ਲੈ ਹੁਣ ਮੱਲ੍ਹਮ ਵੀ ਲੈ ਤੇ ਪੱਟੀਆਂ ਵੀ ਲੈ, ਲੋੜ ਪਈ ਤਾਂ ਮੇਰੇ ਲਾਈਂ।

ਕਿੱਡੀ ਵੱਡੀ ਗੱਲ ਹੈ, ਕਿੱਡਾ ਵੱਡਾ ਸਿਧਾਂਤ ਹੈ। ਜੇ ਦੁਨੀਆਂ ਦੇ ਵਿਚ ਇਹਨੂੰ ਪ੍ਰੈਕਟੀਕਲੀ ਕਰੀਏ ਤਾਂ ਕਿੱਥੇ ਚਲੀ ਜਾਵੇ। ਸੱਚਮੁੱਚ ਸਰਦਾਰ ਬਣ ਜਾਵੇ ਸਿੱਖ। ਲੇਕਿਨ ਜਦੋਂ ਵੈਰ ਭਾਵਨਾ 'ਚ ਆਉਂਦਾ ਹੈ, ਦੂਜੇ ਨੂੰ ਬੁਰਾ ਕਹਿੰਦਾ ਹੈ, ਮੰਦਾ ਚਿਤਵਦਾ ਹੈ, ਫੇਰ ਇਹ ਗੁਰਸਿੱਖੀ ਦੀ ਬਾਤ ਨਹੀਂ ਹੈ, ਮਨੁੱਖ ਦੀ ਬਾਤ ਹੈ। ਗੁਰੂ ਨਾਲੋਂ ਟੁੱਟ ਜਾਂਦਾ ਹੈ, ਪਿੱਠ ਕਰ ਲੈਂਦਾ ਹੈ ਉਸ ਵੱਲ।

ਸੋ ਉਸ ਵੇਲੇ ਕਹਿਣ ਲੱਗੇ, ਤੈਨੂੰ ਬੜਾ ਦੁਖ ਹੋਇਆ, ਮੈਂ ਤਾਂ ਪਿਆਰਿਆ! ਚਿਤਵਿਆ ਹੀ ਨਹੀਂ ਹੈ। ਮੈਂ ਤਾਂ ਅਰਦਾਸ ਕਰਦਾ ਹਾਂ, ਆਹ ਤੈਨੂੰ ਕਾਹਨੂੰ ਹੋਣਾ ਸੀ, ਤੂੰ ਤਾਂ ਮੈਨੂੰ ਕੰਮ ਦੀ ਹੀ ਗੱਲ ਕਹੀ ਸੀ, ਮੈਂ ਇਥੇ ਆ

ਗਿਆ, ਮੇਰੇ ਮਨ ਵਿਚ ਤਾਂ ਗੱਲ ਹੀ ਨਹੀਂ। ਵਾਹਿਗੁਰੂ ਭਲਾ ਕਰੇ ਤੇਰਾ।

ਉਸ ਵੇਲੇ ਕਹਿਣ ਲੱਗੇ ਜਦੋਂ ਬਹੁਤ ਹੀ ਨਿਮ੍ਰਤਾ ਨਾਲ ਗਿਰਿਆ ਕਿ ਹਾਂ ਗੁਰੂ ਨੇ ਇਕ ਦਵਾਈ ਦਿਤੀ ਹੋਈ ਹੈ। ਉਹ ਤੇਰੇ ਅੰਦਰ ਪਈ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - ੨੫੯*

ਇਹਨੂੰ ਜੇ ਸੰਜਮ ਦੇ ਨਾਲ ਵਰਤ ਲਵੇ ਤਾਂ ਇਹ ਦਵਾਈ ਸਾਰੇ ਰੋਗਾਂ ਨੂੰ ਦੂਰ ਕਰਨ ਦੀ ਸਮਰੱਥਾ ਰਖਦੀ ਹੈ -

*ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇੱਕੋ ਨਾਮ ਵਾਹਿਗੁਰੂ ਦਾ।*
*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ- ੨੭੪*

ਕਹਿੰਦੇ, ਪਿਆਰਿਆ! ਦਾਰੂ ਤੇਰੇ ਅੰਦਰ ਪਈ ਹੈ, ਦਸ ਮੈਂ ਦਿੰਦਾ ਹਾਂ। ਬਹਿ ਜਾ ਸਾਮ੍ਹਣੇ। ਬਹਿ ਗਿਆ। ਕਹਿੰਦੇ, ਤੂੰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾ, ਦਵਾਈ ਤੱਕ ਪਹੁੰਚ ਜਾਏਂਗਾ, ਜਦੋਂ ਦਵਾਈ ਤੱਕ ਪਹੁੰਚ ਗਿਆ ਤੇਰਾ ਸਰੀਰ ਜਿਹੜਾ ਹੈ ਉਹ ਤੰਦਰੁਸਤ ਹੋ ਜਾਏਗਾ।

ਕਿਉਂਕਿ ਭੁੱਲਣ ਨਾਲ ਬੀਮਾਰ ਹੁੰਦਾ ਹੈ, ਯਾਦ ਦੇ ਨਾਲ ਰਾਜ਼ੀ ਹੁੰਦਾ ਹੈ। ਇਹ ਬੜੀ ਗਹਿਰੀ ਫਿਲਾਸਫੀ ਹੈ। ਬੜਾ ਵੱਡਾ ਸਿਧਾਂਤ ਹੈ, ਕਈ ਵਾਰੀ ਵਿਚਾਰ ਕਰੀ ਹੈ ਇਸ 'ਤੇ।

ਸੋ ਉਸ ਵੇਲੇ ਕਹਿਣ ਲੱਗਿਆ ਭਾਈ ਭਾਨਾ ਜੀ, ਮੈਂ ਤਾਂ ਭੁੱਲਿਆ ਹੀ ਰਿਹਾ ਹਾਂ। ਜਿਨ੍ਹਾਂ ਨੂੰ ਮੈਂ ਆਪਣੇ ਸਮਝਦਾ ਸੀ, ਉਹ ਤਾਂ ਸਾਰੇ ਬੇਗਾਨੇ ਹੋ ਗਏ। ਧੱਕੇ ਦੇ ਕੇ ਮੈਨੂੰ ਕੱਢ ਦਿਤਾ, ਉਸ ਸਮਾਜ ਨੇ। ਜੇ ਸਾਂਭਿਆ ਹੈ ਤਾਂ ਤੁਸੀਂ ਪਿਆਰ ਦੇ ਚਾਰ ਬਚਨ ਕਹੇ ਨੇ, ਤੇ ਮੈਨੂੰ ਰਾਹ ਪਾਇਆ ਹੈ।

ਸੋ ਉਸ ਵੇਲੇ ਉਹ ਵੀ ਅੰਮ੍ਰਿਤ ਵੇਲੇ ਆਉਂਦੇ ਨੇ, ਉਹ ਵੀ ਆਉਂਦਾ ਹੈ। ਥੋੜ੍ਹੇ ਦਿਨਾਂ ਦੇ ਅੰਦਰ ਰਾਜ਼ੀ ਹੋਣਾ ਹੀ ਸੀ ਕਿਉਂਕਿ ਪ੍ਰਮੇਸ਼ਰ ਦਾ ਨਾਮ ਦਾਰੂ ਹੈ।

ਸਮਾਂ ਲੰਘ ਗਿਆ ਤੇ ਹੋਰ ਸੰਗਤਾਂ ਸਮੇਤ ਜਦੋਂ ਗੁਰੂ ਛੇਵੇਂ ਪਾਤਸ਼ਾਹ ਕੋਲ ਆਉਂਦੇ ਨੇ। ਬਹੁਤ ਸੰਗਤ ਆ ਰਹੀ ਹੈ। ਮਹਾਰਾਜ ਜੀ ਨੇ ਵਿਸ਼ੇਸ਼ ਕਰਕੇ ਬੁਲਾਇਆ, ਭਾਈ ਭਾਨਾ! ਆਓ, ਲਿਆਓ ਉਸ ਪ੍ਰੇਮੀ ਨੂੰ। ਕਹਿਣ ਲੱਗੇ, ਭਾਈ ਭਾਨਾ! ਉਹ ਥੱਪੜ ਤੇਰੇ ਨਹੀਂ ਸੀ ਮਾਰਿਆ। ਉਹ ਮੇਰੇ ਲੱਗਿਆ ਸੀ। ਕਿਉਂਕਿ ਗੁਰੂ ਦਾ ਸਿੱਖ ਗੁਰੂ ਨਾਲ ਇਕਮਿਕ ਹੋਇਆ ਹੁੰਦਾ ਹੈ।

ਪਾਤਸ਼ਾਹ! ਇਹਦੇ ਉਪਰ ਕ੍ਰਿਪਾ ਕਰੋ। ਨਾਮ ਧਰੀਕ ਸਿੱਖ ਹੋਇਆ, ਗੁਰੂ ਮਹਾਰਾਜ ਨੇ ਨਾਮ ਦੀ ਦਾਤ ਬਖਸ਼ੀ। ਸੋ ਇਸ ਤਰ੍ਹਾਂ ਗੁਰੂ ਦਾ ਜੋ ਸਿੱਖ ਹੈ ਉਹ ਇਸ ਮਾਇਆ ਦੇ ਵਿਚੋਂ ਨਿਕਲ ਕੇ ਸੱਚੇ ਰੰਗ ਦੇ ਵਿਚ ਰੰਗਿਆ ਜਾਂਦਾ ਹੈ। ਉਹ ਰੰਗ ਦੁਬਾਰਾ ਨਹੀਂ ਉਤਰਦਾ। ਥੱਪੜ ਮਾਰਿਆ ਰੰਗ ਨਹੀਂ ਉਤਰਿਆ। ਆਰਿਆਂ ਨਾਲ ਚੀਰ ਦਿਤੇ ਗਏ ਨਹੀਂ ਰੰਗ ਉਤਰਿਆ। ਦੇਗਾਂ 'ਚ ਉਬਾਲ ਦਿਤੇ, ਨਹੀਂ ਰੰਗ ਉਤਰਿਆ। ਕਿਸੇ ਦਾ ਬੁਰਾ ਮੰਗਿਆ ਹੀ ਨਹੀਂ।

ਗੁਰੂ ਪੰਜਵੇਂ ਪਾਤਸ਼ਾਹ ਜਦੋਂ ਤੱਤੀ ਤਵੀ 'ਤੇ ਬੈਠਣ ਲੱਗੇ, ਉਸ ਵੇਲੇ ਗੁਰਸਿੱਖਾਂ ਦੇ ਮਨ 'ਚ ਆਇਆ ਕਿ ਸ਼ਕਤੀ ਦੇ ਨਾਲ ਸ਼ਹਿਰ ਨੂੰ ਤਬਾਹ ਕਰ ਦੇਈਏ।

ਮਹਾਰਾਜ ਜੀ ਨੇ ਭਾਈ ਪ੍ਰਾਣਾ ਨੂੰ ਕਿਹਾ ਠਹਿਰ! ਭਾਈ ਪ੍ਰਾਣੇ ਇਹ ਕੀ ਕਰਦਾ ਹੈਂ? ਕੀਹਨੂੰ ਸਜ਼ਾ ਦੇਣ ਲੱਗਿਆ ਹੋਇਆ ਹੈਂ, ਇੱਥੇ ਵਾਹਿਗੁਰੂ ਤੋਂ ਬਗੈਰ ਹੈ ਕੋਈ ਹੋਰ? ਮੀਆਂ ਮੀਰ ਆ ਗਿਆ, ਗੋਰਖਨਾਥ ਆ ਗਿਆ, ਮਹਾਰਾਜ! ਜੇ ਤੁਸੀਂ ਨਹੀਂ ਇਹ ਗੱਲ ਕਰਨੀ ਅਸੀਂ ਕਰਦੇ ਹਾਂ। ਜੇ ਤੁਸੀਂ ਬਦਦੁਆ ਨਹੀਂ ਦਿੰਦੇ ਅਸੀਂ ਦਿੰਦੇ ਹਾਂ। ਇਹ ਸ਼ਹਿਰ ਕੀ ਰੱਖਣ ਵਾਲਾ ਹੈ, ਇਹ ਤਾਂ ਗਰਕ ਕਰਨ ਵਾਲਾ ਸ਼ਹਿਰ ਹੈ।

ਮਹਾਰਾਜ ਕਹਿੰਦੇ, ਗੋਰਖਨਾਥ! ਮੀਆਂਮੀਰ ਜੀ! ਇਥੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਹੈ ਨਹੀਂ ਕੋਈ। ਕੀਹਨੂੰ ਸਜ਼ਾ ਦੇ ਦੇਈਏ, ਇਥੇ ਤਾਂ ਆਪ ਹੀ ਪ੍ਰਮੇਸ਼ਰ ਹੈ, ਜਿੱਧਰ ਦੇਖਦੇ ਹਾਂ ਓਹੀ ਨਜ਼ਰ ਆਉਂਦਾ ਹੈ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥੧ ॥ ਅੰਗ- ੪੦੭*

ਸੋ ਇਹ ਸੱਚਾ ਰੰਗ ਹੈ ਜੋ ਚੜ੍ਹਦਾ ਹੈ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥*
*ਅੰਗ- ੮੦੮*

ਨਾ ਦਾਗ ਲਗਦਾ ਹੈ, ਚੜ੍ਹਦੀਆਂ ਕਲਾ 'ਚ ਰਹਿੰਦਾ ਹੈ, ਆਦਮੀ ਭੁੱਲਦਾ ਨਹੀਂ ਹੈ, ਰੰਗ ਲੱਗਿਆ ਹੁੰਦਾ ਹੈ, ਮਸਤੀ 'ਚ ਦਿਨ ਕੱਟਦਾ ਹੈ ਤੇ ਜਿਸ ਕੰਮ ਨੂੰ ਸੰਸਾਰ ਤੇ ਕਰਨ ਵਾਸਤੇ ਆਇਆ ਹੈ, ਉਹ ਪ੍ਰਾਪਤ ਕਰਕੇ, ਜਦੋਂ ਇਥੋਂ ਜਾਂਦਾ ਹੈ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

***********

# ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ
## (ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ, ਦੇਖੋ ਮਾਰਚ ਅੰਕ, ਪੰਨਾ-14)*

ਮੂਰਖਾਂ ਨੂੰ ਸਚਾਈ ਦਾ ਪਤਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਦੀ ਬਿਰਤੀ ਉਲਟ ਹੋਇਆ ਕਰਦੀ ਹੈ। ਉਹ ਉਨ੍ਹਾਂ ਚੀਜ਼ਾਂ ਦੇ ਨਾਲ ਪਿਆਰ ਕਰਦੇ ਨੇ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥* *ਅੰਗ - ੨੬੭*

ਜਿਹੜੇ ਨੁਕਸਾਨ ਕਰਨ ਵਾਲੇ, ਨਰਕਾਂ 'ਚ ਲਿਜਾਣ ਵਾਲੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੇ ਉਨ੍ਹਾਂ ਨਾਲ ਤੇ ਜਿਹੜੇ ਬੰਦੇ ਇਨ੍ਹਾਂ ਚੋਰਾਂ ਦੇ ਪ੍ਰਭਾਵ ਵਿਚ ਨੇ ਉਨ੍ਹਾਂ ਦਾ ਇਨ੍ਹਾਂ ਨਾਲ ਪਿਆਰ ਹੋਇਆ ਕਰਦਾ ਹੈ ਤੇ ਸਾਧੂਆਂ ਦੇ ਉਤੇ ਤਰਕ ਹੋਇਆ ਕਰਦੀ ਹੈ। ਕੋਈ ਵਿਰਲੇ ਹੀ ਬੰਦੇ ਹੁੰਦੇ ਨੇ ਜਿਹੜੇ ਇਸ ਭੇਤ ਨੂੰ ਜਾਣਦੇ ਨੇ। ਬਾਕੀ ਦੁਨੀਆਂ ਤਾਂ ਤਰਕ ਕਰਦੀ ਹੈ, ਕੋਈ ਪਿਆਰ ਨਹੀਂ ਕਰਦਾ, ਕਿਉਂਕਿ ਆਪਣੀ ਐਨਕ ਨਾਲ ਦੇਖਦੇ ਨੇ। ਮਹਾਰਾਜ ਕਹਿੰਦੇ, ਇਹ ਕੁਦਰਤੀ ਹੈ। ਇਹ ਮੂਰਖਤਾਈ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਸੰਤਾਂ ਦੇ ਵੈਰੀ ਜੀ, ਦੁਸਟਾਂ ਦੇ ਮਿੱਤਰ ਮਨਮੁਖ।*

*ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥*
*ਅੰਗ - ੬੪੯*

ਜੋ ਸਾਧੂ ਹੁੰਦਾ ਹੈ, ਵਾਹਿਗੁਰੂ ਦੀ ਮਿਹਰ ਹੋ ਜਾਏ ਤਾਂ ਪਛਾਣ ਹੋ ਜਾਂਦਾ। ਨਹੀਂ ਤਾਂ ਦੁਨੀਆਂ ਭੇਖ ਨੂੰ ਪੂਜਦੀ ਹੈ। ਐਵੇਂ ਹੀ ਫਸ ਜਾਂਦੇ ਨੇ ਪਖੰਡੀਆਂ ਦੇ ਕੋਲ।

ਆਹ ਥੋੜ੍ਹੇ ਦਿਨ ਹੋਏ 7 ਫੇਸ, ਮੋਹਾਲੀ ਵਿਚ ਕੋਈ ਗਾਉਂਦਾ ਫਿਰਦਾ ਸੀ। ਇਕ ਪ੍ਰੇਮੀ, ਬੜਾ ਉਹਦੇ ਮਨ 'ਚ ਆਇਆ ਕਿ ਸਾਧੂ ਹੈ ਤੇ ਗੁਰਬਾਣੀ ਪੜ੍ਹਦਾ ਹੈ, ਘਰ ਲੈ ਗਿਆ, ਲਿਜਾ ਕੇ ਬੜਾ ਪਿਆਰ ਦਿਖਾਇਆ। ਪਤਾ ਲਗ ਗਿਆ ਉਹਨੂੰ ਵੀ ਕਿ ਇਹ ਕੋਈ ਖਾਸ ਪ੍ਰੇਮੀ ਬੰਦਾ ਹੈ, ਉਸ ਵੇਲੇ ਦੁੱਧ ਮੰਗਾ ਲਿਆ, ਦੁੱਧ ਦੇ ਵਿਚ ਪਤਾ ਨਹੀਂ ਕੀ ਪਾ ਦਿਤਾ। ਉਸਨੂੰ, ਘਰਵਾਲੀ ਨੂੰ ਤੇ ਬੱਚੇ ਨੂੰ ਪਿਲਾ ਦਿਤਾ। ਉਹ ਹੋਰ ਹੀ ਤਰ੍ਹਾਂ ਦੇ ਹੋ ਗਏ। ਕਿਉਂਕਿ (drug) ਨਸ਼ੀਲੀ ਵਸਤੂ ਥੋੜ੍ਹੀ ਜਿਹੀ ਵੀ ਪਾ ਦਿਓ, ਆਦਮੀ ਦਾ ਮਨ ਹੋਰ ਹੀ ਕੁਛ ਹੋ ਜਾਂਦਾ ਹੈ, ਪੂਰੀ ਅਕਲ ਨਹੀਂ ਰਹਿੰਦੀ। ਉਸ ਵੇਲੇ ਉਹ ਸ਼ਰਧਾ 'ਚ ਆਏ ਹੋਏ ਨੇ।

ਉਹ ਕਹਿਣ ਲੱਗਿਆ, ਅਸੀਂ ਭੰਡਾਰਾ ਕਰਨਾ ਹੈ, ਸਾਨੂੰ ਕੁਛ ਦੇ, ਅੰਮ੍ਰਿਤਸਰ ਤੋਂ ਆਏ ਹਾਂ ਅਸੀਂ। ਵਿਚਾਰੇ ਨੇ ਤਨਖਾਹ ਲਿਆ ਕੇ ਰੱਖੀ ਸੀ, ਸਾਰੇ ਹੀ ਪੈਸੇ ਉਸ ਨੂੰ ਦੇ ਦਿਤੇ। ਬੱਚਾ ਉਸ ਦਿਨ ਦਾ ਹੀ ਬਿਮਾਰ ਹੈ, ਛੇ-ਸੱਤ ਦਿਨ ਹੋ ਗਏ।

ਸੋ ਐਸੇ ਬਹੁਤ ਸਾਰੇ ਬੰਦੇ ਸੰਤਾਂ ਦੇ ਭੇਖ ਵਿਚ ਤੁਰੇ ਫਿਰਦੇ ਨੇ। ਇਹਦੇ 'ਚ ਸਾਵਧਾਨ ਹੋਣਾ ਪੈਂਦਾ ਹੈ। ਐਵੇਂ ਨਹੀਂ ਅੰਨ੍ਹੇਵਾਹ ਤੁਰ ਪਓ ਕਿ ਜੀ ਸੰਤ ਆ ਗਏ ਜੀ। ਉਹ ਤਾਂ ਪਖੰਡ ਹੋਇਆ ਕਰਦਾ ਹੈ। ਪਖੰਡੀਆਂ ਨੂੰ ਤਾਂ ਮਹਾਰਾਜ ਨੇ -

*ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸ ਕੀਨ।*
*ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।*

ਭੇਖ ਦੇ ਨਾਲ ਲੋਕਾਂ ਨੂੰ ਭੁਲਾ ਕੇ ਲੋਕਾਂ ਨੂੰ ਆਪਣੇ ਵਸ ਵਿਚ ਕਰ ਲੈਂਦੇ ਨੇ। ਫੇਰ ਕਹਿੰਦੇ ਹੁੰਦਾ ਕੀ ਹੈ, ਇਨ੍ਹਾਂ ਨੂੰ ਛੋਟਾ-ਛੋਟਾ ਕਰਕੇ ਦਰਗਾਹ 'ਚ ਕੱਟ ਦੇਣਗੇ। ਕਿਉਂਕਿ ਇਨ੍ਹਾਂ ਨੇ ਲੋਕਾਂ ਨੂੰ ਧੋਖੇ ਦਿਤੇ ਨੇ। ਜਿਹੜਾ ਸਾਧੂ ਹੁੰਦਾ ਹੈ ਪ੍ਰਮੇਸ਼ਰ ਦਾ ਪਿਆਰਾ, ਉਹਦਾ ਪ੍ਰਭਾਵ ਆਪਣਾ ਹੀ ਹੋਇਆ ਕਰਦਾ ਹੈ।

*ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥*
*ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥*
*ਅੰਗ - ੬੪੯*

ਫੇਰ ਹੁਣ ਸੁੱਖ ਕਿਥੋਂ ਭਾਲਦਾ ਹੈਂ, ਨਤੀਜਾ ਕੀ ਹੋਏਗਾ, ਉਨ੍ਹਾਂ ਦੁਸ਼ਟਾਂ ਦੇ ਕੋਲ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ ਚੁਗਲੀ, ਬਖੀਲੀ ਦੇ ਭੰਡਾਰ ਭਰੇ ਹੁੰਦੇ ਨੇ। ਉਹ ਨਿੰਦਿਆ ਵੰਡਦੇ ਨੇ, ਆਪ ਨਿੰਦਿਆ ਕਰਦੇ ਤੇ ਦੂਜਿਆਂ ਨੂੰ ਨਿੰਦਿਆ ਕਰਨ ਲਾਉਂਦੇ ਨੇ ਕਿਉਂਕਿ ਉਨ੍ਹਾਂ ਨਾਲ ਪਿਆਰ ਜੋ ਹੋ ਗਿਆ। ਉਹਦਾ ਨਤੀਜਾ ਕੀ ਹੋਏਗਾ? -

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ - ੭੫੫*

ਕੁੰਭੀ ਨਰਕ ਵਿਚ ਵਾਸਾ ਹੁੰਦਾ ਹੈ। ਮਹਾਰਾਜ ਕਹਿੰਦੇ-

*ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥*
*ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥*
*ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥*
*ਅੰਗ - ੬੪੯*

ਸੋ ਇਸ ਤਰ੍ਹਾਂ ਮਹਾਰਾਜ ਨੂੰ ਮਖੌਲ ਕਰਿਆ ਗੁਰੂ ਮਹਾਰਾਜ ਨਾਲ ਟਿਚਰ ਕਰੀ। ਮਹਾਰਾਜ ਕਹਿੰਦੇ, ਪਿਆਰਿਓ! ਸਾਧੂਆਂ ਦੇ ਰਹਿਣ ਵਾਸਤੇ ਇਸ ਨਗਰ ਵਿਚ

ਕੋਈ ਥਾਂ ਨਹੀਂ ਹੈ। ਕਹਿੰਦੇ, ਬੜਾ ਥਾਉਂ ਹੈ, ਸ਼ੀਸ਼ ਮਹੱਲ ਹੈ ਅੱਗੇ, ਸੁਗੰਧੀਆਂ ਆਉਂਦੀਆਂ ਨੇ ਉਥੇ, ਆਹ ਰਸਤਾ ਜਾਂਦੈ ਉਥੇ ਨੂੰ, ਉਥੇ ਇਕ ਖੂਹ ਆਏਗਾ, ਉਥੇ ਚਲੇ ਜਾਓ।

ਸੋ ਗੁਰੂ ਨਾਨਕ ਪਾਤਸ਼ਾਹ ਓਧਰ ਨੂੰ ਜਾਂਦੇ ਨੇ, ਉਥੇ ਇਕ ਪ੍ਰੇਮੀ ਜਿਸ ਦੇ ਸਰੀਰ ਨੂੰ ਕੁਸ਼ਟ ਹੋਇਆ-ਹੋਇਐ ਹੈ। ਪਹਿਲਾਂ ਚੰਗਾ ਖਾਂਦਾ-ਪੀਂਦਾ ਬੰਦਾ ਸੀ ਉਹ, ਲੇਕਿਨ ਭੋਗਾਂ ਦੀ ਦੁਨੀਆਂ 'ਚ ਪੈ ਗਿਆ। ਪ੍ਰਮੇਸ਼ਰ ਨੂੰ ਭੁੱਲ ਗਿਆ, ਭੁੱਲਣ ਦੇ ਨਾਲ ਐਸੇ ਰੋਗ ਲੱਗੇ, ਵਿਸ਼ੇ ਭੋਗਾਂ 'ਚ ਪੈ ਕੇ ਕਿ ਸਰੀਰ ਕੁਸ਼ਟੀ ਹੋ ਗਿਆ। ਪਹਿਲਾਂ ਛੋਟੇ-ਛੋਟੇ ਰੋਗ ਲੱਗੇ ਉਸ ਤੋਂ ਬਾਅਦ ਕੋਹੜੀ ਹੋ ਗਿਆ। ਫਕੀਰਾਂ ਵਾਲਾ ਬਾਣਾ ਪਾ ਲਿਆ ਤੇ ਜਿਹੜੇ ਉਹਦੇ ਸਖੇ ਸੀ ਉਹਨਾਂ ਦੇ ਮਨ 'ਚ ਹੋ ਗਿਆ ਕਿ ਇਹ ਤਾਂ ਕੋਹੜੀ ਹੋ ਗਿਆ, ਜਿਹੜੇ ਨਾਲ ਖਾਂਦੇ ਪੀਂਦੇ, ਪਿਆਲੇ ਦੀ ਸਾਂਝ ਕਰਨ ਵਾਲੇ ਸੀ। ਉਹ ਵੀ ਪਿੱਠ ਦੇ ਗਏ ਕਿ ਹੁਣ ਇਹਦੇ ਕੋਲ ਕੀ ਹੈ। ਉਹ ਤਾਂ ਖਾਣ-ਪੀਣ ਦੇ ਮਿੱਤਰ ਹੁੰਦੇ ਨੇ। ਜਿਹੜੇ ਇਹਦੇ ਜ਼ਿਆਦਾ ਨਜ਼ਦੀਕੀ ਸੀ ਉਹ ਵੀ ਸਾਥ ਛੱਡ ਗਏ। ਮਹਾਰਾਜ ਕਹਿੰਦੇ, ਪਿਆਰਿਓ! ਕਿਉਂ ਭੁਲੇਖਿਆਂ 'ਚ ਪਏ ਹੋਏ ਹੋਂ। ਤੁਸੀਂ ਬਾਰ-ਬਾਰ ਤਜਰਬਾ ਕਰਦੇ ਹੋਂ। ਬਾਰ-ਬਾਰ ਨਾ ਕਰੋ। ਗੁਰਬਾਣੀ ਨੂੰ ਤੁਸੀਂ ਮੰਨ ਲਓ। ਮੰਨ ਕੇ ਉਹਨੂੰ ਧੇਅ ਬਣਾ ਲਓ। ਇਹ ਚਾਹੇ ਆਪ ਤਜਰਬਾ ਕਰ ਲਓ, ਸਾਰੀ ਜ਼ਿੰਦਗੀ ਤੋਂ ਬਾਅਦ ਇਹ ਗੱਲ ਸਮਝ 'ਚ ਆਏਗੀ, ਚਾਹੇ ਗੁਰੂ ਦਾ ਬਚਨ ਮੰਨ ਕੇ ਹੁਣੇ ਹੀ ਇਸ ਗੱਲ ਨੂੰ ਸਮਝਣ ਦਾ ਯਤਨ ਕਰੋ।

*ਧਾਰਨਾ - ਤੇਰੇ ਸੁਖਾਂ ਦੇ ਸੰਗੀ ਨੇ ਸਾਰੇ,*
*ਦੁਖਾਂ ਵਿਚ ਕੋਈ ਨਾ ਬਣੇ।*

*ਇਹ ਜਗਿ ਮੀਤੁ ਨ ਦੇਖਿਓ ਕੋਈ ॥*
*ਸਗਲ ਜਗਤੁ ਅਪਨੈ ਸੁਖਿ ਲਾਗਿਓ*
*ਦੁਖ ਮੈ ਸੰਗਿ ਨ ਹੋਈ ॥ ੧ ॥ ਰਹਾਉ ॥ ਅੰਗ - ੬੩੩*

ਪੈਸਾ ਤੇਰੇ ਕੋਲ ਹੈ ਤਾਂ ਤੇਰੇ ਨਾਲ ਸਬੰਧ ਹੈ, ਪੈਸਾ ਘਟ ਗਿਆ, ਮਿੱਤਰ ਦੇਖਦੇ ਸਾਰ ਹੀ ਅੰਦਰੋਂ ਜਵਾਬ ਦੇ ਦੇਣਗੇ ਕਿ ਕਹਿ ਦੇ ਹੈ ਨਹੀਂ। ਇਹ ਪੈਸੇ ਮੰਗਣ ਆਇਆ ਹੈ। ਉਸ ਵੇਲੇ ਸਭ ਮਿਤ੍ਰਤਾਈਆਂ ਇਕੱਠੇ ਖਾਂਦੇ-ਪੀਂਦੇ ਟੁੱਟ ਜਾਇਆ ਕਰਦੀਆਂ ਹਨ, ਕੋਈ ਨਹੀਂ ਰਿਹਾ ਕਰਦਾ। ਸਾਕ-ਸਬੰਧੀ ਵੀ ਮੁੱਖ ਫੇਰ ਲੈਂਦੇ ਨੇ ਕਿ ਇਹਨੇ ਕੁਛ ਮੰਗਣਾ ਹੀ ਹੈ। ਸੋ ਕਹਿੰਦੇ, ਸਾਰੇ ਹੀ ਸਬੰਧ ਟੁੱਟ ਜਾਂਦੇ ਨੇ -

*ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥*
*ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥*
*ਅੰਗ - ੬੩੩*

ਦੁੱਖ ਆ ਜਾਵੇ ਕਿਸੇ ਦੇ ਉਤੇ, ਬਿਮਾਰੀ ਆ ਜਾਵੇ ਪਾਸੇ ਹਟ ਜਾਂਦੇ ਨੇ। ਉਸ ਵੇਲੇ ਇਹਦੇ ਜਿਹੜੇ ਸਾਕ-ਸਬੰਧੀ, ਭੈਣ-ਭਰਾ ਸੀ, ਉਨ੍ਹਾਂ ਨੇ ਕਿਹਾ ਕਿ ਘਰ ਵਿਚ ਬਿਮਾਰੀ ਫੈਲ ਜਾਏਗੀ, ਚੰਗਾ ਇਹ ਹੈ ਕਿ ਇਸ ਨੂੰ ਕੱਢ ਦੇਈਏ। ਹੁਣ ਇਹਨੇ ਬਚਣਾ ਤਾਂ ਹੈ ਨਹੀਂ, ਇਲਾਜ ਕੋਈ ਇਸ ਬਿਮਾਰੀ ਦਾ ਹੈ ਨਹੀਂ। ਉਸ ਵੇਲੇ ਸਭ ਦਾ ਰੁਖ ਬਦਲ ਗਿਆ। ਬਾਹਰ ਕੱਢ ਆਏ, ਬਾਹਰ ਪਿੰਡ ਤੋਂ ਦੂਰ ਕੁਲੀ ਪਾ ਦਿਤੀ। ਕਹਿਣ ਲੱਗੇ, ਲੈ ਬਈ, ਇਸ ਤਰ੍ਹਾਂ ਕਰ, ਪ੍ਰਸ਼ਾਦਾ ਤਾਂ ਅਸੀਂ ਤੈਨੂੰ ਲਿਆ ਦਿਆ ਕਰਾਂਗੇ ਵੇਲੇ-ਕੁਵੇਲੇ। ਪਰ ਇਸ ਤਰ੍ਹਾਂ ਕਰੀਂ ਤੂੰ ਸਾਡੇ ਤੋਂ ਪ੍ਰਸ਼ਾਦਾ ਫੜਨ ਨਹੀਂ ਆਉਣਾ, ਉਹ ਜਿਹੜੀ ਟਿੰਡ ਪਈ ਹੈ ਉਹਦੇ ਵਿਚ ਅਸੀਂ ਪਾ ਦਿਆ ਕਰਾਂਗੇ, ਬਾਂਸ ਨਾਲ, ਉਹਨੂੰ ਹੱਥ ਵੀ ਨਹੀਂ ਲਾਉਣਾ। ਚੁੱਕ ਕੇ ਉਥੇ ਰੱਖ ਦਿਆ ਕਰਾਂਗੇ, ਤੂੰ ਆਪਣਾ ਜਦੋਂ ਅਸੀਂ ਚਲੇ ਗਏ, ਖਾ ਲਿਆ ਕਰੀਂ। ਮਿੱਤਰ ਨਹੀਂ ਰਹਿੰਦੇ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ-

*ਧਾਰਨਾ - ਭੈਣਾਂ ਤੇ ਭਾਈ ਜੀ ਲਾਗੂ ਸਭ ਦੁਸ਼ਮਣ ਬਣ ਗਏ।*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਅੰਗ - ੭੦*

ਦੁਖੀ ਹੋ ਜਾਵੇ ਆਦਮੀ, ਬਿਮਾਰੀ ਲਗ ਜਾਵੇ, ਕੋਈ ਸਾਥ ਨਹੀਂ ਦਿਆ ਕਰਦਾ। ਸੋ ਬਾਹਰ ਕੱਢ ਆਏ ਉਸਨੂੰ। ਕੋਈ ਨਹੀਂ ਜਾਂਦਾ ਉਹਦੇ ਕੋਲ। ਤਰਸਦਾ ਹੈ, ਬੰਦੇ ਦਾ ਮੂੰਹ ਦੇਖਣ ਵਾਸਤੇ। ਨੇੜੇ ਦੀ ਨਹੀਂ ਕੋਈ ਲੰਘਦਾ।

ਏਧਰ ਇਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿ ਦਿਤਾ ਕਿ ਬਾਹਰ ਤਾਂ ਸੀਸ ਮਹੱਲ ਬਣਿਆ ਹੋਇਆ ਹੈ ਤੁਹਾਡੇ ਵਾਸਤੇ। ਮਹਾਰਾਜ ਕਹਿੰਦੇ, ਚੱਲ ਮਰਦਾਨਿਆਂ! ਜਿੱਧਰ ਨੂੰ ਇਹ ਦਸਦੇ ਨੇ ਆਪਾਂ ਓਧਰ ਨੂੰ ਹੀ ਚੱਲੀਏ। ਕਰਤਾਰ ਨੂੰ ਜੋ ਭਾਉਂਦਾ ਹੈ ਓਹੀ ਠੀਕ ਹੈ। ਸੋ ਉਸ ਵੇਲੇ ਜਦੋਂ ਨੇੜੇ ਆਉਂਦੇ ਨੇ, ਖੂਹ ਦੇਖਿਆ ਕਿ ਖੂਹ ਆ ਗਿਆ। ਜਿਹੜਾ ਰਸਤਾ ਦੱਸਿਆ ਸੀ, ਦਰਖਤ ਵੀ ਆ ਗਿਆ। ਉਥੇ ਨੇੜੇ ਜਦ ਪਹੁੰਚਦੇ ਨੇ, ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਥੇ ਤਾਂ ਦੁਰਗੰਧ ਬੜੀ ਆ ਰਹੀ ਹੈ। ਕੀ ਗੱਲ ਹੈ ਇਥੇ? ਕਹਿੰਦੇ, ਮਰਦਾਨਿਆਂ! ਇਕ ਪ੍ਰਮੇਸ਼ਰ ਦਾ ਬੰਦਾ ਹੈ ਇਥੇ, ਦੁਖੀ ਹੋਇਆ-ਹੋਇਆ ਜਿਹਦੀ ਕੋਈ ਸਾਰ ਨਹੀਂ ਲੈ ਰਿਹਾ ਤੇ ਆਪਣੇ ਮਾੜੇ ਕਰਮਾਂ ਕਰਕੇ ਇਹ ਰੋਗਾਂ ਵਿਚ ਗ੍ਰਸਤ ਹੋ ਗਿਆ। ਸੋ ਨਿਰੰਕਾਰ ਨੇ ਆਪਾਂ ਨੂੰ ਇਥੇ ਭੇਜਿਆ ਹੈ, ਐਨੇ ਨੂੰ ਉਹਨੂੰ ਵੀ ਬਿੜਕ ਲੱਗ ਗਈ ਤੇ ਉਹ ਬਹੁਤ ਰੌਲਾ ਪਾ ਰਿਹਾ ਹੈ। ਕਦੇ ਹਾਏ-ਹਾਏ ਕਰਦਾ ਹੈ, ਕਦੇ ਚੀਕਾਂ ਮਾਰਦਾ ਹੈ, ਕਦੇ ਗਾਲ੍ਹਾਂ ਕੱਢਦਾ ਹੈ ਤੇ ਵਿਰਲਾਪ ਕਰ ਰਿਹਾ ਹੈ।

ਮਹਾਰਾਜ ਕਹਿੰਦੇ, ਜਿਹਨੂੰ ਬਾਣੀ ਵਿਸਰ ਜਾਏ। ਦੋ ਤਰ੍ਹਾਂ ਦੀ ਬਾਣੀ ਹੈ। ਇਕ ਤਾਂ ਗੁਰੂ ਦੀ ਬਾਣੀ ਹੈ। ਇਕ ਆਦਮੀ ਦੇ ਅੰਦਰ ਬਾਣੀ ਹੈ ਜਿਹਨੂੰ ਸ਼ਬਦ ਕਹਿੰਦੇ ਹਨ, ਇਹ ਸ਼ਬਦ ਹਰੇਕ ਦੇ ਅੰਦਰ ਹੈ ਜਿਹੜਾ ਨਿਰੰਕਾਰ ਦੇ ਮੁਖ ਤੋਂ ਪਹਿਲਾਂ ਨਿਕਲਿਆ ਹੈ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਅੰਗ - ੪੬੩*

ਨਾਉ ਪੈਦਾ ਕਰਿਆ ਹੈ ਉਸ ਨੇ। ਉਹ ਨਾਮ ਜਿਹੜਾ ਹੈ ਮਹਾਰਾਜ ਦਸਵੇਂ ਪਾਤਸ਼ਾਹ ਫੁਰਮਾਨ ਕਰਦੇ ਨੇ ਕਿ -

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋਹ ਰਹਾ।*

ਉਹ ਜਿਹੜੀ ਪ੍ਰਮੇਸ਼ਰ ਦੀ ਬਾਣੀ ਹੈ ਜਿਹਨੂੰ 'ਸੁਅਸਤਿ ਆਥਿ' ਬਾਣੀ ਕਹਿੰਦੇ ਨੇ –

*ਸੁਅਸਤਿ ਆਥਿ ਬਾਣੀ ਬਰਮਾਉ ॥*
*ਸਤਿ ਸੁਹਾਣੁ ਸਦਾ ਮਨਿ ਚਾਉ ॥* *ਅੰਗ– ੪*

ਉਹਦਾ ਸਾਨੂੰ ਭੇਤ ਨਹੀਂ ਹੈ, ਸਾਡੇ ਅੰਦਰ ਕਿੱਥੇ ਹੈ ਉਹ ਬਾਣੀ। ਉਹ ਬਾਣੀ ਪਰਾ ਬਾਣੀ 'ਚ ਹੈ। ਪਰਾ ਬਾਣੀ 'ਚ ਪਹੁੰਚਣ ਵਾਸਤੇ ਜਦੋਂ ਅਸੀਂ ਸਿਮਰਨ ਕਰਦੇ ਹਾਂ, ਨਾਮ ਜਪਦੇ ਹਾਂ। ਨਾਮ ਅੰਦਰ ਨੂੰ ਸਫਰ ਕਰਦਾ ਹੈ। ਪਹਿਲਾਂ ਇਹ ਰਸਨਾ 'ਤੇ ਹੁੰਦਾ ਹੈ, ਫੇਰ ਇਹ ਕੰਠ ਵਿਚ ਚਲਿਆ ਜਾਂਦਾ ਹੈ, ਫੇਰ ਹਿਰਦੇ 'ਚ ਚਲਿਆ ਜਾਂਦਾ ਹੈ, ਫੇਰ ਪਸੰਤੀ ਬਾਣੀ ਤੋਂ ਪਰਾ ਬਾਣੀ 'ਚ ਚਲਿਆ ਜਾਂਦਾ ਹੈ। ਪਰਾ ਬਾਣੀ ਤੋਂ ਸਾਰੇ ਰੋਮ-ਰੋਮ 'ਚ ਹੋਣ ਲਗ ਜਾਂਦਾ ਹੈ। ਇਕ ਵਾਹਿਗੁਰੂ ਕਹੋ, ਸਾਢੇ ਤਿੰਨ ਕਰੋੜ ਵਾਰੀ ਕਹਿ ਹੋ ਜਾਂਦਾ ਹੈ। ਸਵਾਸ ਅੰਦਰ ਨੂੰ ਜਾਂਦਾ ਹੈ, ਵਾਹਿਗੁਰੂ ਕਹੋ, ਸਾਢੇ ਤਿੰਨ ਕਰੋੜ ਵਾਰੀ ਤੇ ਸਵਾਸ ਬਾਹਰ ਨੂੰ ਆਉਂਦਾ ਹੈ ਸਾਢੇ ਤਿੰਨ ਕਰੋੜ ਵਾਰੀ ਕਹਿ ਹੋ ਜਾਂਦਾ ਹੈ। ਕਿੰਨਾ ਭਜਨ ਹੋ ਗਿਆ –

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥* *ਅੰਗ – ੯੪੧*

ਸੋ ਇਸ ਤਰ੍ਹਾਂ ਜਦ ਬਿਰਤੀ ਇਕਾਗਰ ਹੁੰਦੀ ਤੁਰੀ ਜਾਂਦੀ ਹੈ ਤਾਂ ਅਨਹਦ ਸ਼ਬਦ ਆਉਂਦੇ ਨੇ, ਅਨਹਦ ਸ਼ਬਦਾਂ ਤੋਂ ਲੰਘ ਕੇ ਫੇਰ ਇਹ ਪਰਾ ਬਾਣੀ ਦੇ ਵਿਚ, ਉਹ ਬਾਣੀ ਪ੍ਰਾਪਤ ਹੁੰਦੀ ਹੈ ਜਿਹਨੂੰ ਮਹਾਰਾਜ ਜੀ 'ਸੁਅਸਤਿ ਆਥਿ ਬਾਣੀ ਬਰਮਾਉ' ਕਹਿੰਦੇ ਨੇ। ਇਹ ਨਾਮ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਖੇੜੇ ਦੇ ਵਿਚ ਆਉਂਦੀ ਹੈ, ਖੁਸ਼ ਹੋਈ ਜਾਵਾਂਗੇ ਅੰਦਰੋਂ ਹੀ, ਪਤਾ ਨਹੀਂ ਕੁਛ ਲੱਭਿਆ ਨਹੀਂ, ਕੋਈ ਚੀਜ਼ ਖਾਧੀ ਨਹੀਂ ਹੈ, ਕੋਈ ਕੱਪੜਾ ਐਸਾ ਨਹੀਂ ਪਹਿਨਿਆ, ਲੇਕਿਨ ਅੰਦਰ ਖੁਸ਼ੀ ਹੀ ਖੁਸ਼ੀ ਆਈ ਜਾਂਦੀ ਹੈ। ਉਹ ਉਹਦਾ ਅਸਰ ਹੋਇਆ ਕਰਦਾ ਹੈ, ਰਸ ਨਾਲ ਭਰ ਜਾਈਦਾ ਹੈ। ਕੋਈ ਵੀ ਫਿਕਰ ਨਹੀਂ ਰਹਿੰਦਾ, ਸੋ ਉਹ ਜੋ ਬਾਣੀ ਹੈ ਓਹੀ ਬਾਣੀ ਪ੍ਰਗਟ ਹੋ ਕੇ ਗੁਰੂ ਦੀ ਬਾਣੀ ਦੇ ਰੂਪ ਵਿਚ ਸਾਡੀ ਸਮਝ ਵਿਚ ਆਈ ਹੈ। ਇਹਦੇ ਵਿਚ ਵੀ ਓਨਾਂ ਹੀ ਰਸ ਹੈ ਤੇ ਉਹਦੇ ਵਿਚ ਵੀ ਐਨਾ ਹੀ ਰਸ ਹੈ। ਜਿਹਨੂੰ ਇਹ ਭੁੱਲ ਜਾਵੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ –* *ਜਿਹਨੂੰ ਵਿਸਰੇ ਗੁਰਾਂ ਦੀ ਬਾਣੀ,*
*ਪੱਕੇ ਰੋਗੀ ਵਾਂਗ ਵਿਲਕੇ।*

*ਜੀਉ ਤਪਤੁ ਹੈ ਬਾਰੋ ਬਾਰ ॥*
*ਤਪਿ ਤਪਿ ਖਪੈ ਬਹੁਤੁ ਬੇਕਾਰ ॥*
*ਜੈ ਤਨਿ ਬਾਣੀ ਵਿਸਰਿ ਜਾਇ ॥*
*ਜਿਉ ਪਕਾ ਰੋਗੀ ਵਿਲਲਾਇ ॥* *ਅੰਗ – ੬੬੧*

ਬਾਣੀ ਜਿਹੜੀ ਹੈ ਉਹਦੇ ਕਰਕੇ ਸਾਡੇ ਅੰਦਰ ਸੁਰਜੀਤੀ ਹੈ। ਹਰੇਕ ਦੇ ਅੰਦਰ ਹੈ ਜਿਹਨੂੰ ਸ਼ਬਦ ਕਹਿੰਦੇ ਨੇ। ਸੁਣਦਾ ਕਿਉਂ ਨਹੀਂ? ਕਹਿੰਦੇ, ਮਾਇਆ ਧਾਰਨ ਕਰੀ ਹੋਈ ਹੈ ਜੀਵ ਨੇ। ਮਾਇਆ ਧਾਰਨ ਕਰਕੇ, ਮਾਇਆਧਾਰੀ ਬਣ ਗਿਆ। ਮਾਇਆਧਾਰੀ ਪੈਸੇ ਵਾਲੇ ਨੂੰ ਨਹੀਂ ਕਹਿੰਦੇ, ਮਾਇਆਧਾਰੀ ਹੁੰਦਾ ਹੈ ਜਿਹੜਾ ਮਾਇਆ ਦੀ ਅਗਿਆਨਤਾ 'ਚ ਆ ਗਿਆ। ਉਹ ਪ੍ਰਮੇਸ਼ਰ ਨੂੰ ਭੁੱਲ ਗਿਆ। ਉਹਦੀ ਹਾਲਤ ਕੀ ਹੁੰਦੀ ਹੈ ਕਹਿੰਦੇ ਉਹਦੇ ਕੰਨ ਬੋਲੇ ਹੋ ਜਾਂਦੇ ਨੇ, ਬੋਲੇ ਕੋਲ ਢੋਲ ਵਜਾਈ ਜਾਓ, ਥਰਾਹਟ (vibration) ਤਾਂ ਸੁਣੇਗੀ ਉਹਦੇ ਅੰਦਰ ਜਾਏਗੀ, ਲੇਕਿਨ ਆਵਾਜ਼ ਨਹੀਂ ਜਾਏਗੀ। ਨੇਤਰਾਂ ਤੋਂ ਅੰਨਾ ਹੋਵੇ ਕਿੰਨੀਆਂ ਹੀ ਲਾਈਟਾਂ ਮਾਰੀ ਜਾਓ, ਉਹਨੂੰ ਦਿਸਦਾ ਹੀ ਨਹੀਂ ਹੈ। ਮਹਾਰਾਜ ਕਹਿੰਦੇ, ਇਹ ਜੀਵ ਜਿਹੜਾ ਹੈ ਇਹਦੀ ਹਾਲਤ ਹੋ ਗਈ ਹੈ –

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥* *ਅੰਗ –੩੧੩*

ਅੰਦਰ ਸ਼ਬਦ ਦੀ ਤਾਜ਼ਗੀ ਹੈ, ਸ਼ਬਦ ਦਾ ਲਹਿਰਾਉ ਹੈ, ਸ਼ਬਦ ਦੀ ਝੁਨਕਾਰ ਹੈ ਤੇ ਸ਼ਬਦ ਦੀ ਝੁਣਝੁਣੀ ਹੈ ਉਹ ਤਾਂ ਇਹਨੂੰ ਮਹਿਸੂਸ ਹੀ ਨਹੀਂ ਹੁੰਦੀ, ਅੰਨਾ ਬੋਲਾ ਹੋਇਆ-ਹੋਇਆ ਹੈ। ਉਹ ਬਾਣੀ ਜਦੋਂ ਵਿਸਰ ਜਾਂਦੀ ਹੈ ਆਦਮੀ 'ਚ frustration (ਬੇਚੈਨੀ) ਵਧਦੀ ਤੁਰੀ ਜਾਂਦੀ ਹੈ। ਝੁੰਜਲਾਹਟ 'ਚ ਆ ਜਾਏਗਾ ਆਦਮੀ, ਦੁਖੀ ਹੋਏਗਾ, ਲੋਕਾਂ ਨੂੰ ਫੇਰ ਗਾਲ੍ਹਾਂ ਕੱਢਦਾ ਹੈ ਉਹ ਕਿ ਲੋਕ ਮੇਰੇ ਨਾਲ ਕਰਦੇ ਨੇ, ਮੇਰੇ ਬੱਚਿਆਂ ਨੇ ਮੇਰੇ ਨਾਲ ਕਰੀ ਹੈ, ਮੇਰੇ ਫਲਾਣੇ ਭਰਾ ਮੇਰੇ ਨਾਲ ਇਸ ਤਰ੍ਹਾਂ ਕਰੀ ਹੈ, ਮੇਰੇ ਫਲਾਣੇ ਰਿਸ਼ਤੇਦਾਰ ਨੇ ਮੇਰੇ ਨਾਲ ਇਸ ਤਰ੍ਹਾਂ ਕਰਿਆ ਹੈ। ਕਿਉਂਕਿ ਅੰਦਰੋਂ ਬਾਣੀ ਨਾਲੋਂ ਟੁੱਟਿਆ ਹੋਇਆ ਹੈ। ਜਿਹਦੇ ਅੰਦਰ ਰਸ ਚਲਦਾ ਹੈ ਉਹਨੂੰ ਨਹੀਂ ਇਨ੍ਹਾਂ ਗੱਲਾਂ ਦੀ ਲੋੜ ਹੋਇਆ ਕਰਦੀ ਕਿਉਂਕਿ ਉਹ ਤਾਂ ਜੀਉਂਦੀ ਜਾਗਦੀ ਚੀਜ਼ ਨਾਲ ਜੁੜਿਆ ਹੋਇਆ ਕਰਦਾ ਹੈ।

ਸੋ ਮਹਾਰਾਜ ਕਹਿੰਦੇ – ***'ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥'*** ਮਰਦਾਨਿਆਂ! ਰਬਾਬ ਸੁਰ ਕਰ। ਸੁਰ ਕਰੀ, ਬਾਣੀ ਆ ਰਹੀ ਹੈ।

ਉਹ ਜਿਹੜਾ ਕੋਹੜੀ ਹੈ ਉਹ ਆਵਾਜ਼ਾਂ ਦਿੰਦਾ ਹੈ। ਉਹ ਕਹਿਣ ਲੱਗਿਆ, ਤੁਸੀਂ ਕੌਣ ਆ ਗਏ, ਮੇਰੇ ਕੋਲ ਤਾਂ ਕੋਈ ਪਰਿੰਦਾ ਵੀ ਨਹੀਂ ਆਉਂਦਾ। ਮੈਂ ਤਾਂ ਆਦਮ ਜਾਤ ਦੀ ਸ਼ਕਲ ਦੇਖਣ ਨੂੰ ਤਰਸ ਰਿਹਾ ਹਾਂ। ਮੈਨੂੰ ਕੋਈ ਸ਼ਹਿਰ 'ਚ ਜਾਣ ਨਹੀਂ ਦਿੰਦਾ, ਜਿਹੜੇ ਰਸਤੇ ਮੈਂ ਤੁਰਾਂ ਉਹ ਰਸਤੇ ਕੋਈ ਤੁਰਨ ਨੂੰ ਤਿਆਰ ਨਹੀਂ ਹੁੰਦਾ। ਮੈਨੂੰ ਸਖਤੀ ਨਾਲ ਇਥੇ ਰੱਖਿਆ ਗਿਆ ਹੈ, ਤੁਸੀਂ ਕੌਣ ਆ ਗਏ ਫਰਿਸ਼ਤੇ ਜਿਹੜੇ ਐਨੀ ਬਦਬੂ ਦੇ ਵਿਚ, ਜਿੱਥੇ ਨੱਕ ਬੰਨ੍ਹ-ਬੰਨ੍ਹ ਕੇ ਲੰਘਦੇ ਨੇ ਲੋਕ ਤੇ ਤੁਸੀਂ ਇਥੇ ਮੇਰੇ ਨੇੜੇ ਹੀ ਬੈਠੇ ਹੋਂ। ਤੁਸੀਂ ਕੌਣ ਹੋਂ। ਬਾਣੀ ਉਹਨੇ ਸੁਣੀ ਤੇ ਨਾਲ ਦੀ ਨਾਲ ਰੱਬ ਨੂੰ ਕੋਸਣ ਲੱਗ ਗਿਆ। ਕਹਿੰਦਾ, ਹੇ ਰੱਬਾ ਮੈਂ ਤੇਰਾ ਕੀ ਵਿਗਾੜਿਆ ਸੀ। ਤੂੰ ਵੀ ਤਰਸ ਨਹੀਂ ਮੇਰੇ 'ਤੇ ਕਰਦਾ। ਤੂੰ ਬੜਾ ਜ਼ਾਲਮ ਹੋ ਗਿਆ ਮੇਰੇ ਬਾਰੇ। ਉੱਚੀ-ਉੱਚੀ ਬੋਲਦਾ ਹੈ। ਅਰਦਾਸ ਕਰਨ ਦੀ ਜਾਚ ਨਹੀਂ ਹੈ। ਮਹਾਰਾਜ ਦਸਦੇ ਨੇ ਕਿ ਅਰਦਾਸ ਕਿਵੇਂ ਕਰੀਦੀ ਹੈ।

ਮਹਾਰਾਜ ਨੇ ਦੂਸਰਾ ਬੰਦ ਇਸ ਤਰ੍ਹਾਂ ਉਚਾਰਨ ਕਰਿਆ–

*ਧਾਰਨਾ – ਸਾਹਿਬ ਸਾਰੀਆਂ ਘਟਾਂ ਦੇ ਵਸਦੈ,*
*ਦੂਰ ਕਾਹਤੋਂ ਜਾਣੇਂ ਬੰਦਿਆ।*

ਮਹਾਰਾਜ ਕਹਿਣ ਲੱਗੇ, ਫਕੀਰ ਸਾਈਂ! ਪਿਆਰਿਆ! ਹੁਣ ਰੱਬ ਨੂੰ ਕਾਹਨੂੰ ਕੋਸਦਾ ਹੈਂ। ਪ੍ਰਮੇਸ਼ਰ ਨੂੰ ਨਾ ਹੁਣ ਦੋਸ਼ ਦੇ। ਇਹ ਤਾਂ ਦੋਸ਼ ਤੇਰੇ ਕਰਮਾਂ ਦਾ ਹੈ –

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥*
*ਅੰਗ – ੪੩੩*

ਇਹ ਤਾਂ ਤੇਰੇ ਕਰਮ ਫਲ ਰੂਪ ਹੋ ਕੇ ਤੇਰੇ ਸਾਮ੍ਹਣੇ ਆ ਗਏ ਨੇ। ਪਹਿਲਾਂ ਤੂੰ ਪ੍ਰਮੇਸ਼ਰ ਨੂੰ ਭੁੱਲਿਆਂ ਹੈਂ, ਭੁੱਲਣ ਦੇ ਨਾਲ ਵਿਕਾਰਾਂ 'ਚ ਫਸਿਆ ਹੈਂ, ਉਨ੍ਹਾਂ ਭੋਗਾਂ ਦੇ ਵਿਚੋਂ ਤੇਰੇ ਹਿੱਸੇ ਵਿਚ ਬਿਮਾਰੀ ਆਈ ਹੈ ਤੇ ਹੁਣ ਤੂੰ ਰੱਬ ਨੂੰ ਕੋਸੀ ਜਾਂਦਾ ਹੈਂ ਕਿ ਹੁਣ ਤੂੰ ਕਿੱਥੇ ਲੁਕ ਕੇ ਬਹਿ ਗਿਆ, ਮੇਰੀ ਵਾਰ ਨੂੰ। ਕਿਉਂ ਨਹੀਂ ਮੇਰੇ 'ਚ ਧਿਆਨ ਦਿੰਦਾ, ਕਾਹਨੂੰ ਬੋਲਦਾ ਹੈਂ –

*ਬਹੁਤਾ ਬੋਲਣੁ ਝਖਣੁ ਹੋਇ ॥*
*ਵਿਣੁ ਬੋਲੇ ਜਾਣੈ ਸਭੁ ਸੋਇ ॥ ਅੰਗ – ੬੬੧*

ਤੇਰੇ ਅੰਦਰ ਵਸਦਾ ਹੈ, ਤੂੰ ਆਰਾਮ ਨਾਲ ਅੰਦਰ ਝਾਕ ਕੇ ਕਹਿ ਉਹਨੂੰ। ਪਛਾਣ ਪਹਿਲਾਂ ਫੇਰ ਤੂੰ ਉਹਨੂੰ ਕਹਿ ਦੇ। ਉਹ ਦੂਰ ਤਾਂ ਹੈ ਨਹੀਂ ਨਾ। ਉਹ ਹਰੇਕ ਦੇ ਅੰਦਰ, ਛੋਟੀ ਤੋਂ ਛੋਟੀ ਚੀਜ਼ ਦੇ ਅੰਦਰ ਵੀ ਹੈ ਤੇ ਉਹਦੀ ਵੀ ਗੱਲ ਸੁਣਦੈ –

*ਪਾਈਐ ਨ ਪਾਰ ਤੇਜ ਪੁੰਜ ਮੈਂ ਅਪਾਰ*
*ਸਰਬ ਬਿਦਿਆ ਕੇ ਉਚਾਰ ਹੈਂ ਅਪਾਰ ਕਹੀਅਤੁ ਹੈ।*
*ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ*
*ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈ।*
*ਅਕਾਲ ਉਸਤਤਿ*

ਉਹ ਤਾਂ ਕੀੜੀ ਦੀ ਵੀ ਪੁਕਾਰ ਸੁਣਨ ਵਾਲਾ ਹੈ। ਤੂੰ ਉਹਨੂੰ ਪਛਾਣ ਤਾਂ ਸਹੀ। ਉਹ ਤਾਂ ਤੇਰੇ ਅੰਦਰ ਵਸਦਾ ਹੈ। ਐਵੇਂ ਉਲਾਂਭੇ ਦੇਈ ਜਾਂਦਾ ਹੈਂ ਉਸਨੂੰ। ਜੇ ਤੂੰ ਬੋਲੇ ਵੀ ਨਾ ਮੂੰਹ ਤੋਂ ਹਿਰਦੇ ਦੇ ਵਿਚੋਂ ਵੀ ਗੱਲ ਕਹਿ ਉਹ ਸੁਣ ਲੈਂਦਾ ਹੈ ਹਿਰਦੇ ਦੀ ਬਾਤ। ਉਹਨੂੰ ਤੂੰ ਵਿਸਾਰ ਦਿਤਾ। ਵਿਸਾਰਨ ਦੇ ਨਾਲ ਆਹ ਤੇਰਾ ਹਾਲ ਹੋ ਗਿਆ–

*ਜਿਨਿ ਕਨ ਕੀਤੇ ਅਖੀ ਨਾਕੁ ॥*
*ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ ਅੰਗ – ੬੬੨*

ਆਹ ਕੰਨ ਦਿਤੇ ਸੁਣਨ ਵਾਸਤੇ, ਨੱਕ ਦਿਤਾ ਸੁੰਘਣ ਵਾਸਤੇ, ਜ਼ੁਬਾਨ ਦਿਤੀ ਬੋਲਣ ਵਾਸਤੇ, ਅੱਖਾਂ ਦਿਤੀਆਂ ਦੇਖਣ ਵਾਸਤੇ –

*ਜਿਨਿ ਮਨੁ ਰਾਖਿਆ ਅਗਨੀ ਪਾਇ ॥ ਅੰਗ – ੬੬੨*

ਜਿਹਨੇ ਤੈਨੂੰ ਮਾਤਾ ਦੇ ਗਰਭ ਦੇ ਵਿਚ ਐਨੀ ਅਗਨੀ ਦੇ ਵਿਚ ਤੈਨੂੰ ਬਚਾਇਆ। ਜਿੱਥੇ ਨਾ ਕੋਈ ਹਵਾ ਜਾਂਦੀ ਸੀ, ਨਾ ਕੋਈ ਸਾਹ ਜਾਂਦਾ ਸੀ। ਉਥੇ ਤੂੰ ਬਚਿਆ ਹੈਂ–

*ਵਾਜੈ ਪਵਣੁ ਆਖੈ ਸਭ ਜਾਇ ॥ ਅੰਗ – ੬੬੧*

ਕੰਨਾਂ ਦੇ ਵਿਚ ਹਵਾ ਟਕਰਾਉਂਦੀ ਹੈ, ਉਹ ਜਾ ਕੇ ਤੇਰੇ ਦਿਮਾਗ ਨੂੰ ਦਸਦੀ ਹੈ ਕਿ ਫਲਾਣਾ ਬੰਦਾ ਇਸ ਤਰ੍ਹਾਂ ਕਹਿੰਦਾ ਹੈ। ਐਸਾ ਕਾਰਖਾਨਾ ਉਹਨੇ ਬਣਾਇਆ ਹੈ, ਤੂੰ ਉਹਨੂੰ ਭੁੱਲਿਆ ਬੈਠਾ ਹੈਂ? –

*ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥*
*ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥ ਅੰਗ – ੨੭੦*

ਤੇਰਾ ਸੋਹਣਾ ਰੂਪ ਜਿਸਨੇ ਦਿਤਾ ਹੈ ਉਹਨੂੰ ਯਾਦ ਰੱਖ –

*ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥ ਅੰਗ – ੨੭੦*

ਤੇਰੀ ਇੱਜ਼ਤ ਹੈ ਸੰਸਾਰ ਦੇ ਅੰਦਰ ਤੇ ਉਹਨੂੰ ਭੁਲਾਉਂਦਾ ਹੈ ਤੂੰ? –

*ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥ ਅੰਗ – ੨੭੦*

ਦਿਨ ਰਾਤ ਨਾ ਤੂੰ ਉਸ ਨੂੰ ਭੁੱਲ। ਤੂੰ ਅਹਿਸਾਨ ਫਰਾਮੋਸ਼ ਹੈਂ, ਅਹਿਸਾਨ ਮੰਨਣ ਵਾਲਾ ਨਹੀਂ ਹੈਗਾ –

*ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਅੰਗ – ੨੭੦*

ਕੰਨਾਂ ਦੇ ਨਾਲ ਤੂੰ ਬਾਣੀ ਸੁਣਦਾ ਹੈਂ, ਰਾਗ ਸੁਣਦਾ ਹੈਂ –

*ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥ ਅੰਗ – ੨੭੦*

ਦੇਖ–ਦੇਖ ਕੇ ਤੂੰ ਹੈਰਾਨ ਹੁੰਦਾ ਹੈਂ –

*ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥*
*ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥ ਅੰਗ – ੨੭੦*

ਉਹਨੂੰ ਭੁੱਲਦੈਂ। ਉਸ ਨੂੰ ਨਾ ਭੁਲਾ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,*
*ਉਹਨੂੰ ਕਿਉਂ ਵਿਸਾਰੇਂ ਬੰਦਿਆ।*

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥ ਅੰਗ – ੯੨੦*

ਉਥੇ ਵੀ ਤੇਰੇ ਕੋਲ ਆਹਾਰ ਜਾਂਦਾ ਸੀ, ਜਿਹਨੂੰ ਖਾ ਕੇ ਤੂੰ ਵਧਦਾ ਸੀ, ਫੁਲਦਾ ਸੀ। ਕਿੱਡਾ ਵਾਹਿਗੁਰੂ ਨੇ ਇੰਤਜ਼ਾਮ ਕਰਿਆ।

ਸੋ ਉਸ ਪ੍ਰਮੇਸ਼ਰ ਨੂੰ, ਉਸ ਦਾਤੇ ਨੂੰ ਭੁੱਲਣ ਦੇ ਨਾਲ ਰੋਗ ਆ ਲਗਦੇ ਨੇ –

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ – ੧੨੫੬*

ਵਾਹਿਗੁਰੂ ਨੂੰ ਭੁੱਲ ਗਿਆ, ਭੁੱਲ ਕੇ ਫੇਰ ਰੋਗਾਂ ਦੇ ਵਿਚ ਪ੍ਰਵਿਰਤ ਹੋ ਗਿਆ। ਖਾਣ ਦੇ ਵਿਚ, ਪੀਣ ਦੇ ਵਿਚ, ਕਾਮ ਦੇ ਵਿਚ, ਨਸ਼ਿਆਂ ਦੇ ਵਿਚ ਪ੍ਰਵਿਰਤ ਹੋ ਗਿਆ। ਮਹਾਰਾਜ ਕਹਿੰਦੇ, ਪਿਆਰਿਆ! ਤੇਰੀ ਜਿਹੜੀ ਸੁੰਦਰ ਦੇਹੀ ਸੀ ਇਨ੍ਹਾਂ ਭੋਗਾਂ ਨੇ ਗਾਲ ਦਿਤੀ –

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥* ਅੰਗ - ੯੩੨

ਬਾਕੀ ਇਥੇ ਆ ਕੇ ਜਿਹੜੀਆਂ ਤੂੰ ਪ੍ਰਮੇਸ਼ਰ ਨੂੰ ਭੁਲਾ ਕੇ ਗੱਲਾਂ ਕੀਤੀਆਂ ਨੇ, ਮੋਹ ਪਾਏ ਨੇ, ਪ੍ਰੀਤਾਂ ਪਾਈਆਂ ਨੇ, ਸੁਆਦਾਂ ਦੇ ਵਿਚ ਤੂੰ ਫਸਿਆ ਹੈਂ, ਇਹ ਤੈਨੂੰ ਦਰਗਾਹ ਦੇ ਵਿਚ ਮਾਣ ਦੇਣ ਵਾਲੀਆ ਚੀਜ਼ਾਂ ਨਹੀਂ ਹਨ -

*ਜੇਤਾ ਮੋਹੁ ਪਰੀਤਿ ਸੁਆਦ ॥*
*ਸਭਾ ਕਾਲਖ ਦਾਗਾ ਦਾਗ ॥* ਅੰਗ - ੬੬੨

ਉਹ ਤਾਂ ਦਾਗ ਲਾ ਕੇ ਤੂੰ ਚੱਲਿਆ -

*ਦਾਗ ਦੋਸ ਮੁਹਿ ਚਲਿਆ ਲਾਇ ॥*
*ਦਰਗਹ ਬੈਸਣ ਨਾਹੀ ਜਾਇ ॥* ਅੰਗ - ੬੬੨

ਇਥੇ ਤੂੰ ਦੋਸ਼ ਲਾ ਲਏ ਤੇ ਐਡਾ ਭੈੜਾ ਤੇਰਾ ਸਰੀਰ ਸੂਖਸ਼ਮ ਬਣ ਗਿਆ, ਤੈਨੂੰ ਦਰਗਾਹ 'ਚ ਬੈਠਣ ਕਿਹੜਾ ਦਏਗਾ। ਉਥੇ ਤਾਂ ਨਹੀਂ ਤੂੰ ਕੋਈ ਫੈਸ਼ਨ ਕਰ ਲਏਂਗਾ, ਕੱਪੜੇ ਕੱਢ ਕੇ ਪਾ ਲਏਂਗਾ, ਉਥੇ ਤਾਂ ਕੱਪੜਾ ਹੈ ਹੀ ਨਹੀਂ। ਫੇਰ ਡਰਾਉਣਾ ਲੱਗੇਂਗਾ, ਦਾਗਾਂ ਦੇ ਨਾਲ ਭਰਿਆ ਹੋਇਆ -

*ਧਾਰਨਾ - ਲੱਗੇਂਗਾ ਡਰਾਉਣਾ ਨੰਗਾ ਜਾਂਦਾ ਦੋਜਕਾਂ ਨੂੰ।*

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥* ਅੰਗ - ੪੭੧

ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ! ਇਹ ਜਿਹੜਾ ਮੋਹ ਹੈ ਇਹਦੇ ਨਾਲ ਹੋਏਗਾ ਕੀ? ਤੈਨੂੰ ਬਾਰ-ਬਾਰ ਜੰਮਣਾ ਪੈਣਾ ਹੈ। ਉਸੇ ਘਰ ਦੇ ਵਿਚ ਕਦੇ ਪਸ਼ੂ ਬਣ ਕੇ, ਕਦੇ ਕੁੱਤਾ ਬਣ ਕੇ, ਪਤਾ ਨਹੀਂ ਕਿਹੜੀ-ਕਿਹੜੀ ਜੂਨੀ ਹੋਵੇ ਕਿਉਂਕਿ ਮੋਹ ਦਾ ਬੰਨ੍ਹਿਆ ਹੋਇਆ ਬੰਦਾ, ਬਾਰ-ਬਾਰ ਜੰਮਦਾ ਹੈ ਤੇ ਜਿਹੜੀਆਂ ਪ੍ਰੀਤਾਂ ਤੂੰ ਪ੍ਰਮੇਸ਼ਰ ਨੂੰ ਛੱਡ ਕੇ ਸੰਸਾਰ ਵਿਚ ਲਾਈ ਫਿਰਦਾ ਹੈਂ, ਉਨ੍ਹਾਂ ਦੇ ਵਾਸਤੇ ਫੇਰ ਤੂੰ ਕਰਮ ਕਰਦਾ ਹੈਂ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥* ਅੰਗ - ੬੫੬

ਕਿਉਂਕਿ ਪ੍ਰੀਤ ਹੈ, ਤਾਂ ਫੇਰ ਲੁਟਾਉਂਦਾ ਹੈ, ਰਿਸ਼ਵਤਾਂ ਲੈਂਦਾ ਹੈ, ਦੁਨੀਆਂ ਨੂੰ ਤੰਗ ਕਰਦਾ ਹੈ, ਕੰਮ ਚੱਲਣ ਨਹੀਂ ਦਿੰਦਾ, ਹਰ ਥਾਂ 'ਤੇ ਰੁਕਾਵਟ ਪਾਉਂਦਾ ਹੈ, ਇਸ ਲਈ ਕਿ ਧਨ ਦੇ ਦੇਣ। ਧਨ ਮਿਲ ਜਾਂਦਾ ਹੈ, ਫੇਰ ਲਿਆ ਕੇ ਕਰਦਾ ਕੀ ਹੈਂ। ਤੇਰੇ ਤੋਂ ਤਾਂ ਖਾ ਨਹੀਂ ਹੁੰਦਾ -

*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥*
*ਅਵਰ ਵਸਤੁ ਤੁਝ ਪਾਹਿ ਅਮਾਨ ॥* ਅੰਗ - ੩੭੪

ਕੁੱਲੀ, ਜੁੱਲੀ, ਗੁੱਲੀ ਤਿੰਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ ਆਦਮੀ ਨੂੰ। ਪਾਪ ਦਾ ਧਨ ਲਿਆ ਕੇ ਫੇਰ ਲੇਖੇ ਵੀ ਦੇਣੇ ਪੈਂਦੇ ਨੇ - ***'ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥'*** ਕਿਉਂਕਿ ਡਰਾਉਣਾ ਹੋ ਗਿਆ, ਦਾਗ ਲਗ ਗਏ। ਮੋਹ ਤੇ ਪ੍ਰੀਤ ਨੇ -

*ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥*
ਅੰਗ - ੬੬੨

ਦਾਗ ਹੀ ਦਾਗ ਲਾਉਂਦਾ ਤੁਰਿਆ ਜਾਂਦਾ ਹੈ ਕਿਉਂਕਿ ਮੋਹ ਦੇ ਵਿਚ ਬੰਨ੍ਹਿਆ ਹੋਇਆ ਗਲਤ ਕੰਮ ਕਰਦਾ ਹੈ। ਪ੍ਰਮੇਸ਼ਰ ਨੂੰ ਭੁੱਲਦਾ ਹੈ, ਭੋਗਾਂ 'ਚ ਪੈ ਕੇ ਗਲਤ ਕੰਮ ਕਰਦਾ ਹੈ। ਉਹ ਠੱਪੇ ਲਗਦੇ ਚਲੇ ਜਾਂਦੇ ਨੇ। ਤੇ ਜਦੋਂ ਦਰਗਾਹ ਨੂੰ ਜਾਂਦਾ ਹੈ ਫੇਰ ਕੱਪੜਾ ਲੀੜਾ ਤਾਂ ਹੁੰਦਾ ਨਹੀਂ, ਫੇਰ ਨਗਨ ਜਾਂਦਾ ਹੈ। ਫੇਰ ਦੂਰੋਂ ਹੀ ਦਿਸਦਾ ਹੈ। ਦਰਗਾਹ 'ਚ ਉਹਨੂੰ ਥਾਂ ਨਹੀਂ ਮਿਲਦਾ। ਫੇਰ ਪਛਤਾਉਂਦਾ ਹੈ ਉਹ-

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* ਅੰਗ - ੪੬੪

ਦਾਗ ਲਾ ਕੇ ਇਥੋਂ ਜਾਂਦਾ ਹੈ। ਉਹ ਦਾਗ ਕਾਹਦੇ ਨੇ? ਦੋਸ਼ਾਂ ਦੇ -

*ਦਾਗ ਦੋਸ ਮੁਹਿ ਚਲਿਆ ਲਾਇ ॥* ਅੰਗ - ੬੬੨

ਮੂੰਹ ਦੇ ਉਤੇ ਠੱਪੇ ਲੱਗੇ ਪਏ ਨੇ।

*ਦਰਗਹ ਬੈਸਣ ਨਾਹੀ ਜਾਇ ॥* ਅੰਗ - ੬੬੨

ਹੁਣ ਦਰਗਾਹ 'ਚ ਕੌਣ ਬੈਠਣ ਦਏਗਾ? ਉਹ ਤਾਂ ਫੇਰ ਨਰਕਾਂ 'ਚ ਜਾਂਦਾ ਹੈ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
ਅੰਗ - ੧੪੨੫

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
ਅੰਗ - ੩੮

ਸੁਣ ਲਿਆ ਉਸ ਨੇ, ਸਾਰਾ ਜੀਵਨ ਉਹਦੇ ਸਾਮ੍ਹਣੇ ਆ ਗਿਆ ਕਿ ਹੈਂ? ਆਹ ਤਾਂ ਮੇਰੀ ਹੀ ਗੱਲ ਹੋ ਰਹੀ ਹੈ। ਮੈਂ ਹੀ ਪਤਾ ਨਹੀਂ ਕਿੰਨੇ ਦਾਗ ਲਾਏ ਨੇ। ਅੱਗੇ ਦਰਗਾਹ 'ਚ ਤਾਂ ਲੱਗਣੇ ਹੀ ਨੇ, ਮੇਰੇ ਸਰੀਰ 'ਤੇ ਤਾਂ ਹੁਣੇ ਹੀ ਲੱਗ ਗਏ। ਸਾਰਾ ਸਰੀਰ ਗਲ ਗਿਆ, ਕੋਹੜ ਹੋ ਗਿਆ, ਬਦਬੂ ਮਾਰਦੇ ਨੇ। ਨੇੜੇ ਮੇਰੇ ਕੋਈ ਨਹੀਂ ਆਉਂਦਾ। ਫੇਰ ਧਿਆਨ ਦਿੰਦਾ ਹੈ, ਧਿਆਨ ਦੇ ਕੇ ਸੁਣਦਾ ਹੈ। ਲੇਕਿਨ ਜਿਉਂ-ਜਿਉਂ ਸ਼ਬਦ ਸੁਣਦਾ ਹੈ, ਤਿਉਂ-ਤਿਉਂ ਆਰਾਮ ਆਉਂਦਾ ਤੁਰਿਆ ਜਾ ਰਿਹਾ ਹੈ। ਤਿਉਂ-ਤਿਉਂ ਕੋਈ ਸ਼ਾਂਤੀ ਆਉਂਦੀ ਹੈ, ਕਲਪਣ ਤੋਂ ਹਟ ਗਿਆ, ਧਿਆਨ ਦੇ ਕੇ

ਸੁਣਨ ਲਗ ਗਿਆ। ਉਸ ਵੇਲੇ ਫੇਰ ਆਵਾਜ਼ ਇਸ ਤਰ੍ਹਾਂ ਦੇ ਨਾਲ ਆਈ -

*ਧਾਰਨਾ - ਬਿਨਾਂ ਨਾਮ ਤੋਂ ਹੋਣਾ ਨਹੀਂ ਛੁਟਕਾਰਾ,*
*ਕਰਕੇ ਵਿਚਾਰ ਦੇਖ ਲੈ।*

ਨਵੀਂ ਬਾਤ ਸੁਣੀ ਕਿ ਛੁਟਕਾਰਾ ਨਾਮ ਤੋਂ ਬਗੈਰ ਨਹੀਂ ਹੋਣਾ। ਨਾਮ ਮਿਲਦੈ -

*ਕਰਮਿ ਮਿਲੈ ਆਖਣੁ ਤੇਰਾ ਨਾਉ ॥*
*ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਅੰਗ - ੬੬੨*

ਹੋਰ ਕੋਈ ਥਾਂ ਨਹੀਂ ਹੈ, ਕਿਸੇ ਤਰੀਕੇ ਨਾਲ ਬੰਦਾ ਇਸ ਭਵਜਲ ਤੋਂ ਤਰ ਨਹੀਂ ਸਕਦਾ। ਨਾਮ ਮਿਲੇ, ਉਸ ਨਾਮ ਨੂੰ ਆਖੇ, ਪਰ ਆਖਣਾ ਬਹੁਤ ਔਖਾ ਹੈ -

*ਆਖਣਿ ਅਉਖਾ ਸਾਚਾ ਨਾਉ ॥ ਅੰਗ - ੯*

ਆਦਮੀ ਸਮਝਦਾ ਹੋਇਆ ਵੀ ਜਪ ਨਹੀਂ ਸਕਦਾ। ਬਿਰਤੀ ਨਹੀਂ ਜੀ ਮੇਰੀ ਲਗਦੀ, ਫੁਰਨੇ ਆਉਂਦੇ ਨੇ। ਕਾਰਨ ਕੀ ਹੈ ਕਿ ਨਾਮ ਦੇ ਉਤੇ ਅਜੇ ਵਿਸ਼ਵਾਸ਼ ਨਹੀਂ ਆਇਆ। ਨਾਮ ਦੀ ਮਹਿਮਾ ਨੂੰ ਹਿਰਦੇ 'ਚ ਨਹੀਂ ਵਸਾਇਆ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਜੇ ਕੋ ਡੂਬੈ ਫਿਰਿ ਹੋਵੈ ਸਾਰ ॥*
*ਨਾਨਕ ਸਾਚਾ ਸਰਬ ਦਾਤਾਰ ॥ ਅੰਗ - ੬੬੨*

ਕਹਿੰਦੇ, ਪਿਆਰਿਆ! ਦਿਲ ਨਾ ਤੋੜ, ਵਾਹਿਗੁਰੂ ਐਸਾ ਸੱਚਾ ਦਾਤਾਰ ਹੈ, ਵੱਡੇ-ਵੱਡੇ ਪਾਪੀਆਂ ਨੂੰ ਬਖਸ਼ ਲੈਂਦਾ ਹੈ। ਵੱਡੇ-ਵੱਡੇ ਗੁਨਾਹਗਾਰਾਂ ਨੂੰ ਬਖਸ਼ਣ ਵਿਚ ਦੇਰ ਨਹੀਂ ਲਾਉਂਦਾ, ਸਕਿੰਟ ਹੀ ਲਾਉਂਦਾ ਹੈ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥ਅੰਗ - ੯੦੨*

ਸਾਰੀ ਜ਼ਿੰਦਗੀ ਪਾਪ ਕਰਦੇ ਨੂੰ, ਆਖਰੀ ਸਾਹ ਦੇ ਵਿਚ ਸੁਧ ਆ ਗਈ ਰਾਮ ਦੀ।

*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥*
*ਅੰਗ - ੯੦੨*

ਵੱਡੇ-ਵੱਡੇ ਜੋਗੀਸਰ ਜਿਸ ਗਤੀ ਨੂੰ ਭਾਲਦੇ ਨੇ, ਉਹ ਪ੍ਰਮੇਸ਼ਰ ਵਲ ਕੇਵਲ ਧਿਆਨ ਦੇਣ ਦੇ ਨਾਲ ਹੀ ਪ੍ਰਾਪਤ ਹੋ ਗਈ ਕਿਉਂਕਿ -

*ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ ॥*
*ਅੰਗ - ੯੯੯*

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*
*ਭਾਈ ਗੁਰਦਾਸ ਜੀ, ਵਾਰ ੧੧/੨੦*

ਪੁੱਤ ਕਹਿ ਕੇ ਨਾਰਾਇਣ ਨੂੰ ਹਾਕ ਮਾਰ ਦਿਤੀ।

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥*
*ਅੰਗ - ੯੮੧*

ਕਹਿੰਦੇ, ਇਹੋ ਜਿਹਾ ਦਾਤਾਰ ਤੇ ਦਿਆਲੂ ਹੈ ਕਿ ਜੇ ਭੁੱਲਿਆ-ਚੁਕਿਆ ਬੰਦਾ, ਡੁੱਬਦਾ-ਡੁੱਬਦਾ ਜੇ ਫੇਰ ਵੀ ਸਮਝ 'ਚ ਆ ਜਾਵੇ ਉਹਦੇ, ਕਹਿੰਦੇ ਫੇਰ ਵੀ ਉਹ ਤਰ ਜਾਇਆ ਕਰਦਾ ਹੈ। ਲੰਘ ਜਾਂਦਾ ਹੈ। ਜਦੋਂ ਐਨੀ ਗੱਲ ਸੁਣੀ ਤਾਂ ਸੋਝੀ ਆ ਗਈ ਕਿ ਹੈਂ, ਜਿਹੜੀ ਇਨ੍ਹਾਂ ਕੋਲ ਚੀਜ਼ ਨਾਮ ਹੈ, ਅਜੇ ਵੀ ਮੈਂ ਬਚ ਸਕਦਾ ਹਾਂ। ਐਨਾ ਗਲਿਆ ਹੋਇਆ ਸਰੀਰ ਮੇਰਾ ਤੰਦਰੁਸਤ ਹੋ ਸਕਦਾ ਹੈ ਤੇ ਮੈਂ ਫੇਰ ਵੀ ਤਰ ਸਕਦਾ ਹਾਂ। ਮੈਨੂੰ ਨਿਰਾਸ਼ ਹੋਣ ਦੀ ਲੋੜ ਨਹੀਂ, ਕਿਉਂਕਿ ਨਾਮ ਜਿਹੜਾ ਹੈ ਉਹ ਸਾਰੀਆਂ ਚੀਜ਼ਾਂ ਦੀ ਦਵਾ ਹੈ -

*ਧਾਰਨਾ - ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ।*

ਸਾਰੇ ਦੁੱਖਾਂ ਦੀ ਦਾਰੂ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥*
*ਅੰਗ - ੬੧੧*

ਜਦੋਂ ਮਨ ਅਰੋਗ ਹੋ ਗਿਆ, ਫੇਰ ਤਨ ਤਾਂ ਅਰੋਗ ਹੋ ਹੀ ਜਾਂਦਾ ਹੈ। ਫੇਰ ਬਿਮਾਰੀ ਹਟ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਦੀ ਬਾਤ ਜਦੋਂ ਸਮਝ ਆਈ, ਅੰਮ੍ਰਿਤ ਵੇਲਾ ਹੋ ਆਇਆ, ਇਸਨੂੰ ਕੁਝ ਸ਼ਾਂਤੀ ਆਈ, ਸ਼ਾਂਤੀ ਆਉਂਦੇ ਸਾਰ ਜਿਹੜੀ ਨੀਂਦ ਕਦੇ ਦੇਖੀ ਨਹੀਂ ਸੀ, ਉਹ ਆ ਗਈ, ਸੁੱਖ ਮਹਿਸੂਸ ਹੋਇਆ।

ਮਹਾਰਾਜ ਮਰਦਾਨੇ ਨੂੰ ਕਹਿਣ ਲੱਗੇ, ਮਰਦਾਨਿਆਂ! ਅੰਮ੍ਰਿਤ ਵੇਲਾ ਹੋ ਆਇਆ ਪਿਆਰਿਆ! ਹਰੀ ਦਾ ਜਸ ਕਰਨ ਦਾ ਫੇਰ ਸਮਾਂ ਹੋ ਗਿਆ ਤੇ ਆਪਾਂ ਇਸ਼ਨਾਨ ਕਰ ਲਈਏ। ਉਸ ਵੇਲੇ ਖੂਹ ਵਿਚੋਂ ਪਾਣੀ ਕੱਢਿਆ ਗਿਆ, ਮਹਾਰਾਜ ਨੂੰ ਇਸ਼ਨਾਨ ਕਰਾਉਣ ਵਾਸਤੇ, ਚੁਵੱਚੇ 'ਚ ਪਾਣੀ ਪਾਇਆ, ਚੁਵੱਚੇ 'ਚ ਸੁਥਰਾ ਪਾਣੀ ਪਾ ਕੇ ਮਹਾਰਾਜ ਦਾ ਇਸ਼ਨਾਨ ਕਰਾਇਆ। ਉਸ ਤੋਂ ਬਾਅਦ ਉਨ੍ਹਾਂ ਨੇ ਆਪਣਾ ਇਸ਼ਨਾਨ ਕਰਿਆ। ਭਾਈ ਬਾਲਾ ਜੀ ਨੇ ਕਰਿਆ ਤੇ ਸ੍ਵੈ ਸਰੂਪ ਦੇ ਵਿਚ ਲੀਨ ਹੋ ਕੇ ਆਪ ਬਹੁਤ ਦੇਰ ਸਮਾਧੀ ਸਥਿਤ ਰਹੇ। ਦਿਨ ਚੜ੍ਹਨ ਦੇ ਨੇੜੇ ਆਇਆ, ਉਸ ਵੇਲੇ ਫੇਰ ਹੁਕਮ ਹੋਇਆ ਕਿ ਮਰਦਾਨਿਆਂ! ਹਰੀ ਦਾ ਜਸ ਕਰ। ਹਰੀ ਦਾ ਜਸ ਕੀਤਾ ਤੇ ਇਸਨੂੰ ਜਾਗ ਆਈ। ਕੀ ਦੇਖਦਾ ਹੈ, ਸਰੀਰ ਦੀ ਪੀੜਾ ਰਹੀ ਹੀ ਨਹੀਂ ਹੈ। ਖਤਮ ਹੋ ਗਈ ਸਰੀਰ ਦੀ ਪੀੜਾ।

ਕਹਿਣ ਲੱਗਿਆ, ਇਹ ਤਾਂ ਕੋਈ ਫਰਿਸ਼ਤੇ ਆਏ ਨੇ, ਦਿਨ ਚੜ੍ਹੇ ਤੇ ਮੈਂ ਇਨ੍ਹਾਂ ਦੇ ਦਰਸ਼ਨ ਕਰਾਂ। ਕੌਣ ਆ ਗਏ ਇਹ? ਇਨ੍ਹਾਂ ਦੀ ਕਲਾਮ ਦੇ ਵਿਚ ਕੀ ਤਾਸੀਰ ਹੈ? ਕੀ ਜਾਦੂ ਹੈ ਇਨ੍ਹਾਂ ਦੀ ਕਲਾਮ ਦੇ ਅੰਦਰ? ਜਿਉਂ-ਜਿਉਂ ਇਹ ਬੋਲਦੇ ਗਏ, ਤਿਉਂ-ਤਿਉਂ ਮੈਂ ਰਾਜ਼ੀ ਹੁੰਦਾ ਗਿਆ।

ਅਖੀਰ ਦਿਨ ਚੜ੍ਹ ਆਇਆ, ਮਹਾਰਾਜ ਸਮਾਧੀ ਤੋਂ ਉਥਾਨ ਹੋਏ, ਆ ਕੇ ਚਰਨਾਂ 'ਤੇ ਢਹਿ ਪਿਆ।

ਕਹਿਣ ਲੱਗਿਆ, ਪਾਤਸ਼ਾਹ! ਮੈਨੂੰ ਬਖਸ਼ ਲੈ। ਤੂੰ

ਤਾਂ ਖੁਦਾ ਦੀ ਜਾਤ ਆ ਗਿਆ। ਕ੍ਰਿਪਾ ਕਰ, ਮੈਂ ਬੜਾ ਪਾਪੀ ਹਾਂ। ਸੱਚਮੁੱਚ ਜੋ ਤੁਸੀਂ ਬਚਨ ਕਹੇ ਨੇ ਸਾਰੇ ਮੇਰੇ ਜੀਵਨ ਵਿਚ ਲੰਘੇ ਨੇ। ਮੈਂ ਸੁਆਦਾਂ ਵਿਚ ਪਿਆ, ਮੇਰੇ ਦਾਗ ਲੱਗੇ, ਮੈਂ ਹੀ ਬਿਮਾਰ ਹੋਇਆ ਹਾਂ, ਮੈਂ ਪ੍ਰਮੇਸ਼ਰ ਨੂੰ ਭੁੱਲਿਆ, ਪਿੱਠ ਕੀਤੀ ਪ੍ਰਮੇਸ਼ਰ ਵਲ, ਅੱਜ ਪ੍ਰਮੇਸ਼ਰ ਦਾ ਮੈਂ ਜਸ ਸੁਣਿਆ ਤੇ ਇਹਦੇ ਨਾਲ ਮੇਰਾ ਸਰੀਰ, ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਠੀਕ ਹੋ ਰਿਹਾ ਹੈ।

ਉਸ ਵੇਲੇ ਕਹਿਣ ਲੱਗੇ, ਪਿਆਰਿਆ! ਵਸਤਰ ਲਾਹ ਕੇ, ਔਹ ਜਿੱਥੇ ਅਸੀਂ ਇਸ਼ਨਾਨ ਕਰਿਆ ਹੈ, ਉਸ ਜਲ 'ਚ ਇਸ਼ਨਾਨ ਕਰ ਲੈ। ਚਲਿਆ ਗਿਆ, ਜਾ ਕੇ ਇਸ਼ਨਾਨ ਕਰਿਆ। ਹੈਰਾਨ ਹੋ ਗਿਆ ਕਿ ਮੇਰਾ ਤਾਂ ਸਰੀਰ ਬਿਲਕੁਲ ਕੰਚਨ ਵਰਗਾ ਹੋ ਗਿਆ, ਕਿਤੇ ਕੋਈ ਦਾਗ ਨਹੀਂ ਰਿਹਾ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਗਿਆ, ਕਹਿਣ ਲੱਗਿਆ, ਪਾਤਸ਼ਾਹ! ਉਹ ਅਕਸੀਰ ਮੈਨੂੰ ਬਖਸ਼ ਦਿਓ ਜਿਹੜੀ ਤੇਰੇ ਕੋਲ ਹੈ, ਜਿਹਨੂੰ ਤੁਸੀਂ ਨਾਮ ਕਹਿੰਦੇ ਓ ਬਾਰ-ਬਾਰ। ਕ੍ਰਿਪਾ ਕਰੋ, ਮੈਨੂੰ ਉਸ ਦੀ ਸੋਝੀ ਦਿਓ। ਮੈਂ ਜੀਵਨ ਵਿਅਰਥ ਗੁਆ ਬੈਠਿਆ ਹੁਣ ਤੱਕ।

ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਸਾਮ੍ਹਣੇ ਬਿਠਾਇਆ, ਬਿਠਾ ਕੇ ਸਾਵਧਾਨ ਕੀਤਾ, ਕਹਿੰਦੇ, ਫਕੀਰ ਸਾਂਈਂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਤਿੰਨ ਵਾਰੀ ਕਹਿਣ ਦੀ ਦੇਰ ਸੀ, ਰੋਮ-ਰੋਮ ਵਿਚੋਂ ਧੁਨੀ ਉਠ ਖੜ੍ਹੀ ਨਾਮ ਦੀ, ਮਸਤ ਹੋ ਗਿਆ। ਕੀ ਦੇਖਦਾ ਹੈ ਕਿ ਸਾਰਾ ਬ੍ਰਹਿਮੰਡ ਨਾਮ ਜਪ ਰਿਹਾ ਹੈ। ਸਾਰੇ ਹੀ ਗਾ ਰਹੇ ਨੇ, ਸਾਰੇ ਹੀ ਨਾਮ ਜਪ ਰਹੇ ਨੇ। ਜਿੰਨਾਂ ਵੀ ਕੁਛ ਹੈ, ਧਰਤੀ, ਆਕਾਸ਼, ਪਤਾਲ, ਜੋ ਵੀ ਦ੍ਰਿਸ਼ਟੀ ਆਉਂਦਾ ਹੈ, ਜੋ ਵੀ ਪੰਛੀ ਬੋਲ ਰਿਹਾ ਹੈ, ਨਾਮ ਤੋਂ ਬਗੈਰ ਨਹੀਂ ਕੁਝ ਸੁਣ ਰਿਹਾ।

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* *ਅੰਗ - ੧੨੬੫*

ਤੰਦਰੁਸਤ ਹੋ ਗਿਆ, ਉਸ ਵੇਲੇ ਖੁਸ਼ੀ ਝੱਲੀ ਨਹੀਂ ਜਾਂਦੀ। ਸੱਚੇ ਪਾਤਸ਼ਾਹ! ਆਗਿਆ ਦਿਓ ਮੈਨੂੰ, ਵਸਤਰ ਦਿਤੇ ਮਹਾਰਾਜ ਜੀ ਨੇ ਕਿ ਆਹ ਪਹਿਨ ਲੈ। ਸੁੱਟ ਦੇ ਇਨ੍ਹਾਂ ਵਸਤਰਾਂ ਨੂੰ ਦੂਰ ਕਿਤੇ, ਕਿਸੇ ਹੋਰ ਨੂੰ ਰੋਗੀ ਕਰਨਗੇ। ਅੱਗ ਲਾ ਦੇ ਇਸ ਝੌਂਪੜੀ ਨੂੰ। ਸ਼ਹਿਰ ਵਿਚ ਚਲਿਆ ਗਿਆ, ਰੌਲਾ ਪੈ ਗਿਆ ਕਿ ਰਾਤ ਕੋਈ ਐਸਾ ਵਲੀ ਅੱਲਾਹ ਆਇਆ ਹੈ ਕੋਈ ਰੱਬ ਦਾ ਪਿਆਰਾ ਆਇਆ ਹੈ ਜਿਸਨੂੰ ਇਸ ਸ਼ਹਿਰ ਨੇ ਰਹਿਣ ਦਾ ਥਾਉਂ ਨਹੀਂ ਸੀ ਦਿਤਾ। ਰਾਤ ਕੱਟਣ ਨੂੰ ਥਾਂ ਨਹੀਂ ਸੀ ਦਿਤਾ ਤੇ ਪ੍ਰਮੇਸ਼ਰ ਦਾ ਪਿਆਰਾ ਇਸ ਫਕੀਰ ਦੀ ਝੌਂਪੜੀ 'ਚ ਚਲਿਆ ਗਿਆ, ਦੇਖੋ ਕਿਹੋ ਜਿਹਾ ਸੁੰਦਰ ਸਰੀਰ ਨਿਕਲਿਆ ਹੈ। ਇਕ ਰਾਤ ਲੱਗੀ ਹੈ ਸਾਰੀ ਤੇ ਕਿੰਨਾ ਸੋਹਣਾ ਸਰੂਪ ਇਹਦਾ ਨਿਕਲ ਆਇਆ, ਇਹਨੂੰ ਤਾਂ ਜਵਾਨ ਪੂਰਾ ਬਣਾ ਗਿਆ, ਕਿੱਥੇ ਗਿਆ ਇਹਦਾ ਰੋਗ? ਉਹਦੇ ਕੋਲ ਕਿਹੜੀ ਤਾਸੀਰ ਹੈ, ਅਸੀਂ ਭੁੱਲ ਗਏ? ਸਾਰੇ ਨਗਰ ਨੇ ਪਰ੍ਹਾ ਬੰਨ੍ਹਿਆ ਬੱਚੇ ਵੀ, ਮਾਈਆਂ ਵੀ, ਭਾਈ ਵੀ, ਲਾਈਨਾਂ ਲਾਈ ਆਉਂਦੇ ਨੇ ਗੁਰੂ ਸਾਹਿਬ ਕੋਲ, ਬੇਨਤੀਆਂ ਕਰਦੇ ਨੇ ਚਰਨਾਂ 'ਤੇ ਢਹਿ ਕੇ, ਪਾਤਸ਼ਾਹ! ਅਸੀਂ ਨਾਸਤਕ ਲੋਕ, ਅਸੀਂ ਨਹੀਂ ਜਾਣਦੇ, ਸਾਨੂੰ ਨਾ ਆਪ ਦੀ ਪਛਾਣ ਆਈ। ਅਸੀਂ ਤੁਹਾਨੂੰ ਦੋ ਫੁੱਟ ਜਗ੍ਹਾ ਨਾ ਦਿਤੀ ਪੈਣ ਵਾਸਤੇ, ਆਰਾਮ ਕਰਨ ਵਾਸਤੇ, ਤੁਹਾਡਾ ਨਿਰਾਦਰ ਕੀਤਾ। ਹੁਣ ਤੁਸੀਂ ਸਾਨੂੰ ਬਖਸ਼ੋ।

ਬੇਨਤੀਆਂ ਕਰਕੇ ਗੁਰੂ ਮਹਾਰਾਜ ਨੂੰ ਨਗਰ 'ਚ ਲੈ ਜਾਂਦੇ ਨੇ। ਮਹਾਰਾਜ ਨੇ ਉਥੇ ਫੇਰ ਤਾਸੀਰ ਜਿਹੜੀ ਇਸਨੂੰ ਵੰਡੀ, ਉਹ ਸਾਰੇ ਸ਼ਹਿਰ ਨੂੰ ਦੇ ਕੇ ਨਾਮ ਬਾਣੀ ਦੇ ਲੜ ਲਾ ਕੇ, ਅਸਲੀ ਮਾਰਗ ਦਰਸਾਇਆ।

ਸੋ ਇਸ ਕਰਕੇ ਸਾਧਸੰਗਤ ਜੀ! ਅਸਲੀ ਚੀਜ਼ ਸੰਸਾਰ ਦੇ ਅੰਦਰ ਨਾਮ ਹੈ, ਕਹਿੰਦੇ ਨਾਮ ਜਪਣ ਦਾ ਸਮਾਂ ਹੁਣ ਆਪਣੇ ਕੋਲ ਹੈ -

*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥* *ਅੰਗ - ੧੧੫੯*

19 ਤਰੀਕ ਨੂੰ ਮਨਸੂਰੀ ਮੀਟਿੰਗ ਹੋ ਰਹੀ ਸੀ, ਸਾਰੇ ਸਾਧੂ ਆਏ ਹੋਏ ਸੀ। ਮੇਰੇ ਬਰਾਬਰ ਸੰਤ ਮੱਖਣ ਸਿੰਘ ਜੀ ਜਿਹੜੇ ਸੰਤ ਕ੍ਰਿਪਾਲ ਸਿੰਘ ਜੀ ਤੋਂ ਬਾਅਦ, ਭਾਈ ਮਨੀ ਸਿੰਘ ਜੀ ਸੰਪਰਦਾ ਤੋਂ ਨੇ, ਭਾਈ ਸਾਹਿਬ ਭਾਈ ਉਹ ਬੈਠੇ ਸੀ, ਉਨ੍ਹਾਂ ਦੇ ਨਾਲ ਲਗਦੇ ਜੱਥੇਦਾਰ ਬੈਠੇ ਸੀ, ਭਾਈ ਸਾਹਿਬ ਭਾਈ ਹਾਕਮ ਸਿੰਘ, ਦਮਦਮਾ ਸਾਹਿਬ। ਬਚਨ ਹੁੰਦੇ ਗਏ, ਉਹ ਬਾਰ-ਬਾਰ ਮੇਰੇ ਵਲ ਦੇਖਦੇ ਸੀ, ਮੈਂ ਹੈਰਾਨ ਸੀ ਕਿ ਇਹ ਬਾਰ-ਬਾਰ ਕਿਉਂ ਦੇਖੀ ਜਾਂਦੇ ਨੇ, ਹੋਰ ਤਾਂ ਕੋਈ ਨਹੀਂ ਦੇਖਦਾ। ਥੋੜ੍ਹੀ ਜਿਹੀ ਦੇਰ ਹੋਵੇ, ਫੇਰ ਮੇਰੇ ਵਲ ਦੇਖਣ ਲਗ ਜਾਣ। ਉਸ ਤੋਂ ਬਾਅਦ ਉਹ ਚਲੇ ਜਾਂਦੇ ਨੇ, ਛੁੱਟੀ ਲੈ ਲਈ ਤੇ ਨਾਲ ਉਨ੍ਹਾਂ ਨੇ ਕਿਹਾ ਕਿ ਜੋ ਤੁਸੀਂ ਫੈਸਲਾ ਕਰੋਂਗੇ, ਅਸੀਂ ਉਹਦੇ ਮੁਤਾਬਿਕ ਹੀ ਮੰਨਾਂਗੇ। ਕਿਉਂਕਿ ਮੈਨੂੰ ਇਸ ਤਰ੍ਹਾਂ ਲੱਗਿਆ ਕਿ ਤੁਸੀਂ ਸਹੀ ਫੈਸਲਾ ਲਵੋਂਗੇ। ਕੱਲ੍ਹ ਅਖਬਾਰ 'ਚ ਪੜ੍ਹਿਆ ਉਹ ਚੜ੍ਹਾਈ ਵੀ ਕਰ ਗਏ। 19 ਨੂੰ ਸਾਡੇ ਕੋਲੋਂ ਗਏ ਨੇ, 20 ਤੇ 21 ਵਿਚਾਲੇ ਗਈ ਹੈ, 21 ਦੀ ਰਾਤ ਨੂੰ ਚੜ੍ਹਾਈ ਕਰ ਗਏ। ਕੋਈ ਪਤਾ ਨਹੀਂ ਕਿਹੜੇ ਵੇਲੇ ਆ ਕੇ ਕਾਲ ਦਾ ਗੁਲੇਲਾ ਵੱਜੇ। ਉਸ ਤੋਂ ਪਹਿਲਾਂ-ਪਹਿਲਾਂ ਜਿਹੜਾ ਸਮਾਂ ਸਾਨੂੰ ਮਿਲਿਆ ਹੈ, ਉਹਨੂੰ ਲੇਖੇ 'ਚ ਲਾ ਲਓ।

*ਧਾਰਨਾ - ਲੁੱਟ-ਲੁੱਟ ਲਓ ਨਸੀਬਾਂ ਵਾਲੇ ਬੰਦਿਓ,*
*ਲੁੱਟ ਪੈ ਗਈ ਰਾਮ ਨਾਮ ਦੀ।*

*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥*
*ਅੰਗ - ੧੩੬੬*

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥* *ਅੰਗ- ੧੩੬੬*

ਸਮਾਂ ਲੰਘ ਜਾਣਾ ਹੈ, ਫੇਰ ਹੱਥ ਨਹੀਂ ਆਉਣਾ। ਸੋ ਐਸਾ ਨਾਮ ਜਿਸਦੇ ਬਾਰੇ ਆਪਾਂ ਵੀਚਾਰ ਕੀਤੀ ਹੈ, ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲਾ, ਦਰਗਾਹ ਦੇ ਵਿਚ ਸਹਾਇਤਾ ਦੇਣ ਵਾਲਾ, ਜਿਸਦੇ ਹਿਰਦੇ ਵਿਚ ਵਸ ਜਾਵੇ –

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥* *ਅੰਗ– ੧੧੫੫*

ਰਾਜਿਆਂ ਤੋਂ ਰਾਜਾ ਬਣ ਜਾਂਦਾ ਹੈ। ਸੋ ਐਸਾ ਨਾਮ ਜਪਣ ਦਾ ਵੇਲਾ, ਸਾਨੂੰ ਪ੍ਰਾਪਤ ਹੋਇਆ। ਲੇਕਿਨ ਮਾਇਆ ਐਡੀ ਪਰਬਲ ਹੈ ਕਿ ਉਹ ਸਾਡੇ ਪੈਰ ਨਹੀਂ ਲੱਗਣ ਦਿੰਦੀ। ਐਡੀਆਂ ਜ਼ਬਰਦਸਤ ਲਹਿਰਾਂ, ਘੁੰਮਣ ਘੇਰੀਆਂ ਨੇ ਕਿ ਸਾਨੂੰ ਹੋਸ਼ ਹੀ ਨਹੀਂ ਆ ਰਹੀ। ਨਾਮ ਜਪਣ ਬੈਠਦੇ ਹਾਂ, ਕਿਤੇ ਦੀ ਕਿਤੇ ਮਨ ਚਲਿਆ ਜਾਏਗਾ। ਬਿਰਤੀ ਇਕਾਗਰ ਨਹੀਂ ਹੁੰਦੀ, ਗੱਲ ਸਮਝ 'ਚ ਨਹੀਂ ਪੈਂਦੀ। ਸਮਾਂ ਰੋਜ਼ ਲੰਘ ਜਾਂਦਾ ਹੈ, 24000 ਸਵਾਸ ਰੋਜ਼ ਲੰਘ ਜਾਂਦਾ ਹੈ। ਸੋ ਐਨਾ ਘਾਟਾ ਅਸੀਂ ਪਾ ਕੇ ਆਪਣਾ ਜੀਵਨ ਲੰਘਾ ਰਹੇ ਹਾਂ ਤੇ ਮਹਾਰਾਜ ਕੋਲ ਅਰਦਾਸ ਕਰੀ ਹੈ ਕਿ ਹੇ ਪ੍ਰਭੂ! –

*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥* *ਅੰਗ – ੬੯੪*

ਦਰਸ਼ਨ ਅੰਦਰ ਹੀ ਹੈ, ਕੋਈ ਬਾਹਰ ਨਹੀਂ ਹੈ, ਜਾਂ ਦੂਰੋਂ ਆ ਕੇ ਦੇਣੇ ਨੇ। ਮਾੜਾ ਜਿਹਾ ਫਰਕ ਹੈ –

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ – ੬੨੪*

'ਮੈਂ' ਪਰ੍ਹੇ ਹੋ ਜਾਵੇ, ਪ੍ਰਮੇਸ਼ਰ ਆ ਜਾਂਦਾ ਹੈ। ਜਿੰਨਾਂ ਚਿਰ ਮੈਂ ਹੈ ਇਹਦੇ ਅੰਦਰ, ਕੋਲ ਹੁੰਦਾ ਪ੍ਰਮੇਸ਼ਰ ਪ੍ਰਗਟ ਨਹੀਂ ਹੁੰਦਾ। ਕਿਉਂਕਿ ਜਿਵੇਂ ਪਾਣੀ ਨੂੰ ਬੂਰ ਨੇ ਢਕ ਲਿਆ, ਇਸ ਤਰ੍ਹਾਂ ਇਸ ਮੈਂ ਨੇ ਪ੍ਰਮੇਸ਼ਰ ਨੂੰ ਢਕਿਆ ਹੋਇਆ ਹੈ। ਅਣਹੋਈ ਚੀਜ਼ ਹੈ, ਹੈ ਨਹੀਂ, ਨਾ ਇਹਦੀ ਕੋਈ ਜੜ੍ਹ ਹੈ। ਨਾ ਇਹ ਕਦੇ ਪੈਦਾ ਹੋਈ ਹੈ। ਇਕ ਕੇਵਲ ਭਰਮ ਹੈ, ਮਾਇਆ ਹੈ, ਕੋਈ ਤਿਲਸਮ ਜਾਦੂ ਹੈ ਕੋਈ ਐਸਾ, ਜਿਹੜਾ ਬੰਦੇ ਨੂੰ ਪ੍ਰਮੇਸ਼ਰ ਨੂੰ ਦਿਸਣ ਨਹੀਂ ਦਿੰਦਾ, ਵਿਛੋੜ ਕੇ ਹੀ ਰਖਦਾ ਹੈ ਤੇ ਇਹਦਾ ਇਲਾਜ ਕੇਵਲ ਨਾਮ ਹੈ –

*ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ............॥*
*ਅੰਗ – ੮੫੩*

ਜਿਵੇਂ ਗਰੁੜ ਸੱਪਾਂ ਦਾ ਵੈਰੀ ਹੁੰਦਾ ਹੈ, ਇਸ ਤਰ੍ਹਾਂ ਨਾਮ ਮਾਇਆ ਦਾ ਵੈਰੀ ਹੈ –

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥*
*ਅੰਗ – ੫੬੦*

ਦੋ ਰਹਿੰਦੇ ਹੀ ਨਹੀਂ, ਜਦੋਂ ਨਾਮ ਆ ਗਿਆ, ਹਉਮੈ ਨੇ ਨਾਸ਼ ਹੋ ਜਾਣਾ ਹੈ। ਜਿਸ ਕੰਮ ਨੂੰ ਅਸੀਂ ਕਰਨ ਵਾਸਤੇ ਆਏ ਹਾਂ –

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥* *ਅੰਗ – ੬੯੪*

ਆਸ ਲਗਾ ਕੇ ਲੰਘ ਰਿਹਾ ਹਾਂ, ਦਰਸ਼ਨ ਉਸ ਵੇਲੇ ਹੀ ਕਰੇ ਸੀ, ਜਿਸ ਵੇਲੇ ਅਸੀਂ ਜੀਵ ਬਣ ਗਏ। ਉਸ ਵੇਲੇ ਦਾ ਸਫਰ ਸਾਡੇ ਗਲ ਪਿਆ ਹੋਇਆ ਹੈ, ਕਰਮਾਂ ਦਾ ਬੰਨ੍ਹੇ ਹੋਏ ਤੁਰੇ ਹੀ ਫਿਰਦੇ ਹਾਂ, ਤੁਰੇ ਹੀ ਫਿਰਦੇ ਹਾਂ, ਕੋਈ ਠਿਕਾਣਾ ਨਹੀਂ ਮਿਲ ਰਿਹਾ। ਸੋ ਸਾਧਸੰਗਤ ਜੀ! ਟਿਕਾਣਾ ਨਾਮ ਪ੍ਰਾਪਤ ਹੋਣ ਨਾਲ ਹੈ, ਨਾਮ ਦੇ ਪ੍ਰਾਪਤ ਹੋਣ ਦੇ ਨਾਲ ਕਰਮਾਂ ਦਾ ਸਟੋਰ ਜਲ ਜਾਇਆ ਕਰਦਾ ਹੈ, ਜਿਹੜੇ ਪ੍ਰਾਲਬਧ ਕਰਮ ਨੇ ਉਹ ਤਾਂ ਭੋਗ ਹੀ ਲੈਣੇ ਨੇ, ਉਹ ਤਾਂ ਮਿਟਿਆ ਨਹੀਂ ਕਰਦੇ –

*ਭੋਗੇ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।*

ਜਿਹੜੇ ਕਰਮ ਅਜੇ ਪਏ ਨੇ ਸਟੋਰ ਵਿਚ, ਇਨ੍ਹਾਂ ਸੰਚਿਤ ਕਰਮ ਕਹਿੰਦੇ ਨੇ, ਉਹ ਅਜੇ ਕਿੰਨਿਆਂ ਜਨਮਾਂ 'ਚ ਜਾ ਕੇ ਭੋਗਣੇ ਨੇ। ਉਹ ਕਰਮਾਂ ਨੇ ਸਾਨੂੰ ਜਨਮ 'ਚ ਲਿਆਉਣਾ ਹੈ, ਜੇ ਕਰਮਾਂ ਦਾ ਨਾਸ਼ ਹੋ ਜਾਵੇ, ਫੇਰ ਜਨਮ ਮਰਨ ਖਤਮ ਹੋ ਜਾਂਦਾ ਹੈ। ਸੋ ਉਨ੍ਹਾਂ ਦਾ ਨਾਸ਼ ਗੁਰੂ ਦਾ ਸ਼ਬਦ ਹੈ। ਗੁਰੂ ਦੇ ਸ਼ਬਦ 'ਚ ਐਨਾ ਬਲ ਹੈ, ਜਿਸ ਤਰ੍ਹਾਂ ਬੀਜ ਦਾ ਕੋਠਾ ਭਰਿਆ ਹੋਵੇ, ਉਹਦੇ ਵਿਚ ਅੱਗ ਦਾ ਸੇਕ ਲਗ ਜਾਵੇ, ਉਹ ਸਾਰੇ ਜਿਹੜੇ ਦਾਣੇ ਨੇ ਧੁਆਂਖੇ ਜਾਂਦੇ ਨੇ। ਉਨ੍ਹਾਂ 'ਚ ਜੰਮਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਲ ਸਾਡੇ ਜਿਹੜੇ ਕਰੋੜਾਂ-ਕਰੋੜਾਂ ਜਨਮਾਂ ਦੇ ਕਰਮ ਨੇ –

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥* *ਅੰਗ – ੧੧੯੫*

ਪ੍ਰਮੇਸ਼ਰ ਦੇ ਨਾਮ 'ਚ ਇਹ ਸ਼ਕਤੀ ਹੈ ਕਿ ਉਹਨੂੰ ਗਿਆਨ ਜਿਹੜਾ ਹੈ ਉਹ ਦਗਧ ਕਰ ਦਿੰਦਾ ਹੈ। ਗਿਆਨ ਦੇ ਦਗਧ ਕਰਨ ਨਾਲ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਤਿੰਨ ਚੀਜ਼ਾਂ ਮਿਲਣ ਤਾਂ ਭਾਂਡਾ ਜੁੜਿਆ ਰਹਿੰਦਾ ਹੈ, ਇਕ ਤਾਂ ਅੰਤਸ਼ਕਰਣ ਹੋਵੇ, ਇਕ ਅਗਿਆਨ ਹੋਵੇ, ਇਕ ਆਤਮਾ ਹੋਵੇ। ਜੇ ਇਨ੍ਹਾਂ 'ਚੋਂ ਜਿਹੜਾ ਅਗਿਆਨ ਹੈ, ਇਹਨੇ ਭਾਂਡਾ ਬਣਾਇਆ ਹੋਇਆ ਹੈ। ਆਤਮਾ ਤਾਂ ਅਕਾਸ਼ (space) ਹੈ ਵਿਚ ਦੀ। ਭਾਂਡਾ ਜਿਹੜਾ ਬਣਾਇਆ ਹੋਇਆ ਹੈ ਉਹ ਅਗਿਆਨ ਨੇ। ਜਿਹੜਾ ਭਾਂਡਾ ਬਣਿਆ ਹੋਇਆ ਹੈ ਉਹ ਅੰਤਸ਼ਕਰਣ ਹੈ। ਜੇ ਅਗਿਆਨ ਦਾ ਨਾਸ਼ ਹੋ ਜਾਵੇ ਤਾਂ ਭਾਂਡਾ ਟੁੱਟ ਜਾਏਗਾ, ਜਿਹੜੀਆਂ ਇਹਦੇ 'ਚ ਚੀਜ਼ਾਂ ਪਈਆਂ ਨੇ ਉਹ ਖਿੱਲਰ ਜਾਣਗੀਆਂ ਤੇ ਅੰਤਸ਼ਕਰਣ ਸਾਫ ਹੋ ਜਾਏਗਾ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ – ੬੫੧*

ਉਹ ਸਿਆਹੁ ਪੁਣਾ ਉਤਰ ਜਾਏਗਾ ਤੇ ਫੇਰ ਸਾਨੂੰ ਨਾਮ ਨੇ ਨਾਮੀ ਨਾਲ ਜੋੜ ਦੇਣਾ ਹੈ, ਪ੍ਰਮੇਸ਼ਰ ਨਾਲ ਜੋੜ ਦੇਣਾ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

**********

# ਜਨਮੁ ਪਦਾਰਥੁ ਸਫਲੁ ਹੋਇ

*ਪ੍ਰਵਚਨ - ਸੰਤ ਬਾਬਾ ਲਖਬੀਰ ਸਿੰਘ ਜੀ*
*ਸੰਪਾਦਕ - ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-23)*

ਤੀਸਰੀ ਹਿੰਸਾ ਬਚਨਾਂ ਦੀ ਹੋਇਆ ਕਰਦੀ ਹੈ। ਫਿੱਕੇ ਬਚਨ ਬੋਲ ਕੇ ਕਿਸੇ ਦਾ ਮਨ ਦੁਖਾ ਦੇਣਾ, ਇਸ ਨੂੰ ਬਚਨਾਂ ਦੀ ਹਿੰਸਾ ਕਹਿੰਦੇ ਹਨ। ਇਸ ਲਈ ਕਦੇ ਵੀ ਕਿਸੇ ਨੂੰ ਆਪਣੀ ਜ਼ੁਬਾਨ ਨਾਲ ਫਿੱਕਾ ਨਹੀਂ ਬੋਲਣਾ ਚਾਹੀਦਾ ਕਿਉਂਕਿ ਇਸ ਨਾਲ ਮਾਨਸਿਕ ਹਿੰਸਾ ਹੋ ਜਾਂਦੀ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ -

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥* *ਅੰਗ - ੪੭੩*
*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥*
*ਅੰਗ - ੧੩੮੪*

ਜਿਸ ਤਰ੍ਹਾਂ ਤਿੱਖੇ ਸ਼ਸਤਰ ਦੇ ਵਾਰ ਨਾਲ ਸਰੀਰ ਤੇ ਜ਼ਖਮ ਹੋ ਜਾਂਦਾ ਹੈ, ਇਸੇ ਤਰ੍ਹਾਂ ਫਿੱਕੇ ਬੋਲਾਂ ਨਾਲ, ਮਾੜਾ ਬਚਨ ਕਹਿਣ ਨਾਲ ਦੂਜੇ ਦਾ ਹਿਰਦਾ ਵਿੰਨ੍ਹਿਆ ਜਾਂਦਾ ਹੈ। ਸਭ ਦੇ ਹਿਰਦੇ ਅੰਦਰ ਪ੍ਰਭੂ ਦਾ ਵਾਸਾ ਹੈ, ਸਾਰੇ ਹਿਰਦੇ ਅਮੋਲਕ ਲਾਲ ਹਨ, ਇਸ ਕਰਕੇ ਕਿਸੇ ਦਾ ਹਿਰਦਾ ਦੁਖਾਉਣਾ ਠੀਕ ਨਹੀਂ ਹੁੰਦਾ। ਸਰੀਰ ਦਾ ਘਾਉ ਤਾਂ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ ਪਰ ਹਿਰਦੇ ਦਾ ਘਾਉ ਨਹੀਂ ਭਰਿਆ ਕਰਦਾ। ਮਹਾਂਭਾਰਤ ਦਾ ਇਤਿਹਾਸ ਜਦੋਂ ਪੜ੍ਹਦੇ ਹਾਂ ਤਾਂ ਪਾਂਡਵਾਂ ਨੇ ਇਕ ਦਿਨ ਕੌਰਵਾਂ ਨੂੰ ਆਪਣੇ ਨਵੇਂ ਮਹਿਲ ਵਿਚ ਬੁਲਾਇਆ। ਉਥੇ ਸੁੱਕੇ ਥਾਂ ਦੇ ਭੁਲੇਖੇ ਦੁਰਯੋਧਨ ਪਾਣੀ ਵਿਚ ਤਿਲਕ ਕੇ ਡਿੱਗ ਪਿਆ। ਦਰੋਪਤੀ ਨੇ ਆਪਣੀ ਜ਼ੁਬਾਨ ਨਾਲ ਕੇਵਲ ਇਕ ਗੱਲ ਦੁਰਯੋਧਨ ਨੂੰ ਆਖੀ ਸੀ ਕਿ 'ਅੰਨ੍ਹੇ ਦੀ ਔਲਾਦ ਆਖਰ ਅੰਨ੍ਹੀ ਹੀ ਰਹੀ'' ਜਿਸ ਕਾਰਨ ਦੁਰਯੋਧਨ ਨੇ ਭਰੀ ਸਭਾ ਵਿਚ ਦਰੋਪਤੀ ਦੀ ਪੱਤ ਲਾਹੁਣ ਦੀ ਕੋਸ਼ਿਸ਼ ਕੀਤੀ ਤੇ ਮਹਾਂਭਾਰਤ ਦੇ ਯੁੱਧ ਦਾ ਬੀਜ ਬੀਜਿਆ ਗਿਆ। ਜਿਸ ਦੇ ਫਲਸਰੂਪ ਮਹਾਂਭਾਰਤ ਦੇ ਯੁੱਧ ਵਿਚ 43 ਲੱਖ ਬੰਦਾ ਮਾਰਿਆ ਗਿਆ। ਇਸ ਕਰਕੇ ਜ਼ੁਬਾਨ ਨਾਲ ਕਦੇ ਵੀ ਕੌੜਾ ਜਾਂ ਫਿੱਕਾ ਬਚਨ ਨਹੀਂ ਬੋਲਣਾ ਚਾਹੀਦਾ, ਨਿੰਮ੍ਰਤਾ ਵਿਚ ਰਹਿ ਕੇ ਸਦਾ ਮਿੱਠਾ ਬੋਲਣਾ ਚਾਹੀਦਾ ਹੈ ਕਿਉਂਕਿ ਇਹ ਸਾਰੀਆਂ ਚੰਗਿਆਈਆਂ ਦਾ ਤੱਤ ਹੈ ਜਿਵੇਂ ਕਿ ਫੁਰਮਾਨ ਹੈ -

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥*
*ਅੰਗ - ੪੭੦*

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥*
*ਅੰਗ - ੭੮੪*

ਪਿਆਰੇ ਸਤਿਗੁਰੂ ਜੀ ਆਪ ਮਿੱਠੇ ਬਚਨ ਕਰਨ ਵਾਲੇ ਹਨ ਤੇ ਕਦੀ ਵੀ ਕੌੜਾ ਨਹੀਂ ਬੋਲਦੇ ਅਤੇ ਉਨ੍ਹਾਂ ਨੇ ਆਪਣੇ ਗੁਰਸਿੱਖਾਂ ਨੂੰ ਵੀ ਮਿੱਠਾ ਬੋਲਣਾ ਸਿਖਾਇਆ ਹੈ। ਇਸ ਕਰਕੇ ਸਦਾ ਮਿੱਠਾ ਬੋਲਣਾ ਚਾਹੀਦਾ ਹੈ।

ਚੌਥੀ ਹਿੰਸਾ ਸਰੀਰ ਦੀ ਹੁੰਦੀ ਹੈ ਜਿਵੇਂ ਕਿਸੇ ਨੂੰ ਸਰੀਰ ਨਾਲ ਨੁਕਸਾਨ ਪਹੁੰਚਾਇਆ ਜਾਂਦਾ ਹੈ। ਬੇਗੁਨਾਹਾਂ ਨੂੰ ਮਾਰਨਾ, ਕਿਸੇ ਦੀ ਹੱਤਿਆ ਕਰ ਦੇਣੀ, ਆਪਣੀ ਜੀਭ ਦੇ ਸੁਆਦ ਚੱਖਣ ਵਾਸਤੇ ਬੇਜ਼ੁਬਾਨ ਜਾਨਵਰਾਂ ਦਾ ਗਲਾ ਵੱਢ ਦੇਣਾ ਆਦਿ, ਇਸ ਨੂੰ ਸਰੀਰਕ ਹਿੰਸਾ ਕਹਿੰਦੇ ਹਨ। ਇਕ ਵੇਰਾਂ ਦਾ ਜ਼ਿਕਰ ਹੈ ਕਿ ਦਮਦਮੀ ਟਕਸਾਲ ਵਾਲੇ ਮਹਾਂਪੁਰਸ਼ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਇਕ ਮਾਈ ਨੇ ਪੁੱਛਿਆ ਕਿ ਬਾਬਾ ਜੀ ਮਾਸ ਖਾ ਲੈਣਾ ਚਾਹੀਦਾ ਹੈ ਤਾਂ ਮਹਾਂਪੁਰਸ਼ ਕਹਿੰਦੇ ਮਾਈ! ਜੇ ਤੂੰ ਆਪਣਾ ਮਾਸ ਖਾਣਾ ਹੈ ਤਾਂ ਖਾ ਲੈ ਕਿਉਂਕਿ ਬਦਲਾ ਦੇਣਾ ਪੈਂਦਾ ਹੈ।

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥*
*ਅੰਗ - ੧੩੭੪*

ਕਸਾਈ ਬੱਕਰੀ ਦਾ ਗਲ ਵੱਢ ਕੇ ਮਾਸ ਤਿਆਰ ਕਰਦਾ ਹੈ। ਕਸਾਈ ਵੀ ਤੇ ਮਾਸ ਖਾਣ ਵਾਲੇ ਵੀ ਸੀਖਾਂ ਤੇ ਭੁੰਨ ਕੇ ਲੂਣ ਲਾ ਕੇ ਖਾਂਦੇ ਹਨ। ਉਹ ਬੱਕਰੀ ਮਰਦੀ ਹੋਈ ਉਨ੍ਹਾਂ ਦੀ ਬੇਸਮਝੀ ਤੇ ਹੱਸਦੀ ਹੈ ਤੇ ਕਹਿੰਦੀ ਹੈ ਕਿ ਅੱਕ ਦੇ ਖਾਣ ਨਾਲ ਮੇਰਾ ਇਹ ਹਾਲ ਹੋਇਆ ਹੈ, ਜਿਹੜੇ ਮਨੁੱਖ ਮੇਰੀ ਗਰਦਨ ਤੇ ਛੁਰੀ ਚਲਾ ਕੇ ਮੇਰਾ ਮਾਸ ਖਾਂਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ?

*ਕੁਹੈ ਕਸਾਈ ਬੱਕਰੀ ਲਾਇ ਲੂਣ ਸੀਖ ਮਾਸ ਪਰੋਆ॥*
*ਹਸਿ ਹਸਿ ਬੋਲੈ ਕੁਹੀ ਦੀ ਖਾਧੇ ਅੱਕੁ ਹਾਲ ਏਹੁ ਹੋਆ।*
*ਮਾਸ ਖਾਣ ਗਲ ਛੁਰੀ ਦੇ ਹਾਲ ਤਿਨਾੜਾ ਕਉਣ ਅਲੋਆ।*
*(ਵਾਰ ਭਾਈ ਗੁਰਦਾਸ ਜੀ, ੩੭/੨੧)*

*ਬੇਦੁ ਪੜੈ ਮੁਖਿ ਮੀਠੀ ਬਾਣੀ॥*
*ਜੀਆਂ ਕੁਹਤ ਨ ਸੰਗੈ ਪਰਾਣੀ॥* *ਅੰਗ - ੨੦੧*

ਮਹਾਰਾਜ ਕਹਿੰਦੇ ਕਿ ਬੇਦਾਂ ਦਾ ਪਾਠ ਤਾਂ ਬੜੀ ਮਿੱਠੀ ਸੁਰ ਨਾਲ ਕਰਦਾ ਹੈ ਪਰ ਜੀਵਾਂ ਨੂੰ ਮਾਰਨ ਲੱਗੇ ਤੈਨੂੰ ਤਰਸ ਕਿਉਂ ਨਹੀਂ ਆਉਂਦਾ? ਸਾਰੇ ਜੀਵ ਪ੍ਰਭੂ ਦੇ ਹਨ, ਦਇਆ ਕਰਨ ਨਾਲ ਅਠਾਹਠ ਤੀਰਥਾਂ ਦਾ ਫਲ

ਮਿਲ ਜਾਂਦਾ ਹੈ।

*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*

*ਅੰਗ - ੧੩੬*

ਇਕ ਵੇਰਾਂ ਮਹਾਤਮਾ ਬੁੱਧ ਜੀ ਤੁਰੇ ਜਾ ਰਹੇ ਸਨ, ਉਨ੍ਹਾਂ ਨੇ ਦੇਖਿਆ ਕਿ ਇਕ ਆਜੜੀ ਭੇਡਾਂ ਦਾ ਇੱਜੜ ਲੈ ਕੇ ਜਾ ਰਿਹਾ ਸੀ। ਇਕ ਲੇਲਾ ਲੰਗੜਾ ਕੇ ਤੁਰਦਾ ਸੀ ਜੋ ਪਿਛੇ ਰਹਿ ਜਾਂਦਾ ਸੀ, ਆਜੜੀ ਡੰਡੇ ਮਾਰ ਕੇ ਉਸ ਨੂੰ ਨਾਲ ਰਲਾ ਰਿਹਾ ਸੀ। ਮਹਾਤਮਾ ਬੁੱਧ ਨੂੰ ਦੇਖ ਕੇ ਤਰਸ ਆਇਆ ਤੇ ਉਸ ਨੂੰ ਪੁੱਛ ਕੇ ਲੇਲੇ ਨੂੰ ਗੋਦ ਵਿਚ ਚੁੱਕ ਲਿਆ। ਥੋੜ੍ਹੀ ਦੇਰ ਬਾਅਦ ਉਸ ਦਾ ਡਰ ਦੂਰ ਹੋ ਗਿਆ ਤੇ ਮਹਾਤਮਾ ਦੇ ਮੁੱਖੜੇ ਨੂੰ ਮੂੰਹ ਲਾ ਕੇ ਪਿਆਰ ਕਰਨ ਲੱਗ ਪਿਆ। ਜਦੋਂ ਪਿੰਡ ਨੇੜੇ ਆਇਆ ਤਾਂ ਮਹਾਤਮਾ ਬੁੱਧ ਨੇ ਲੇਲੇ ਨੂੰ ਹੇਠਾਂ ਲਾਹ ਕੇ ਪਿਆਰ ਦੇ ਕੇ ਛੱਡ ਦਿਤਾ। ਜਦੋਂ ਮਹਾਤਮਾ ਬੁੱਧ ਤੁਰ ਪਏ ਤਾਂ ਲੇਲਾ ਵੀ ਇੱਜੜ 'ਚੋਂ ਨਿਕਲ ਕੇ ਮਹਾਤਮਾ ਬੁੱਧ ਦੇ ਪਿੱਛੇ-ਪਿੱਛੇ ਤੁਰ ਪਿਆ। ਆਜੜੀ ਹੈਰਾਨ ਹੋ ਕੇ ਕਹਿਣ ਲੱਗਿਆ ਮੈਂ ਇਸ ਦਾ ਮਾਲਕ ਹਾਂ, ਮੈਨੂੰ ਛੱਡ ਕੇ ਇਹ ਤੁਹਾਡੇ ਪਿੱਛੇ ਕਿਉਂ ਤੁਰ ਪਿਆ? ਮਹਾਤਮਾ ਬੁੱਧ ਜੀ ਕਹਿਣ ਲੱਗੇ ਕਿ ਬੇਜ਼ੁਬਾਨ ਤੇ ਤਰਸ ਕਰਨ ਨਾਲ ਇਨ੍ਹਾਂ ਦਾ ਪਿਆਰ ਮਿਲਦਾ ਹੈ, ਪ੍ਰਮਾਤਮਾ ਦੀ ਖੁਸ਼ੀ ਮਿਲਦੀ ਹੈ।

ਗਜ਼ਨੀ ਦੇ ਰਹਿਣ ਵਾਲਾ ਸੁਬਕਤਦੀਨ ਵੀ ਇਕ ਆਜੜੀ ਸੀ। ਇਕ ਦਿਨ ਭੇਡਾਂ ਦਾ ਇੱਜੜ ਲੈ ਕੇ ਜੰਗਲ ਵਿਚੋਂ ਨਿਕਲ ਰਿਹਾ ਸੀ। ਹਿਰਨੀ ਦਾ ਬੱਚਾ ਜੋ ਡਾਰ ਤੋਂ ਪਿਛੇ ਰਹਿ ਗਿਆ ਸੀ, ਇਸ ਨੇ ਚੁੱਕ ਲਿਆ। ਬੱਚੇ ਦੀ ਮਾਂ ਹਿਰਨੀ ਵੀ ਕੁਝ ਫਾਸਲੇ ਤੇ ਪਿੱਛੇ ਆ ਰਹੀ ਸੀ ਤੇ ਮਨ ਵਿਚ ਭਿੱਜੇ ਨੇਤਰਾਂ ਨਾਲ ਕਹਿ ਰਹੀ ਸੀ ਕਿ ਐ ਇਨਸਾਨ! ਮੇਰੇ ਬੱਚੇ ਨੂੰ ਆਜ਼ਾਦ ਕਰ ਦੇ। ਹਿਰਨੀ ਦੀ ਮਮਤਾ ਦੇਖ ਕੇ ਉਸ ਨੇ ਤਰਸ ਕਰਕੇ ਬੱਚੇ ਨੂੰ ਛੱਡ ਦਿਤਾ। ਰਾਤ ਨੂੰ ਸੁਪਨੇ ਵਿਚ ਫਰਿਸ਼ਤੇ ਨੇ ਸਿਰ ਤੇ ਤਾਜ ਪਹਿਨਾ ਕੇ ਕਿਹਾ ਕਿ ਅੱਲਾ ਤਾਲਾ ਤੇਰੇ ਤੇ ਬੜਾ ਖੁਸ਼ ਹੈ ਕਿਉਂਕਿ ਤੂੰ ਮਾਸੂਮ ਜੀਵ ਤੇ ਦਇਆ ਕਰਕੇ ਬਹੁਤ ਚੰਗਾ ਕੰਮ ਕੀਤਾ ਹੈ। ਥੋੜ੍ਹੇ ਸਾਲਾਂ ਵਿਚ ਹੀ ਉਹ ਗਜ਼ਨੀ ਦਾ ਬਾਦਸ਼ਾਹ ਬਣ ਗਿਆ ਸੀ।

ਬੀਬੀ ਰੈਬਾਂ ਇਕ ਸੂਫੀ ਸੰਤ ਹੋਈ ਹੈ ਜੋ ਸੰਗ ਨਾਲ ਮੱਕੇ ਦੇ ਹੱਜ ਨੂੰ ਜਾ ਰਹੀ ਸੀ। ਇਸ ਨੇ ਕੁਝ ਫਾਸਲੇ ਤੇ ਖੂਹ ਦੇ ਦੁਆਲੇ ਇਕ ਕੁੱਤੀ ਤੇ ਕਤੂਰਿਆਂ ਨੂੰ ਵੇਖਿਆ ਜੋ ਭੁੱਖ ਤੇ ਪਿਆਸ ਨਾਲ ਪਰੇਸ਼ਾਨ ਸੀ। ਉਹ ਉਥੇ ਹੀ ਰੁਕ ਗਈ। ਖੂਹ ਵਿਚ ਪਾਣੀ ਡੂੰਘਾ ਸੀ। ਰਾਬੀਆਂ ਨੇ ਆਪਣੇ ਬਸਤਰਾਂ ਦੀ ਲੱਜ ਬਣਾ ਕੇ ਖੂਹ ਵਿਚੋਂ ਪਾਣੀ ਕੱਢ ਕੇ ਉਨ੍ਹਾਂ ਦੀ ਪਿਆਸ ਬੁਝਾਈ ਅਤੇ ਉਨ੍ਹਾਂ ਦੇ ਖਾਣ ਦਾ ਪ੍ਰਬੰਧ ਕੀਤਾ। ਮੱਕਾ ਆਪਣੇ ਟਿਕਾਣੇ ਤੋਂ ਚਲ ਕੇ ਰੈਬਾਂ ਨੂੰ ਦਰਸ਼ਨ ਦੇਣ ਆਇਆ। ਉਹ ਫਲ ਪ੍ਰਾਪਤ ਹੋਗਿਆ ਜੋ ਦੂਜਿਆਂ ਨੂੰ ਨਹੀਂ ਮਿਲ ਸਕਿਆ।

ਮਹਾਂਭਾਰਤ ਦੇ ਯੁੱਧ ਵਿਚ ਧ੍ਰਿਤਰਾਸ਼ਟਰ ਦਾ ਸੌ ਪੁੱਤਰ ਮਾਰਿਆ ਗਿਆ। ਸ੍ਰੀ ਕ੍ਰਿਸ਼ਨ ਜੀ ਤੇ ਪਾਂਡਵ ਅਫਸੋਸ ਕਰਨ ਗਏ ਤਾਂ ਇਸ ਨੇ ਕ੍ਰਿਸ਼ਨ ਜੀ ਨੂੰ ਸਵਾਲ ਕੀਤਾ। ਪਹਿਲਾ ਇਹ ਕਿ ਜਮਾਂਦਰੂ ਅੰਨ੍ਹਾ ਹੋਣ ਕਰਕੇ ਮੈਨੂੰ ਯਾਦ ਹੈ ਕਿ ਮੈਂ ਪਿਛਲੇ ਸੌ ਜਨਮਾਂ ਵਿਚ ਕੋਈ ਪਾਪ ਨਹੀਂ ਕੀਤਾ ਫੇਰ ਮੇਰੇ ਸੌ ਪੁੱਤਰ ਕਿਉਂ ਮਾਰੇ ਗਏ? ਦੂਜਾ ਇਹ ਕਿ ਮੈਂ ਨੇਤਰਹੀਨ ਕਿਉਂ ਹਾਂ? ਕ੍ਰਿਸ਼ਨ ਜੀ ਕਹਿਣ ਲੱਗੇ ਰਾਜਨ! ਦੇਖ, 103ਵੇਂ ਜਨਮ ਵਿਚ ਬਚਪਨ ਵਿਚ ਖੇਡਦੇ ਹੋਏ ਇਕ ਟਿੱਡਾ ਫੜ ਕੇ ਉਸ ਦੀਆਂ ਦੋਵੇਂ ਅੱਖਾਂ ਵਿਚੋਂ ਸੂਲ ਆਰ-ਪਾਰ ਕਰ ਦਿਤੀ ਸੀ ਜਿਸ ਕਰਕੇ ਤੇਰੀਆ ਅੱਖਾਂ ਦੀ ਜੋਤ ਨਹੀਂ। ਹੁਣ 107ਵਾਂ ਜਨਮ ਦੇਖ, ਤੂੰ ਰਾਜਾ ਸੀ, ਤੈਨੂੰ ਮਾਸ ਖਾਣ ਦੀ ਆਦਤ ਸੀ। ਇਕ ਦਿਨ ਹੋਰ ਕਿਤੋਂ ਮਾਸ ਨਾ ਮਿਲਿਆ ਤਾਂ ਨੌਕਰਾਂ ਨੇ ਮਹਿਲ ਦੀ ਅਟਾਰੀ 'ਚ ਰਹਿੰਦੇ ਹੰਸਾਂ ਦੇ ਸੌ ਬੱਚਿਆਂ 'ਚੋਂ ਇਕ ਦਾ ਮਾਸ ਬਣਾ ਦਿਤਾ। ਤੈਨੂੰ ਸੁਆਦ ਲੱਗਾ ਤੇ ਇਕ-ਇਕ ਕਰਕੇ ਤੂੰ ਸੌ ਬੱਚੇ ਖਾ ਲਿਆ। ਕੁਝ ਮਹੀਨਿਆਂ ਬਾਦ ਜਦੋਂ ਹੰਸਾਂ ਨੇ ਮਾਨ ਸਰੋਵਰ ਤੋਂ ਆ ਕੇ ਦੇਖਿਆ ਕਿ ਕੋਈ ਬੱਚਾ ਨਹੀਂ ਰਿਹਾ, ਉਨ੍ਹਾਂ ਨੇ ਤੜਫ-ਤੜਫ ਕੇ ਜਾਨ ਦਿਤੀ। ਤੈਨੂੰ ਸਰਾਪ ਦੇ ਦਿਤਾ ਕਿ ਤੇਰੇ ਵੀ ਸੌ ਪੁੱਤਰ ਤੇਰੇ ਸਾਮ੍ਹਣੇ ਹੀ ਮਰਨਗੇ। ਕਹਿਣ ਲੱਗਾ ਮਹਾਰਾਜ! ਮਾੜੇ ਕਰਮਾਂ ਦਾ ਪਹਿਲਾਂ ਕਿਉਂ ਨਹੀਂ ਭੁਗਤਾਨ ਹੋਇਆ? ਕ੍ਰਿਸ਼ਨ ਜੀ ਕਹਿੰਦੇ ਕਿ ਜਦੋਂ ਬੰਦਾ ਰੱਬ ਨੂੰ ਭੁੱਲ ਕੇ ਪਾਪ ਕਰਨ ਲੱਗ ਜਾਂਦਾ ਹੈ, ਪੁੰਨ ਕਰਮਾਂ ਦੀ ਬੇੜੀ ਡੁੱਬਣੀ ਸ਼ੁਰੂ ਹੋ ਜਾਂਦੀ ਹੈ। ਪਹਿਲਾਂ ਪੁੰਨ ਕਰਮ ਖਤਮ ਹੁੰਦੇ ਹਨ ਫੇਰ ਪਾਪ ਕਰਮਾਂ ਦੀ ਵਾਰੀ ਆ ਜਾਂਦੀ ਹੈ।

*ਹਰਿ ਬਿਸਰਤ ਤੇਰੇ ਗੁਣ ਗਲਿਆ॥* *ਅੰਗ - ੧੨*

2. ਸਤਿ - ਇਸ ਤੋਂ ਭਾਵ ਹੈ ਕਿ ਸੰਸਾਰ ਵਿਚ ਰਹਿੰਦੇ ਹੋਏ ਸਤਿ ਦਾ ਜੀਵਨ ਬਤੀਤ ਕਰਨਾ ਜਿਹੜਾ ਪਾਖੰਡ ਰਹਿਤ ਹੋਵੇ ਅਤੇ ਬਾਹਰੋਂ-ਅੰਦਰੋਂ ਇਕੋ ਜਿਹਾ ਹੋਵੇ। ਇਸ ਤੋਂ ਉਲਟ ਜੇਕਰ ਬਾਹਰੋਂ ਹੋਰ ਤੇ ਅੰਦਰੋਂ ਕੁਝ ਹੋਰ ਹੋਵੇ ਉਹ ਸੱਚਾ ਜੀਵਨ ਨਹੀਂ ਹੋਇਆ ਕਰਦਾ। ਜਿਹੜਾ ਪਖੰਡ ਕਰਕੇ ਸੰਸਾਰ ਨੂੰ ਗੁਮਰਾਹ ਕਰੇ ਉਹ ਆਪਣੇ ਆਪ ਨਾਲ ਵੀ ਧੋਖਾ ਕਰਦਾ ਹੈ। ਜਿਸ ਦਾ ਜੀਵਨ ਸਤਿ ਦਾ ਹੋਏਗਾ ਉਹ ਕਦੀ ਝੂਠ ਨਹੀਂ ਬੋਲ ਸਕਦਾ ਤੇ ਉਹ ਸੱਚੇ ਹਿਰਦੇ ਨਾਲ ਗੁਰੂ ਦੀ ਆਗਿਆ ਦਾ ਪਾਲਣ ਕਰੇਗਾ। ਆਪਣੀ ਬਿਬੇਕ ਬੁੱਧੀ ਨਾਲ ਸਤਿ ਭਾਵ ਤੱਤ ਵਸਤੂ ਪ੍ਰਮੇਸ਼ਰ ਨੂੰ ਗ੍ਰਹਿਣ ਕਰੇਗਾ। ਜਿਵੇਂ ਹੰਸ ਦੁੱਧ ਵਿਚ ਚੁੰਜ ਮਾਰ ਕੇ ਪਨੀਰ ਨੂੰ ਗ੍ਰਹਿਣ ਕਰਕੇ ਪਾਣੀ ਨੂੰ ਛੱਡ ਦਿੰਦਾ ਹੈ।

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥*
*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*

*ਅੰਗ - ੪੮੮*

***'ਚਲਦਾ..........।'***

# ਜੀਵਨਾ ਸਫਲ ਜੀਵਨ
# ਸੁਨ ਹਰਿ ਜਪਿ ਜਪਿ ਸਦ ਜੀਵਨਾ (ਭਾਗ ਦੂਜਾ)

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-47)*

**ਨਾਮ ਵਿਹੂਣਾ ਜੀਵਨ -** ਇਕ ਬੰਨੇ ਬਾਣੀ ਦ੍ਰਿੜ੍ਹ ਕਰਵਾਉਂਦੀ ਹੈ ਕਿ ਨਾਮ ਬਾਣੀ ਦੇ ਅੰਮ੍ਰਿਤ ਰਸ ਅਤੇ ਪ੍ਰਭੂ ਪਿਆਰ ਵਿਚ ਭਿਜਿਆ ਜੀਵਨ ਹੀ ਅਸਲ ਜੀਵਨ ਹੈ, ਸਫਲ ਜੀਵਨ ਹੈ, ਸੁਖ ਸਹਜ ਅਨੰਦ ਵਾਲਾ ਵਿਗਾਸ-ਮਈ ਜੀਵਨ ਹੈ, ਜਿਹੜਾ ਜੀਵਨ 'ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥' ਵਾਲਾ ਜੀਵਨ ਹੈ ਜੋ ਸਾਰੇ ਰੋਗਾਂ, ਦੁਖਾਂ, ਕਲੇਸ਼ਾਂ, ਵੈਰ-ਵਿਰੋਧਾਂ ਤੋਂ ਮੁਕਤ ਵਿਸਮਾਦਮਈ ਜੀਵਨ ਹੈ -

*ਆਨ ਰਸਾ ਜੇਤੇ ਤੈ ਚਾਖੇ ॥*
*ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥*
*ਹਰਿ ਰਸ ਕਾ ਤੂੰ ਚਾਖਹਿ ਸਾਦੁ ॥*
*ਚਾਖਤ ਹੋਇ ਰਹਹਿ ਬਿਸਮਾਦੁ ॥* *ਅੰਗ - ੧੮੦*

ਐਸੇ ਅਨੇਕ ਅਨਮੋਲ ਬਚਨਾਂ ਨਾਲ ਗੁਰਬਾਣੀ ਭਰਪੂਰ ਹੈ। ਦੂਜੇ ਬੰਨੇ ਗੁਰਬਾਣੀ ਉਨ੍ਹਾਂ ਲੋਕਾਂ ਦੀ ਤ੍ਰਾਸਦੀ (ਦੁਖਾਂਤ) ਦਾ ਜ਼ਿਕਰ ਵੀ ਕਰਦੀ ਹੈ ਜੋ ਨਾਮ ਬਾਣੀ ਦੇ ਸੱਚ ਤੋਂ ਟੁੱਟੇ ਹੋਏ ਹਨ। ਗੁਰਬਾਣੀ ਅਨੁਸਾਰ ਨਾਮ ਵਿਹੂਣਾ ਜੀਵਨ ਧ੍ਰਿਗ ਜੀਵਨ ਹੈ, ਦੁਖਾਂ, ਰੋਗਾਂ, ਕਲੇਸ਼ਾਂ ਨਾਲ ਭਰਪੂਰ ਨਰਕੀ ਜੀਵਨ ਹੈ -

*ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥*
*ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥ ੧ ॥ ਰਹਾਉ ॥*
*ਨਾਮ ਬਿਨਾ ਜੋ ਪਹਿਰੈ ਖਾਇ ॥*
*ਜਿਉ ਕੂਕਰ ਜੂਠਨ ਮਹਿ ਪਾਇ ॥ ੧ ॥*
*ਨਾਮ ਬਿਨਾ ਜੇਤਾ ਬਿਉਹਾਰੁ ॥*
*ਜਿਉ ਮਿਰਤਕ ਮਿਥਿਆ ਸੀਗਾਰੁ ॥ ੨ ॥*
*ਨਾਮੁ ਬਿਸਾਰਿ ਕਰੇ ਰਸ ਭੋਗ ॥*
*ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥ ੩ ॥*
*ਨਾਮੁ ਤਿਆਗਿ ਕਰੇ ਅਨ ਕਾਜ ॥*
*ਬਿਨਸਿ ਜਾਇ ਝੂਠੇ ਸਭਿ ਪਾਜ ॥ ੪ ॥*
*ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥*
*ਕੋਟਿ ਕਰਮ ਕਰਤੋ ਨਰਕਿ ਜਾਵੈ ॥ ੫ ॥*
*ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥*
*ਚੋਰ ਕੀ ਨਿਆਈ ਜਮ ਪੁਰਿ ਬਾਧਾ ॥ ੬ ॥*
*ਲਾਖ ਅਡੰਬਰ ਬਹੁਤੁ ਬਿਸਥਾਰਾ ॥*
*ਨਾਮ ਬਿਨਾ ਝੂਠੇ ਪਾਸਾਰਾ ॥ ੭ ॥*
*ਹਰਿ ਕਾ ਨਾਮੁ ਸੋਈ ਜਨੁ ਲੇਇ ॥*
*ਕਰਿ ਕਿਰਪਾ ਨਾਨਕ ਜਿਸੁ ਦੇਇ ॥ ੮ ॥ ੧੦ ॥*
*ਅੰਗ - ੨੪੦*

ਗੁਰਬਾਣੀ ਅਨੁਸਾਰ ਨਾਮ-ਬਾਣੀ ਤੋਂ ਬਿਨਾਂ ਕੀਤਾ ਸਾਰਾ ਕਰਮ-ਕਾਂਡ, ਤੀਰਥ ਇਸ਼ਨਾਨ, ਵਰਤ ਪੂਜਾ ਆਦਿ ਵਿਅਰਥ ਹਨ, ਸਗੋਂ ਹਉਮੈ ਵਿਚ ਹੋਰ ਵਾਧਾ ਕਰਦੇ ਹਨ- *ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥ ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥ ਮੂਲ ਬਿਨਾ ਸਾਖਾ ਕਤ ਆਹੈ ॥ ੧ ॥ ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥ ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥ ੧ ॥ ਰਹਾਉ ॥ ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥ ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥ ੨ ॥ ਬਿਨੁ ਖਾਏ ਬੂਝੈ ਨਹੀ ਭੂਖ ॥ ਰੋਗੁ ਜਾਇ ਤਾਂ ਉਤਰਹਿ ਦੂਖ ॥ ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥ ੩ ॥ ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ ॥ ਧਨੁ ਹਰਿ ਭਗਤਿ ਧਨੁ ਕਰਣੈਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥ ੪ ॥ ੩੨ ॥ ੪੫ ॥ ਅੰਗ - ੧੧੪੮*

ਨਾਮ-ਜਪੁ-ਸਿਮਰਨ ਰਾਹੀਂ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣਾ ਹੀ ਜੀਵਨ ਦਾ ਅਸਲ ਮਨੋਰਥ ਹੈ, ਨਹੀਂ ਤਾਂ ਜੀਵਨ ਨਿਰਾਰਥਕ ਹੈ, ਸਭ ਖਾਣਾ, ਪਹਿਨਣਾ, ਦੌਲਤ ਇਕੱਠੀ ਕਰਨੀ ਸਾਰੀ ਕਿਰਿਆ ਨਿਰਾਰਥਕ ਹੈ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥*
*ਰਾਜਿ ਰੰਗੁ ਮਾਲਿ ਰੰਗੁ ॥*
*ਰੰਗਿ ਰਤਾ ਨਚੈ ਨੰਗੁ ॥*
*ਨਾਨਕ ਠਗਿਆ ਮੁਠਾ ਜਾਇ ॥*
*ਵਿਣੁ ਨਾਵੈ ਪਤਿ ਗਇਆ ਗਵਾਇ ॥ ੧ ॥* *ਅੰਗ - ੧੪੨*

ਪ੍ਰਭੂ-ਨਾਮ-ਜਪੁ ਸਿਮਰਨ ਨੂੰ ਸਾਰੀ ਮਨੁੱਖਤਾ ਦਾ ਧਰਮ ਕਿਹਾ ਗਿਆ ਹੈ। ਭਾਰਤ ਦੇ ਪੁਰਾਤਨ ਗ੍ਰੰਥ ਵੇਦ, ਸਿੰਮ੍ਰਤੀਆਂ, ਪੁਰਾਣ ਸਭ ਇਸ ਸਿਧਾਂਤ ਦੀ ਹਾਮੀ ਭਰਦੇ ਹਨ ਕਿ ਨਾਮ-ਸਿਮਰਨ ਤੋਂ ਬਿਨਾਂ ਮਨੁੱਖ ਸੁਖੀ ਨਹੀਂ ਹੋ ਸਕਦਾ। ਮਾਇਆ ਵਿਚ ਵਿਲੀਨ ਮਨੁੱਖ ਦੁਖ ਭੋਗਦਾ ਹੈ, ਜੰਮਦਾ ਮਰਦਾ ਰਹਿੰਦਾ ਹੈ - *'ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥ ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥ ਜਨਮ ਮਰਣ ਮੋਹੁ ਦੁਖੁ ਸਾਧੂ ਸੰਗਿ ਨਸੈ ॥ ੧ ॥ ਰਹਾਉ ॥ ਮੋਹਿ ਬਾਦਿ ਅਹੰਕਾਰਿ*

*ਸਰਪਰ ਰੁੰਨਿਆ ॥ ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ ॥ ੨ ॥ ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ ੩ ॥ ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥ ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥ ੪ ॥ ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥ ੫ ॥ ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ੀ ਜਨੀ ਜਪਿ ਲਇਆ ॥ ੬ ॥ ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥ ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥ ੭ ॥ ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥ ੮ ॥ ੨ ॥ ੫ ॥ ੧੬ ॥ ਅੰਗ - 761*

ਆਖਰੀ ਦੋ ਸਤਰਾਂ ਵਿਚ ਸਾਰੀ ਮਨੁੱਖਤਾ ਨੂੰ ਇਹ ਅਰਦਾਸ ਕਰਨ ਲਈ ਪ੍ਰੇਰਿਆ ਹੈ, ਕਿ ਹੇ ਪ੍ਰਭੂ, ਆਪਣਾ ਨਾਮ ਬਖਸ਼ਿਸ਼ ਕਰ, ਮੈਨੂੰ ਦਿਨ ਰਾਤ ਤੇਰੇ ਗੁਣ-ਗਾਇਨ ਕਰਨ ਦੀ ਖੁਸ਼ੀ ਪ੍ਰਾਪਤ ਹੋਵੇ, ਨਾਮ-ਜਪੁ-ਸਿਮਰਨ-ਗੁਣ-ਗਾਇਨ ਮੇਰੇ ਜੀਵਨ ਦਾ ਚਾਅ ਬਣ ਜਾਵੇ। ਨਾਮ-ਬਾਣੀ ਨਾਲ ਜੁੜਿਆ ਜੀਵਨ ਸੁਖਸ਼ਾਂਤੀ ਤੇ ਸਹਜ ਦਾ ਜੀਵਨ ਹੈ, ਨਾਮ ਬਾਣੀ ਨਾਲੋਂ ਟੁੱਟਿਆ ਜੀਵਨ ਨਿਰਾ ਖਜਲ ਖੁਆਰੀ ਦਾ ਜੀਵਨ ਹੈ। ਨਾਮ ਤੋਂ ਟੁੱਟਿਆ ਮਨੁੱਖ ਸੱਪ ਵਰਗੀ ਨਿਰਾਰਥਕ ਲੰਮੀ ਆਯੂ ਭੋਗਦਾ ਹੈ। ਭਾਵੇਂ ਕਿਸੇ ਨੂੰ ਵੱਡੇ ਰਾਸ਼ਟਰ ਦਾ ਰਾਜ ਮਿਲ ਜਾਵੇ ਅੰਤ ਉਹ ਜੀਵਨ ਦੀ ਬਾਜੀ ਹਾਰ ਕੇ ਸੰਸਾਰ ਤੋਂ ਵਿਦਾ ਹੁੰਦਾ ਹੈ। ਵਿਪਰੀਤ ਇਸ ਦੇ ਜਿਸ ਮਨੁੱਖ ਨੂੰ ਗੁਰੂ ਕ੍ਰਿਪਾ ਸਦਕਾ ਗੁਣੀ-ਨਿਧਾਨ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦਾ ਜਨਮ ਧੰਨਤਾ ਯੋਗ ਹੋ ਜਾਂਦਾ ਹੈ -

*ਹਰਿ ਬਿਸਰਤ ਸਦਾ ਖੁਆਰੀ ॥*
*ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ਰਹਾਉ॥*
*ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥*
*ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥ ੧ ॥*
*ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥*
*ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥੨॥*
*ਅੰਗ - ੭੧੧*

## ਨਾਮ-ਸਿਮਰਨ : ਬਖਸ਼ਿਸ਼ ਜਾਂ ਉਦਮ

ਸਿਮਰਨ ਅਭਿਆਸ ਵਿਚ ਜੁੜਨ ਵਾਲੇ ਜਗਿਆਸੂਆਂ ਦੇ ਮਨਾਂ ਵਿਚ ਬਹੁਤ ਵਾਰੀ ਇਹ ਦਵੰਦ ਪੈਦਾ ਹੁੰਦਾ ਹੈ ਕਿ ਨਾਮ-ਜਪੁ-ਸਿਮਰਨ ਸਾਡਾ ਆਪਣਾ ਉੱਦਮ ਹੈ ਜਾਂ ਨਿਰੋਲ ਗੁਰੂ ਦੀ ਬਖਸ਼ਸ਼। ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਵਿਚ ਹੀ ਇਹ ਗੱਲ ਬਾਰ-ਬਾਰ ਕਹੀ ਗਈ ਹੈ ਕਿ ਨਾਮ-ਸਿਮਰਨ ਨਿਰੋਲ ਪ੍ਰਭੂ ਦੀ ਬਖਸ਼ਿਸ਼ ਹੈ -

*੧. ਸੇ ਸਿਮਰਹਿ ਜਿਨ ਆਪਿ ਸਿਮਰਾਏ ॥*
*ਨਾਨਕ ਤਾ ਕੈ ਲਾਗਉ ਪਾਏ ॥ ੩ ॥ ਅੰਗ - ੨੬੩*
*੨. ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥*
*ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥ ਅੰਗ - ੨੬੩*
*੩. ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥*
*ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥ ਅੰਗ - ੨੬੩*
*੪. ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥*
*ਨਾਨਕ ਤਿਨ ਜਨ ਸਰਨੀ ਪਇਆ ॥ ਅੰਗ - ੨੬੩*
*੫. ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥*
*ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮ ॥ ੧ ॥*
*ਅੰਗ - ੨੬੩*

ਮੂਲਮੰਤ੍ਰ ਵਿਚ ਗੁਰੂ ਨਾਨਕ ਦੇਵ ਜੀ ੴ.....ਤੋਂ ਸੈਭੰ ਤਕ ਪ੍ਰਮਾਤਮਾ ਦਾ ਸਰੂਪ ਦਰਸਾ ਕੇ ਪ੍ਰਾਪਤੀ ਦਾ ਸਾਧਨ 'ਗੁਰਪ੍ਰਸਾਦਿ' ਹੀ ਦਸਦੇ ਹਨ। ਸੋ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਭਗਤੀ ਕਰਨੀ, ਨਾਮ-ਜਪੁ-ਸਿਮਰਨ ਅਭਿਆਸ ਵਲ ਪ੍ਰੇਰਤ ਹੋਣਾ, ਸਾਧਸੰਗਤ ਵਿਚ ਜਾਣਾ ਤੇ ਮਿਲਾਪ ਦੀਆਂ ਪਉੜੀਆਂ ਚੜ੍ਹਨਾ ਸਭ ਉਸ ਪ੍ਰਭੂ ਦੀ ਕ੍ਰਿਪਾ ਹੈ। ਇਸ ਵਿਚ ਕੋਈ ਸ਼ੰਕਾ ਨਹੀਂ ਪਰ ਇਸ ਦਾ ਗਲਤ ਭਾਵ ਲੈ ਕੇ ਆਲਸ ਕਰ ਲੈਣੀ, ਉਦਮ ਨਾ ਕਰਨਾ, ਬਹਾਨੇ ਘੜ ਲੈਣੇ, ਇਹ ਕਹਿਣਾ ਕਿ ਜਦੋਂ ਕ੍ਰਿਪਾ ਹੋਏਗੀ ਤਾਂ ਆਪੇ ਨੀਂਦ ਤੋਂ ਜਗਾ ਲਏਗਾ, ਆਪੇ ਸੰਗਤ ਵਿਚ ਭੇਜ ਦੇਵੇਗਾ, ਆਪੇ ਨਾਮ ਜਪਾ ਲਵੇਗਾ, ਐਸੀ ਸੋਚ ਠੀਕ ਨਹੀਂ। ਬਾਕੀ ਸਾਰੇ ਦੁਨਿਆਵੀ ਕੰਮ ਤਾਂ ਅਸੀਂ ਆਪਣੀ ਹਿੰਮਤ ਨਾਲ ਕਰਦੇ ਹਾਂ, ਪਰ ਪ੍ਰਭੂ ਭਗਤੀ, ਨਾਮ-ਸਿਮਰਨ ਨਾ ਕਰਨ ਲਈ ਪ੍ਰਭੂ ਨੂੰ ਹੀ ਦੋਸ਼ੀ ਠਹਿਰਾਂਦੇ ਹਾਂ, ਐਸੀ ਸੋਚ ਆਪਣੀ ਆਲਸ ਨੂੰ ਲੁਕਾਣ ਦੀ ਗਲਤ ਸੋਚ ਹੈ। ਇਸ ਵਿਸ਼ੇ ਨੂੰ ਥੋੜ੍ਹਾ ਵਿਚਾਰ ਲੈਣਾ ਜ਼ਰੂਰੀ ਹੈ।

ਗੁਰਬਾਣੀ ਅਨੁਸਾਰ ਸੰਸਾਰ ਦੀ ਸਾਰੀ ਖੇਡ 'ਹਉਮੈ' ਆਸਰੇ ਚਲ ਰਹੀ ਹੈ। ਸੰਸਾਰ ਦੀ ਖੇਡ ਚਲਾਉਣਾ ਲਈ ਇਹ 'ਹਉਮੈ ਦੀ ਦ੍ਰਸ਼ਟੀ' ਜਾਂ ਰੋਗ, ਪ੍ਰਮਾਤਮਾ ਨੇ ਆਪ ਹੀ ਮਨੁੱਖ ਦੇ ਅੰਦਰ ਟਿਕਾਇਆ ਹੈ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ - ੧੧੪੦*

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥ ੩ ॥*
*ਅੰਗ - ੯੯੯*

ਦਰਅਸਲ ਮਨੁੱਖ ਦੀ ਸਾਰੀ ਕਿਰਿਆ ਹਉਂ ਆਸ਼ਰਿਤ ਹੈ। ਹਉਮੈ ਦੇ ਬੰਧਨ ਕਾਰਨ ਹੀ ਮਨੁੱਖ ਜੰਮਦਾ, ਮਰਦਾ ਤੇ ਕਿਰਿਆਸ਼ੀਲ ਹੁੰਦਾ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

*ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥*
*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥*
*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥ ੨ ॥*
*ਅੰਗ - ੪੬੬*

'ਕਿਵ ਕੂੜੈ ਤੁਟੈ ਪਾਲ' ਜਪੁਜੀ ਦਾ ਮੁੱਖ ਵਿਸ਼ਾ ਹੈ। ਗੁਰੂ ਕ੍ਰਿਪਾ ਸਦਕਾ ਗੁਰੂ ਦੇ ਸ਼ਬਦ ਰਾਹੀਂ ਹਉਮੈ ਦੀ ਝੂਠੀ ਦੀਵਾਰ ਤੋੜੀ ਜਾ ਸਕਦੀ ਹੈ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਜਦ ਤਕ ਮਨੁੱਖ ਹਉਮੈ ਵਿਚ ਵਿਚਰਦਾ ਹੈ, ਉਸ ਨੇ ਖੁਦ ਉਦਮ ਕਰਨਾ ਹੈ, ਆਲਸ ਨਹੀਂ ਕਰਨੀ, ਹਿੰਮਤ ਕਰਨੀ ਹੈ, ਅੰਮ੍ਰਿਤ ਵੇਲੇ ਜਾਗਣਾ ਹੈ, ਭਾਵੇਂ ਅਲਾਰਮ ਰਾਹੀਂ ਸੁਚੇਤ ਹੋਵੇ ਜਾਂ ਕੋਈ ਹੋਰ ਸਾਧਨ ਵਰਤੇ। ਗੁਰੂ ਮਹਾਰਾਜ ਬਾਣੀ ਰਾਹੀਂ ਬਾਰ-ਬਾਰ ਉਦਮ ਕਰਨ ਲਈ ਪ੍ਰੇਰਨਾ ਕਰਦੇ ਹਨ। ਜਿਵੇਂ-ਜਿਵੇਂ ਅਭਿਆਸ ਵਧਦਾ ਜਾਂਦਾ ਹੈ, ਗੁਰੂ ਜੀ ਇਹ ਸੋਝੀ ਵੀ ਬਖਸ਼ਿਸ਼ ਕਰਦੇ ਹਨ ਕਿ ਕੀਤਾ ਗਿਆ ਉਦਮ ਵੀ ਉਸ ਦੀ ਬਖਸ਼ਿਸ਼ ਹੈ, ਨਾਮ ਅਭਿਆਸੀਆਂ ਦੀ ਸੰਗਤ ਹੋਈ ਹੈ, ਨਾਮ-ਅਭਿਆਸ ਵੀ, ਸਭ ਉਸ ਦੀ ਕ੍ਰਿਪਾ ਹੋ ਰਹੀ ਹੈ, ਇਹ ਮੇਰਾ ਆਪਣਾ ਉਦਮ ਨਾ ਸੀ, ਨਾ ਹੈ, ਇਹ ਸਭ ਉਸ ਦੀ ਬਖਸ਼ਿਸ਼ ਹੈ। ਅਨੇਕਾਂ ਸ਼ਬਦ ਹਨ ਜਿਨ੍ਹਾਂ ਵਿਚ ਗੁਰੂ ਮਹਾਰਾਜ ਬਾਰ-ਬਾਰ ਗੁਰਸਿੱਖ ਨੂੰ ਉਦਮ ਕਰਨ ਲਈ ਸੁਚੇਤ ਕਰਦੇ ਹਨ। ਕੁਝ ਸ਼ਬਦ ਸਾਡਾ ਵਿਸ਼ੇਸ਼ ਧਿਆਨ ਮੰਗਦੇ ਹਨ- '*ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥ ੧ ॥ ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥ ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥ ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥ ੨ ॥ ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥ ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥ ੩ ॥ ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥ ਸੁਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥ ੪ ॥ ੧੭ ॥ ੮੭ ॥ ਅੰਗ - ੪੮*

*ਉਦਮੁ ਕਰਤ ਸੀਤਲ ਮਨ ਭਏ ॥ ਮਾਰਗਿ ਚਲਤ ਸਗਲ ਦੁਖ ਗਏ ॥ ਨਾਮੁ ਜਪਤ ਮਨਿ ਭਏ ਅਨੰਦ ॥ ਰਸਿ ਗਾਏ ਗੁਨ ਪਰਮਾਨੰਦ ॥ ੧ ॥ ਖੇਮ ਭਇਆ ਕੁਸਲ ਘਰਿ ਆਏ ॥ ਭੇਟਤ ਸਾਧਸੰਗਿ ਗਈ ਬਲਾਏ ॥ ਰਹਾਉ ॥ ਨੇਤ੍ਰ ਪੁਨੀਤ ਪੇਖਤ ਹੀ ਦਰਸ ॥ ਧਨਿ ਮਸਤਕ ਚਰਨ ਕਮਲ ਹੀ ਪਰਸ ॥ ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥ ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥ ੨ ॥ ਜਨ ਕੀ ਕੀਨੀ ਆਪਿ ਸਹਾਇ ॥ ਸੁਖੁ ਪਾਇਆ ਲਗਿ ਦਾਸਹ ਪਾਇ ॥ ਆਪੁ ਗਇਆ ਤਾ ਆਪਹਿ ਭਏ ॥ ਕ੍ਰਿਪਾ ਨਿਧਾਨ ਕੀ ਸਰਨੀ ਪਏ ॥ ੩ ॥ ਜੋ ਚਾਹਤ ਸੋਈ ਜਬ ਪਾਇਆ ॥ ਤਬ ਢੂੰਢਨ ਕਹਾ ਕੋ ਜਾਇਆ ॥ ਅਸਥਿਰ ਭਏ ਬਸੇ ਸੁਖ ਆਸਨ ॥ ਗੁਰ ਪ੍ਰਸਾਦਿ ਨਾਨਕ ਸੁਖ ਬਾਸਨ ॥ ੪ ॥ ੧੧੦ ॥ ਅੰਗ - ੨੦੧*

*ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥ ਦੂਖ ਦਰਦ ਨ ਭਉ ਬਿਆਪੈ ਨਾਮ ਸਿਮਰਤ ਸਦ ਸੁਖੀ ॥ ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥ ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ ਕਰਿ ਦਇਆ ਸੇਵਾ ਲਾਈਐ ॥ ਨਾਨਕੁ ਪਇਅੰਪੈ ਚਰਣ ਜੰਪੈ ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ੧ ॥ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ੨ ॥ ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥ ਮੋਹਿ ਆਸਰ ਤੁਅ ਚਰਨ ਤੁਮਾਰੀ ਸਰਨਿ ਸਿਧੇ ॥ ਹਰਿ ਚਰਨ ਕਾਰਨ ਕਰਨ ਸੁਆਮੀ ਪਤਿਤ ਉਧਰਨ ਹਰਿ ਹਰੇ ॥ ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ ॥ ਆਦਿ ਅੰਤਿ ਬੇਅੰਤ ਖੋਜਹਿ ਸੁਨੀ ਉਧਰਨ ਸੰਤਸੰਗ ਬਿਧੇ ॥ ਨਾਨਕੁ ਪਇਅੰਪੈ ਚਰਨ ਜੰਪੈ ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥ ੩ ॥ ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ ॥ ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥ ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥ ਚਮਤਕਾਰ ਪ੍ਰਗਾਸੁ ਦਹ ਦਿਸ ਏਕੁ ਤਹ ਦ੍ਰਿਸਟਾਇਆ ॥ ਨਾਨਕੁ ਪਇਅੰਪੈ ਚਰਣ ਜੰਪੈ ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ੪ ॥ ੩ ॥ ੬ ॥ ਅੰਗ - ੪੫੬*

*ਉਦਮੁ ਕਰਤ ਮਨੁ ਨਿਰਮਲੁ ਹੋਆ ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥ ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥ ੨ ॥ ਅੰਤਰਿ ਬਾਹਰਿ ਤੇਰੀ ਬਾਣੀ ॥ ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥ ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥ ੩ ॥ ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ ਹਰਿ ਪੈਨਣੁ ਨਾਮੁ ਭੋਜਨੁ ਥੀਆ ॥ ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥ ੪ ॥ ੧੦ ॥ ੧੭ ॥ ਅੰਗ - ੯੯*

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ ੧ ॥*
*ਅੰਗ - ੫੨੩*

'ਚਲਦਾ..........।'

***********

# ਖਾਲਸੇ ਦੀ ਸਿਰਜਨਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸਾਧਸੰਗਤ ਜੀ! ਜਿੰਨੇ ਵੀ ਪ੍ਰੇਮੀ ਬੈਠੇ ਹੋਂ, ਆਪਣੇ ਜੀਵਨ ਦੇ ਅੰਦਰ ਬਹੁਤ ਵੱਡਾ ਉਤਸਵ ਮਨਾਉਣ ਵਾਸਤੇ ਤੁਸੀਂ ਦੂਰ-ਦਰਾਜ ਤੋਂ, ਸੌ ਸੌ ਮੀਲ, ਦੋ ਦੋ ਸੌ ਕਿਲੋਮੀਟਰ, ਇਸ ਤੋਂ ਵੀ ਦੂਰ ਤੋਂ ਆਏ ਹੋਏ ਪ੍ਰੇਮੀ ਬੈਠੇ ਨੇ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ, ਐਵੇਂ ਨਾ ਕੋਈ ਗੱਲ ਮੰਨਣਾ। ਦੇਖੋ ਕਿ ਇਹ ਕਸਵੱਟੀ ਦੇ ਉਤੇ, ਤਰਕ ਦੇ ਉਤੇ ਪੂਰੀ ਉਤਰਦੀ ਹੈ, ਫੇਰ ਉਹਨੂੰ ਹਿਰਦੇ 'ਚ ਵਸਾ ਲਓ, ਫੇਰ ਨਾ ਛੱਡਿਓ।

ਫਲ ਕਿੰਨਾ ਹੈ, ਜਦੋਂ ਤੋਂ ਘਰ ਤੋਂ ਚੱਲੇ ਹੋਂ, ਹਰ ਕਦਮ ਦਾ ਫਲ ਇਕ ਅਸ੍ਵਮੇਧ ਜੱਗ ਦੇ ਫਲ ਬਰਾਬਰ ਮਿਲ ਰਿਹਾ ਹੈ। ਐਡਾ ਪੁੰਨ ਹੋ ਹੀ ਨਹੀਂ ਸਕਦਾ ਕਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਅੰਗ - 546*

ਉਸ ਫਲ ਦਾ ਪਤਾ ਕਿਵੇਂ ਲੱਗੇਗਾ, ਸ਼ਾਂਤੀ ਵਰਤ ਜਾਏਗੀ। ਜੋ ਵਿਘਨ ਘੁੰਮਦੇ ਫਿਰਦੇ ਨੇ ਅਸਮਾਨ ਦੇ ਅੰਦਰ ਇਹ ਦੂਰ ਹੋ ਜਾਣਗੇ। ਸੰਸਾਰ ਦਾ ਭਲਾ ਹੋ ਜਾਏਗਾ।

*ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ॥*
*ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ॥*
*ਹਰਿ ਸਾਚਾ ਸਿਮਰਹੁ ਭਾਈ॥ ਸਾਧਸੰਗਿ ਸਦਾ ਸੁਖੁ ਪਾਈਐ*
*ਹਰਿ ਬਿਸਰਿ ਨ ਕਬਹੂ ਜਾਈ॥*
*ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥*
*ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ॥*
*ਬਿਘਨ ਬਿਨਾਸਨ ਸਭਿ ਦੁਖ ਨਾਸਨ ਗੁਰ ਚਰਣੀ ਮਨੁ ਲਾਗਾ॥*
*ਗੁਣ ਗਾਵਤ ਅਚੁਤ ਅਬਿਨਾਸੀ ਅਨਦਿਨੁ ਹਰਿ ਰੰਗਿ ਜਾਗਾ॥*
*ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ॥*
*ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ॥ ਅੰਗ - 617*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ-ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਨੇ ਬਹੁਤ ਹੀ ਵਚਿੱਤਰ ਗੱਲ ਸਾਡੇ ਸਾਮ੍ਹਣੇ ਰੱਖ ਦਿਤੀ। ਉਹ ਇਹ ਹੈ ਕਿ ਜੋ ਨਾਮ ਜਪਦਾ ਹੈ ਉਹ ਤਾਂ ਜਿਉਂਦਾ ਹੈ, ਜਿਹੜਾ ਨਹੀਂ ਜਪਦਾ ਉਹ ਮੁਰਦਾ ਹੈ। ਅਸੀਂ ਤਾਂ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ, ਸੱਚੇ ਪਾਤਸ਼ਾਹ! ਅਸੀਂ ਤੁਰਦੇ ਹਾਂ, ਫਿਰਦੇ ਹਾਂ, ਖਾਂਦੇ ਹਾਂ, ਪੀਂਦੇ ਹਾਂ, ਕਮਾਈਆਂ ਕਰਦੇ ਹਾਂ, ਅਸੀਂ ਕਿਵੇਂ ਮੁਰਦੇ ਹੋ ਗਏ? ਮਹਾਰਾਜ ਕਹਿੰਦੇ, ਇਹ ਤਾਂ ਰੋਟੀ ਪਾਣੀ ਨਾਲ ਚੱਲਣ ਵਾਲੀ ਮਸ਼ੀਨ ਹੈ। ਤੇਰੇ ਅੰਦਰ ਨਾਮ ਹੈ, ਉਹ ਨਾਮ ਜਿੰਨਾ ਚਿਰ ਤੇਰੀ ਜ਼ਿੰਦਗੀ ਦੇ ਅੰਦਰ, ਤੇਰੇ ਹਿਰਦੇ ਦੇ ਅੰਦਰ ਨਹੀਂ ਵਸਦਾ, ਓਨਾਂ ਚਿਰ ਤੂੰ ਮੁਰਦਾ ਹੈਂ।

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥*
*ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥*



**ਪਰਮ ਪੂਜਯ ਸਤਿਕਾਰਯੋਗ ਸੰਤ ਮਾਤਾ ਜੀ ਅਪ੍ਰੈਲ 1995 ਵਿਸਾਖੀ ਦੇ ਸ਼ੁਭ ਅਵਸਰ ਤੇ ਆਤਮ ਮਾਰਗ ਰੂਹਾਨੀ ਪਤ੍ਰਿਕਾ ਦੀ ਸ਼ੁਰੂਆਤ ਕਰਦੇ ਹੋਏ।**

*ਸਭੁ ਹਰਾਮ ਜੇਤਾ ਕਿਛੁ ਖਾਇ॥ ਅੰਗ - 143*

ਨਾ ਪੜ੍ਹਿਆ ਲਿਖਿਆ, ਨਾ ਕੋਈ ਵੱਡਾ ਦੁਕਾਨਦਾਰ, ਨਾ ਵੱਡਾ ਬਿਜ਼ਨਸਮੈਨ, ਨਾ ਵੱਡਾ ਲੀਡਰ, ਨਾ ਵੱਡਾ ਰਾਜਾ, ਸਭ ਮਰੇ ਹੋਏ ਬੰਦੇ ਨੇ। ਕੋਈ ਨਹੀਂ ਜਿਉਂਦਾ, ਸਭ ਮਰੇ ਹੋਏ ਨੇ। ਨਾਮ ਤੋਂ ਬਗੈਰ ਜਿੰਨਾਂ ਖਾਣਾ ਹੈ ਸਭ ਹਰਾਮ ਦਾ ਖਾਣਾ ਖਾ ਰਿਹਾ ਹੈ। ਜ਼ਿੰਦਗੀ ਦਾ ਪਤਾ ਨਹੀਂ ਲਗਦਾ। ਅਸੀਂ ਏਸ ਨੂੰ ਜ਼ਿੰਦਗੀ ਸਮਝਦੇ ਹਾਂ ਜਿਸ ਵਿਚ ਅਸੀਂ ਜਾ ਰਹੇ ਹਾਂ। ਪਰ ਮਹਾਰਾਜ ਕਹਿੰਦੇ ਅੱਗੋਂ ਬਹੁਤ ਵਧੀਆ ਜ਼ਿੰਦਗੀ ਪ੍ਰਮੇਸ਼ਰ ਨੇ ਤੈਨੂੰ ਦਿਤੀ ਹੈ, ਜੇ ਤੈਨੂੰ ਨਾਮ ਪ੍ਰਾਪਤ ਹੋਇਆ ਹੈ।

ਹੁਣ ਨਾਮ ਦੀ ਪ੍ਰਾਪਤੀ ਦਾ ਨਹੀਂ ਸਾਨੂੰ ਪਤਾ ਲਗਦਾ ਕਿ ਨਾਮ ਕਿਥੋਂ ਲਈਏ, ਕੋਈ ਦੁਕਾਨ ਹੈ। ਕੋਈ ਕਿਸੇ ਥਾਂ ਨੂੰ ਦੌੜਦਾ ਹੈ, ਕੋਈ ਕਿਸੇ ਥਾਂ ਨੂੰ ਦੌੜਦਾ ਹੈ, ਲੇਕਿਨ ਗੁਰੂ ਘਰ ਦੇ ਅੰਦਰ ਅੱਜ ਦਾ ਦਿਨ ਬਹੁਤ ਮਹਾਨਤਾ ਰੱਖਦਾ ਹੈ ਸਾਧਸੰਗਤ ਜੀ। ਯਾਨਿ ਇਕ ਕੌਮ ਦੇ ਪ੍ਰਗਟ ਹੋਣ ਦਾ ਦਿਨ ਹੈ। ਆਪਣਾ ਜਨਮ ਦਿਨ ਲੋਕ ਮਨਾਉਂਦੇ ਨੇ, ਚਿੱਠੀਆਂ ਭੇਜਦੇ ਨੇ, ਬਹੁਤ ਖਰਚਾ ਕਰਦੇ ਨੇ ਤੇ ਜਿਸ ਕੌਮ ਦਾ ਜਨਮ ਹੋਵੇ? ਉਹ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਸੋ ਉਹ ਨਾਮ ਗੁਰੂ ਮਹਾਰਾਜ ਨੇ ਪਹਿਲੀਆਂ ਨੌਂ ਪਾਤਸ਼ਾਹੀਆਂ ਤਾਈਂ ਚਰਨਾਮ੍ਰਿਤ ਦੇ ਕੇ ਦਿਤਾ ਜਾਂਦਾ ਸੀ। ਉਹਦੇ ਵੀ ਦੋ ਤਰੀਕੇ ਸੀ। ਇਕ ਮਸੰਦਾਂ ਨੂੰ ਜ਼ਿੰਮੇਵਾਰ ਬਣਾਇਆ ਹੋਇਆ ਸੀ, ਤੁਸੀਂ ਨਾਮ ਦੇ ਦਿਓ ਤੇ ਕੋਈ-ਕੋਈ ਟਾਵਾਂ ਪੁਰਸ਼ ਗੁਰੂ ਕੋਲ ਆਉਂਦਾ ਸੀ, ਜਿਹਨੂੰ ਉਹ ਨਾਮ ਦੇ ਦਿੰਦੇ ਸੀ। ਜਿਹੜੇ ਗੁਰੂ ਤੋਂ ਨਾਮ

ਲੈਂਦੇ ਸੀ ਉਹਨੂੰ ਤਾਂ ਕਹਿੰਦੇ ਸੀ ਖਾਲਸਾ, ਜਿਹੜੇ ਮਸੰਦਾਂ ਤੋਂ ਨਾਮ ਲੈਂਦੇ ਸੀ ਉਹਨੂੰ ਕਹਿੰਦੇ ਸੀ ਗੁਰੂ ਕੇ ਸਿੱਖ। ਖਾਲਸਾ ਹੁੰਦਾ ਹੈ ਸਿੱਧਾ ਤੁਅੱਲਕ। ਸੋ ਏਸ ਦਿਨ ਐਡੀ ਵੱਡੀ ਗੱਲ ਹੋਈ ਇਤਿਹਾਸ ਦੇ ਅੰਦਰ, ਸਭ ਹੈਰਾਨ ਨੇ, ਗੁਰੂ ਸਾਹਿਬ ਦੀ ਉਮਰ ਕਿੰਨੀ ਕੁ ਸੀ, ਕੋਈ 32 ਕੁ ਸਾਲ ਦੀ ਸੀ ਤਕਰੀਬਨ, ਇਕ ਬੜੀ ਭਾਰੀ ਕਰਾਮਾਤ ਕਰਕੇ ਦਿਖਾ ਦਿਤੀ ਆਪ ਨੇ। ਆਹ ਕੌਮ ਨੂੰ ਕੋਈ ਤਕਰੀਬਨ ਛੇ ਸੌ ਸਾਲ ਹੋ ਗਏ ਸੀ ਅਧਰੰਗ ਹੋਏ ਨੂੰ, ਹਿੰਦੋਸਤਾਨ ਦੀ ਨੂੰ। ਇਹਦੇ ਉਤੇ ਬਾਰ-ਬਾਰ ਹਮਲੇ ਹੁੰਦੇ ਸੀ, ਕੋਈ ਤਾਕਤ ਨਹੀਂ ਸੀ ਜਿਹੜੀ ਇਹਨੂੰ ਪੈਰਾਂ ਤੇ ਖੜ੍ਹੀ ਕਰ ਦਿੰਦੀ। ਪਰ ਗੁਰੂ ਮਹਾਰਾਜ ਨਾਮ ਦਾ ਤੇ ਅੰਮ੍ਰਿਤ ਦਾ ਦੋ ਇਕੱਠੇ ਟੀਕੇ (ਇੰਜੈਕਸ਼ਨ) ਲਾਏ। ਇਕ ਨਾਮ ਦਿੱਤਾ, ਇਕ ਸ਼ਕਤੀ ਦੇ ਨਾਲ ਜਲ ਮੰਤਰ ਕੇ ਦਿੱਤਾ ਤੇ ਉਸ ਨੂੰ ਅਸੀਂ ਪਾਹੁਲ ਕਹਿੰਦੇ ਸੀ ਉਸ ਵੇਲੇ।

*ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ॥*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ॥*
*ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ॥*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*
*ਸੱਚਾ ਅਮਰ ਗੋਬਿੰਦ ਦਾ ਸੁਣ ਗੁਰੂ ਪਿਆਰੇ॥*
*ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ॥*
*ਵਿਚਿ ਸੰਗਤਿ ਢੋਈ ਨਾਂ ਲਹਿਨਿ ਜੋ ਖਸਮੁ ਵਿਸਾਰੇ॥*
*ਗੁਰਮੁਖਿ ਮੱਥੇ ਉਜਲੇ ਸੱਚੇ ਦਰਬਾਰੇ॥*
*ਹਰਿ ਗੁਰੁ ਗੋਬਿੰਦ ਧਿਆਈਐ ਸਦ ਅੰਮ੍ਰਿਤ ਵੇਲਾ॥*
*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

*ਭਾਈ ਗੁਰਦਾਸ* ਸਿੰਘ *ਜੀ, ਦੂਜਾ ਵਾਰ 41/1*



ਨਗਰ ਬਹਿਰਾਮ (ਦੁਆਬਾ) ਵਿਖੇ ਸਾਲਾਨਾ ਸਮਾਗਮ ਦੌਰਾਨ
ਕੀਰਤਨ ਭਗਤੀ ਵਿੱਚ ਮਹਾਂਪੁਰਸ਼ ਅਤੇ ਸੰਗਤਾਂ

ਖੰਡੇ ਦੀ ਬੇਲਾ, ਸ਼ਕਤੀ ਦੀ ਬੇਲਾ ਆ ਗਈ, ਪਹਿਲਾਂ ਨਾਮ ਜਪਿਆ ਜਾਂਦਾ ਸੀ। ਤਾਕਤ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਸਾਰੀ ਸੰਗਤ ਨੂੰ ਖਾਲਸਾ ਕਰ ਦਿਤਾ। ਖਾਲਸਾ ਕੀ ਹੁੰਦਾ ਹੈ, ਸਿੱਧਾ ਸਬੰਧ ਜੋੜ ਲਿਆ। ਆਪ 11 ਮਹੀਨੇ, 11 ਦਿਨ ਇਕਾਂਤ ਵਾਸ ਵਿਚ ਨੈਣਾਂ ਦੇਵੀ ਦੇ ਟਿੱਲੇ ਤੇ ਰਹੇ। ਵਿਚਾਰ ਕੀਤੀ ਕਿ ਕਿਸ ਤਰ੍ਹਾਂ ਦੇ ਨਾਲ ਭਾਰਤ ਵਰਸ਼ ਦੀ ਕਲਿਆਣ ਹੋ ਸਕਦੀ ਹੈ। ਮਨੁੱਖ ਮਾਤਰ ਦੀ ਕਲਿਆਣ ਕਿਵੇਂ ਹੋ ਸਕਦੀ ਹੈ। ਪਹਿਲੀ ਨਿਗ੍ਹਾ ਉਨ੍ਹਾਂ ਦੀ ਵੱਡੇ-ਵੱਡੇ ਸਾਧੂਆਂ ਤੇ ਗਈ, ਵੱਡੇ-ਵੱਡੇ ਜੋ ਉਸ ਵੇਲੇ ਦੇ ਮੱਤ ਸੀ ਸਾਧਾਂ ਦੇ, ਸਾਰਿਆਂ ਤੇ ਨਿਗ੍ਹਾ ਗਈ। ਮਹਾਰਾਜ ਨੇ ਦੇਖਿਆ ਕਿ ਇਹ ਤਾਂ ਬਿਲਕੁਲ ਹੀ ਗਏ ਗੁਜ਼ਰੇ ਹੋ ਗਏ ਤੇ ਇਨ੍ਹਾਂ ਵਿਚ ਤਾਕਤ ਨਹੀਂ ਹੈ ਕਿ ਇਹ ਸੰਸਾਰ ਦਾ ਬੋਝ ਚੁੱਕ ਸਕਣ।

ਜੇ ਪੂਰਾ ਸਾਧੂ ਹੋਵੇ ਤਾਂ ਦੁਨੀਆਂ ਦੇ ਦੁਖਾਂ ਦੀ ਪੰਡ ਆਪਣੇ ਸਿਰ ਤੇ ਚੁੱਕ ਸਕਦਾ ਹੈ, ਨਹੀਂ ਤਾਂ ਚੁੱਕ ਨਹੀਂ ਸਕਦਾ। ਸੋ ਆਪ ਨੇ ਦੂਰ ਤੱਕ ਨਿਗ੍ਹਾ ਮਾਰੀ, ਸਾਰੇ ਸਾਧੂ, ਜਿੰਨੇ ਉਸ ਵੇਲੇ ਦੇ ਮੱਤ ਮੰਤਾਂਤਰ ਸਭ ਨੂੰ ਦੇਖਣ ਦੀ ਕੋਸ਼ਿਸ਼ ਕਰੀ ਪਰ ਨਤੀਜਾ ਇਹ ਹੋਇਆ ਕਿ ਸਾਧੂ ਕੋਈ ਨਹੀਂ ਦਿਸਦਾ, ਜੋ ਜਗ ਦਾ ਭਾਰ ਥੰਮ ਲਏ।

*ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ॥*
*ਸੂਰ ਸੁਰਾਰਦਨ ਸੁੱਧ ਸੁਧਾਕਿ ਸੰਤ ਸਮੂਹ ਅਨੇਕ ਮਤੀ ਕੇ॥*
*ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ॥*
*ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ*
*ਏਕ ਰਤੀ ਬਿਨੁ ਏਕ ਰਤੀ ਕੇ॥ ਤ੍ਵਪ੍ਰਸਾਦਿ ਸ੍ਵਯੇ*

ਸਾਰੇ ਜਗ੍ਹਾ ਦੇਖਿਆ, ਸੰਨਿਆਸੀ ਦੇ ਦੇਖਿਆ, ਸ੍ਰਾਵਗ ਬੋਧੀਆਂ ਦੇ ਦੇਖੇ, ਜੈਨੀਆਂ ਦੇ ਦੇ ਦੇਖੇ, ਹੋਰ ਮਹਾਤਮਾ ਦੇ ਦੇਖੇ, ਪਰ ਨਿਗ੍ਹਾ ਵਿਚ ਕੋਈ ਨਹੀਂ ਆਉਂਦਾ ਜਿਹੜਾ ਸੰਸਾਰ ਦਾ ਬੋਝ ਚੁੱਕ ਲਏ। ਪਿਤਾ ਦੀ ਸ਼ਹੀਦੀ ਵੀ ਦੇ ਕੇ ਦੇਖ ਲਈ, ਪੜਦਾਦੇ ਨੇ ਸ਼ਹੀਦੀ ਦੇ ਦਿਤੀ, ਸੰਸਾਰ ਦਾ ਬੋਝ ਥੰਮਣ ਵਾਲੇ ਤਾਂ ਕੋਈ ਨਜ਼ਰ ਨਹੀਂ ਆਇਆ। ਸਾਧੂ ਤਾਂ ਇਕ ਪਾਸੇ ਰਿਹਾ, ਮਹਾਰਾਜ ਕਹਿੰਦੇ ਸਾਧੂ ਹੋਣਾ ਤਾਂ ਬਹੁਤ ਉੱਚਾ ਹੈ, ਜੋ ਕੋਈ ਦੇਖਿਆ, ਮਾਇਆ ਦਾ ਬੰਦਾ ਹੀ ਨਜ਼ਰ ਆਇਆ। ਪ੍ਰਮੇਸ਼ਰ ਦੀ ਬਾਤ ਕੋਈ ਨਹੀਂ ਕਰਦਾ, ਜੇ ਕਰਦਾ ਹੈ ਤਾਂ ਮਾਇਆ ਦੀ ਗੱਲ, ਸਤਿਕਾਰ ਦੇ ਨਾਲ ਕਿਵੇਂ

ਰੱਖੀ ਜਾਵੇ, ਕਿਵੇਂ ਵੱਡੇ-ਵੱਡੇ ਆਦਮੀਆਂ ਦਾ ਮਾਣ ਕਰਕੇ ਆਪਣੇ ਬਣਾਇਆ ਜਾਵੇ। ਸੰਸਾਰ ਦੇ ਦੁੱਖ ਨੂੰ ਦੇਖਣਾ, ਕਦੇ ਸੋਚਣਾ, ਵਿਚਾਰਾਂ ਹੀ ਨਹੀਂ ਕਰਦਾ। ਇਸ ਪਾਸੇ ਟਾਈਮ ਨਹੀਂ ਦਿੰਦਾ, ਕਹਿੰਦਾ ਸੰਸਾਰ ਮਿਥਿਆ ਹੈ, ਇਹ ਤਾਂ ਹੋਇਆ ਹੀ ਨਹੀਂ। ਐਉਂ ਕਹਿਣ ਤੇ ਤਾਂ ਭਾਈ ਸਰਦਾ ਨਹੀਂ ਹੈ। ਜੇ ਮਿਥਿਆ ਹੈ ਤਾਂ ਤੇਰੀ ਦੇਹ ਵੀ ਮਿਥਿਆ ਹੈ ਤਾਂ ਇਹਨੂੰ ਲੇਖੇ 'ਚ ਲਾ ਦੇ ਕਿਤੇ। ਮਹਾਰਾਜ ਕਹਿੰਦੇ, ਐਸਾ ਸਮਾਂ ਹੋ ਗਿਆ ਮਾਇਆ ਦੇ ਪੁਜਾਰੀ ਹੋ ਗਏ, ਕੋਈ ਰੱਬ ਦਾ ਪੁਜਾਰੀ ਨਹੀਂ ਰਿਹਾ।

ਕਹਿੰਦੇ, ਗੋਰਖ ਦੇ, ਨਾਥਾਂ ਦੇ ਚਲੇ ਜਾਓ ਉਹ ਕਹਿੰਦੇ ਨੇ ਗੋਰਖ ਹੀ ਸਭ ਕੁਛ ਹੈ, ਹੋਰ ਕੋਈ ਨਹੀਂ ਹੈ। ਜੇ ਤੁਰਕਨ ਵਿਚ ਜਾਵੇ, ਕਹਿੰਦੇ ਜਿੰਨੀ ਦੇਰ ਤੱਕ ਤੁਸੀਂ ਇਸਲਾਮ ਧਾਰਨ ਨਹੀਂ ਕਰਦੇ, ਓਨੀ ਦੇਰ ਤੱਕ ਤੁਸੀਂ ਬਹਿਸ਼ਤ ਵਿਚ ਨਹੀਂ ਜਾ ਸਕਦੇ ਕਿਉਂਕਿ ਤੁਹਾਡੀ ਜਮਾਨਤ ਦੇਣ ਵਾਲਾ ਕੋਈ ਨਹੀਂ। ਕਹਿੰਦੇ ਨੇ ਰੱਬ ਤਾਂ ਆਹੀ ਹੈ ਹੋਰ ਕੋਈ ਨਹੀਂ ਹੈ। ਵਾਹਿਗੁਰੂ ਦੀ ਕੋਈ ਗੱਲ ਨਹੀਂ ਦਸਦੇ। ਜੇ ਜੋਗੀਆਂ ਦੇ ਚਲੇ ਜਾਓ ਕਹਿੰਦੇ ਨੇ, ਐਉਂ ਕਰ, ਘਰ ਬਾਰ ਸਾਰਾ ਹੀ ਲਿਆ ਕੇ ਇਥੇ ਅਰਦਾਸ ਕਰਾ ਦੇ। ਜੇ ਮਸੰਦਾਂ ਕੋਲ ਚਲੇ ਜਾਓ, ਗੁਰੂ ਮਹਾਰਾਜ ਦੇ ਜਿਹੜੇ ਥਾਂ-ਥਾਂ ਤੇ ਕਾਇਮ ਕਰੇ ਹੋਏ ਸਨ, ਕਹਿੰਦੇ ਨੇ ਸਾਰਾ ਹੀ ਪੈਸਾ ਮੈਨੂੰ ਹੀ ਲਿਆ ਕੇ ਦੇ ਦੇ। ਕੋਈ ਐਸਾ ਨਹੀਂ ਮਿਲਿਆ ਜਿਹੜਾ ਵਾਹਿਗੁਰੂ ਦੀ ਗੱਲ ਕਰੇ, ਲੈਣ-ਲੈਣ ਦੀ ਗੱਲ ਕਰਦੇ ਨੇ। ਐਸਾ ਜਦੋਂ ਮਹਾਰਾਜ ਜੀ ਨੇ ਹਾਲ ਦੇਖਿਆ ਫੇਰ ਉਨ੍ਹਾਂ ਦਾ ਖਿਆਲ ਗਿਆ ਕਿ ਸਾਧੂ ਤਾਂ ਖਤਮ ਹੋ ਗਿਆ। ਅੱਜ ਦੇ ਸੰਤ ਵਿਚ ਇਹ ਤਾਕਤ ਨਹੀਂ ਹੈ ਉਹ ਦੇਸ਼ ਦੀ ਰਾਖੀ ਕਰ ਸਕੇ। ਫੇਰ ਮਹਾਰਾਜ ਨੇ, ਉਸ ਵੇਲੇ ਦੀ ਸਮਾਜ ਦੇ ਜੋ ਸਭ ਤੋਂ ਸ਼੍ਰੋਮਣੀ ਕਹਾਉਂਦੇ ਸੀ, ਉਹ ਬ੍ਰਾਹਮਣ ਕਹਾਉਂਦੇ ਸੀ। ਮਹਾਰਾਜ ਨੇ ਉਨ੍ਹਾਂ ਨੂੰ ਪਰਖਿਆ ਕਿ ਇਨ੍ਹਾਂ ਵਿਚ ਜਿੰਦ ਜਾਨ ਹੈ? ਜੇ ਹੋਈ ਤਾਂ ਇਨ੍ਹਾਂ ਤੋਂ ਕੰਮ ਲਵਾਂਗੇ। ਮਹਾਰਾਜ ਨੇ 11 ਮਹੀਨੇ, 11 ਦਿਨ ਇਕਾਂਤ ਵਿਚ ਰਹਿ ਕੇ, ਚਿੱਠੀਆਂ ਲਿਖ ਦਿਤੀਆਂ, ਦੂਰ-ਦਰਾਜ ਤਕ ਲਿਖ ਦਿਤੀਆਂ ਕਿ ਸਾਰੇ ਆਇਓ, ਬਹੁਤ ਵੱਡਾ ਜਗ ਹੋਣਾ ਹੈ, ਬ੍ਰਾਹਮਣ ਖਾਸ ਕਰਕੇ ਆਇਓ। ਹਜ਼ਾਰਾਂ ਦੀ ਤਦਾਦ ਵਿਚ ਬ੍ਰਾਹਮਣ ਆਏ। ਮਹਾਰਾਜ ਨੇ ਸੁਣਾ ਕੇ ਇਹ ਗੱਲ ਕਹੀ, ਇਕੱਠੇ ਕਰਕੇ ਦੇਖੋ ਬਈ ਦੋ ਪੰਗਤਾਂ ਲੱਗਣੀਆਂ ਨੇ। ਇਕ ਤਾਂ ਮਾਸ ਖਾਣ ਵਾਲੇ ਬ੍ਰਾਹਮਣਾਂ ਦੀਆਂ, ਇਕ ਸਬਜ਼ੀਖੋਰਾਂ ਦੀਆਂ। ਜਿਹੜੇ ਮਾਸ ਖਾਣਗੇ ਉਨ੍ਹਾਂ ਨੂੰ ਪੰਜ-ਪੰਜ ਮੋਹਰਾਂ ਮਿਲਣਗੀਆਂ, ਸੋਨੇ ਦੀਆਂ। ਜਿਹੜੇ ਨਹੀਂ ਖਾਣਗੇ, ਉਨ੍ਹਾਂ ਨੂੰ ਰੁਪਿਆ-ਰੁਪਿਆ ਮਿਲੇਗਾ। ਮਹਾਰਾਜ ਨੇ ਦੇਖ ਲਿਆ ਕਿ ਕੋਈ ਟਾਵਾਂ ਹੀ ਰਹਿ ਗਿਆ, ਕੋਈ-ਕੋਈ ਬੰਦਾ ਬੈਠਾ ਰਹਿ ਗਿਆ ਜਿਹੜੇ ਮਾਸ ਨਹੀਂ ਖਾਂਦੇ ਸੀ। ਸਾਰੇ ਮਾਸ ਖਾਣ ਵਾਲਿਆਂ 'ਚ ਬਹਿ ਗਏ। ਕਿਉਂਕਿ ਖਾਂਦੇ ਤਾਂ ਸੀਗੇ ਹੀ, ਖਾਂਦੇ ਐਸ ਤਰ੍ਹਾਂ ਸੀ ਕਿ ਦੇਵੀਆਂ ਨੂੰ ਬਲੀ ਦੇ ਕੇ ਜਿਹੜਾ ਮਾਸ ਹੁੰਦਾ, ਉਹਨੂੰ ਪ੍ਰਸ਼ਾਦ ਬਣਾ ਕੇ ਖਾ ਲੈਂਦੇ ਸੀ। ਅੰਦਰ ਤਾਂ ਰੁਚੀ ਸੀ, ਅੰਦਰੋਂ ਸਾਫ ਨਹੀਂ ਸੀ। ਬਹਾਨੇ ਨਾਲ ਖਾਂਦੇ ਸੀ। ਮਹਾਰਾਜ ਨੇ ਕਿਹਾ ਸਾਰਿਆਂ ਦੇ ਸਾਮ੍ਹਣੇ ਪ੍ਰਗਟ ਕਰੀਏ ਇਨ੍ਹਾਂ ਨੂੰ। ਹਜ਼ਾਰਾਂ ਦੀ ਤਦਾਦ ਵਿਚ ਲਾਈਨਾਂ ਲਾ ਕੇ ਬਹਿ ਗਏ। ਮਹਾਰਾਜ ਨੇ ਉਸ ਵੇਲੇ ਮੋਹਰ ਤਾਂ ਦੇ ਦਿਤੀ, ਇਕ-ਇਕ, ਨਾਲ ਕਹਿਣ ਲੱਗੇ ਬ੍ਰਾਹਮਣੋ! ਪੰਡਤੋ! ਤੁਸੀਂ ਕਿੱਡੇ



ਨਗਰ ਕਾਕਰੋਂ ( ਨੇੜੇ ਕੁਰਾਲੀ) ਵਿਖੇ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸੰਗਤਾਂ ਅਨੰਦ ਮਾਣਦੀਆਂ ਹੋਈਆਂ।

ਵੱਡੇ ਜ਼ਿੰਮੇਵਾਰ ਸੀਗੇ। ਰਾਜਿਆਂ ਦੇ ਉਤੇ ਵੀ ਤੁਹਾਡਾ ਕਹਿਣ ਚਲਦਾ ਸੀ। ਐਨੀ ਗਿਰਾਵਟ ਆ ਗਈ, ਤੁਸੀਂ ਮੋਹਰਾਂ ਦੇ ਬਦਲੇ ਮਾਸ ਖਾਣ ਲਗ ਗਏ। ਸਾਰਾ ਚਰਿੱਤਰ ਗਿਰਾ ਦਿਤਾ। ਜਿਨ੍ਹਾਂ ਨੇ ਨਹੀਂ ਸੀ ਮਾਸ ਖਾਧਾ, ਉਨ੍ਹਾਂ ਨੂੰ ਮਹਾਰਾਜ ਨੇ ਪੰਜ-ਪੰਜ ਮੋਹਰਾਂ ਤੇ ਹੋਰ ਵੀ ਬਹੁਤ ਕੁਛ ਦਾਨ ਵਿਚ ਦਿਤਾ। ਕਹਿੰਦੇ ਤੁਸੀਂ ਥੋੜ੍ਹੇ ਜਿਹੇ ਨਿਕਲੇ ਹੋ। ਏਸ ਤਰ੍ਹਾਂ ਮਹਾਰਾਜ ਨੇ ਦੇਖਿਆ। ਏਸੇ ਤਰ੍ਹਾਂ ਇਕ ਹੋਰ ਵਰਗ ਸੀਗਾ ਇਥੇ, ਉਹ ਇਹ ਸੀ ਕਿ ਦੇਵਤੇ ਨੂੰ ਜੇ ਖੁਸ਼ ਕਰਕੇ ਪ੍ਰਗਟ ਕਰ ਲਈਏ ਤਾਂ ਉਹ ਇਕੱਲਾ ਹੀ ਬਹੁਤ ਹੈ ਸਾਨੂੰ ਲੋੜ ਹੀ ਨਹੀਂ ਕੁਛ ਕਰਨ ਦੀ। ਉਹ ਕੇਸ਼ੋਦਾਸ ਆ ਗਿਆ। ਮਹਾਰਾਜ ਜੀ ਨੂੰ ਆ ਕੇ ਉਸ ਨੇ ਕਿਹਾ ਮਹਾਰਾਜ! ਸਾਨੂੰ ਪਤਾ ਲੱਗਿਆ ਹੈ ਕਿ ਤੁਸੀਂ ਜਗਤ ਦੇ ਉਧਾਰ ਦਾ ਕੋਈ ਕਾਰਜ ਸ਼ੁਰੂ ਕਰਨ ਲੱਗੇ ਹੋਂ, ਤੁਹਾਨੂੰ ਕੀ ਲੋੜ ਹੈ ਤਲਵਾਰਾਂ ਚੁੱਕਣ ਦੀ। ਮਹਾਰਾਜ ਕਹਿੰਦੇ ਹੋਰ ਕੋਈ ਹੱਲ ਹੈ? ਕਹਿੰਦਾ ਹਾਂ ਮਹਾਰਾਜ! ਸਾਨੂੰ ਤੁਸੀਂ ਸੀਧਾ ਦੇਵੋ ਤੇ ਅਸੀਂ ਦੇਵੀ ਪ੍ਰਗਟ ਕਰਕੇ

ਦਿਖਾਵਾਂਗੇ। ਉਹ ਦੇਵੀ ਫੇਰ ਵਰ ਦੇ ਦੇਵੇਗੀ। ਜੇ ਇਕ ਵਾਰੀ ਕਹਿ ਦਿਤਾ ਤੁਰਕਾਂ ਦਾ ਰਾਜ ਨਾਸ, ਉਸੇ ਵਕਤ ਹੋ ਜਾਏਗਾ, ਤਲਵਾਰ ਚਲਾਉਣ ਦੀ ਲੋੜ ਨਹੀਂ। ਮਹਾਰਾਜ ਕਹਿੰਦੇ, ਆਹ ਤਾਂ ਗੱਲ ਹੋਈ ਨਹੀਂ ਕਦੇ। ਜਿੱਦ ਪੈ ਗਏ। ਮਹਾਰਾਜ ਕਹਿੰਦੇ ਠੀਕ ਹੈ, ਜਿਵੇਂ ਕਹਿੰਦੇ ਓਂ, ਓਵੇਂ ਜਿਵੇਂ ਕਰ ਲੈਂਦੇ ਹਾਂ। ਕਿਉਂਕਿ ਜਿੰਨਾ ਚਿਰ ਇਹ ਭਰਮ ਉਨ੍ਹਾਂ ਦਾ ਮਹਾਰਾਜ ਨਹੀਂ ਕੱਢਦੇ ਸੀ, ਪਹਾੜ ਦੇ ਜਿੰਨੇ ਬ੍ਰਾਹਮਣ, ਜਿੰਨੇ ਲੋਕ ਸੀ, ਉਹ ਦੇਵੀ ਪੂਜਾ ਕਰਿਆ ਕਰਦੇ ਸੀ। ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਸੋ ਮਹਾਰਾਜ ਝੂਠੇ ਦੇ ਘਰ ਤਕ ਜਾਣ ਵਾਸਤੇ, ਆਪ ਨੇ ਸਾਰਾ ਇੰਤਜ਼ਾਮ ਕਰ ਦਿਤਾ। ਬਹੁਤ ਸਮਾਂ ਜਦੋਂ ਲੰਘ ਗਿਆ ਮਹਾਰਾਜ ਨੇ ਕਿਹਾ ਦੇਵੀ ਪ੍ਰਗਟ ਨਹੀਂ ਹੋਈ ਭਾਈ? ਕਹਿੰਦੇ, ਉਹ ਬਲੀ ਮੰਗਦੀ ਹੈ ਕਿਸੇ ਬ੍ਰਹਮਚਾਰੀ ਦੀ। ਮਹਾਰਾਜ ਕਹਿੰਦੇ, ਕੇਸ਼ੋਦਾਸ ਤੇਰੇ ਨਾਲੋਂ ਵੱਡਾ ਬ੍ਰਹਮਚਾਰੀ ਕੌਣ ਹੈ, ਤੈਨੂੰ ਇਥੇ ਹੋ ਗਿਆ ਸਾਲ ਤੇ ਤੇਰੀ ਬਲੀ ਦੇ ਦਿੰਦੇ ਹਾਂ। ਦੇਵੀ ਜਦੋਂ ਪ੍ਰਗਟ ਹੋਏਗੀ ਅਸੀਂ ਕਹਿ ਦੇਵਾਂਗੇ ਕਿ ਇਹਨੂੰ ਵੀ ਜਿਉਂਦਾ ਕਰ ਦੇ। ਰਾਤੋ ਰਾਤ ਨੱਠ ਗਿਆ। ਸਾਰੇ ਨੱਠ ਗਏ, ਜਿੰਨੇ ਸੀ ਉਥੇ। ਮਹਾਰਾਜ ਨੇ ਕਿਹਾ ਇਹ ਵੀ ਫੇਲ੍ਹ ਹੋ ਗਏ। ਬੁਲਾ ਕੇ ਕਹਿਣ ਲੱਗੇ, ਜਿਹੜੇ ਰਹਿ ਗਏ ਸੀ, ਕਿ ਤੁਸੀਂ ਫੇਰ ਪ੍ਰਭੂ ਦਾ ਨਾਮ ਜਪਿਆ ਕਰੋ। ਕਹਿੰਦੇ ਔਖਾ ਹੈ ਮਹਾਰਾਜ। ਰੱਬ ਦਾ ਨਾਮ ਜਪਣਾ ਬਹੁਤ ਔਖਾ ਹੈ, ਕਿਉਂਕਿ ਇਹ ਕੁਛ ਦਿੰਦਾ ਨਹੀਂ।



ਪੂਰਨਮਾਸ਼ੀ ਰਾਤ ਸਮੇਂ ਨਿਰਮਲ ਡੇਰਾ (ਹਿਰਦਾਪੁਰ ਖੇੜੀ) ਵਿਖੇ
ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।

ਸੋ ਐਨੀ ਗਿਰਾਵਟ ਆ ਗਈ। ਮਹਾਰਾਜ ਨੂੰ ਕਹਿਣ ਲੱਗੇ, ਸੱਚੇ ਪਾਤਸ਼ਾਹ! ਸਾਨੂੰ ਰੋਜ਼ੀ ਵਾਸਤੇ ਕੁਛ ਕਰਨ ਦੀ ਲੋੜ ਨਹੀਂ ਹੈ, ਆਹ ਜਿਹੜਾ ਰਾਹੂ ਤੇ ਕੇਤੂ ਹੈ ਇਹ ਸਾਡੇ ਬਲਦ ਨੇ ਤੇ ਸਾੜਸਤੀ ਸਾਡੀ ਖੇਤ ਹੈ। ਪੱਤਰੀ ਸਾਡੀ ਇਹਦੇ ਵਿਚ ਬੀਜ ਦਿੰਦੀ ਹੈ, ਸਕਿੰਟ ਲਗਦਾ ਹੈ। ਖੇਤੀ ਵਾਲਾ ਤਾਂ ਹੁਣ ਬੀਜੇਗਾ, ਛੇ ਮਹੀਨੇ ਬਾਅਦ ਫਸਲ ਆਉਣੀ ਹੈ, ਪਤਾ ਨਹੀਂ ਆਵੇ ਘਰ ਕਿ ਨਾ ਆਵੇ। ਕਹਿੰਦੇ –

*ਰਾਹੂ ਕੇਤੂ ਬੈਲ ਹਮਾਰੇ, ਸਾੜਸਤੀ ਹੈ ਖੇਤੀ*
*ਪੱਤਰੀ ਹਮਾਰੀ ਖਰੀ ਸ਼ਿਕਾਰਨ, ਮਾਰ ਲਿਆਵੇ ਛੇਤੀ।*

ਉਹ ਤਾਂ ਮਹਾਰਾਜ ਮਿੰਟਾਂ 'ਚ ਮਾਰ ਲਿਆਏਗੀ ਸ਼ਿਕਾਰ। ਅਸੀਂ ਨਾਮ ਕੀ ਜਪਣਾ ਹੈ। ਸਾਡਾ ਤਾਂ ਕੰਮ ਐਵੇਂ ਹੀ ਚੱਲੀ ਜਾਂਦਾ ਹੈ। ਮਹਾਰਾਜ ਨੇ ਦੇਖ ਲਿਆ ਕਿ ਏਹ ਵੀ ਗਏ। ਕੁਝ ਨਹੀਂ ਰਿਹਾ। ਪਾਖੰਡ ਰਹਿ ਗਿਆ। ਫੇਰ ਸੰਨਿਆਸੀਆਂ ਨੂੰ ਦੇਖਿਆ। ਬਹੁਤ ਵੱਡੀ ਜਮਾਤ ਆ ਗਈ। ਵੱਡੇ ਸ੍ਰੀ ਮਾਨ ਸੀਗੇ। ਮਹਾਰਾਜ ਨੂੰ ਕਹਿਣ ਲੱਗੇ, ਮਹਾਰਾਜ! ਜਗਤ ਦਾ ਤਿਆਗ ਕਰਨਾ ਚਾਹੀਦਾ ਹੈ। ਮਾਇਆ ਦਾ ਤਿਆਗ ਕਰਨਾ ਚਾਹੀਦਾ ਹੈ। ਮਹਾਰਾਜ ਕਹਿੰਦੇ ਮਾਇਆ ਜਿਹੜੀ ਸਫਲੀ ਹੁੰਦੀ ਹੈ, ਉਹ ਮਾਇਆ ਤਿਆਗ ਹੀ ਹੋਇਆ ਕਰਦਾ ਹੈ। ਜਿਹੜਾ ਹੱਥ ਨਹੀਂ ਲਾਉਂਦਾ ਕਿ ਅਸੀਂ ਪੈਸੇ ਨੂੰ ਹੱਥ ਨਹੀਂ ਲਾਉਂਦੇ। ਪੈਸੇ ਬਿਨਾਂ ਕੋਈ ਕੰਮ ਚਲਦਾ ਹੈ ਦੁਨੀਆਂ 'ਚ। ਲੰਗਰ ਚੱਲ ਰਹੇ ਨੇ, ਬਿਲਡਿੰਗਾਂ ਬਣ ਰਹੀਆਂ ਨੇ, ਪੈਸੇ ਤੋਂ ਬਗੈਰ ਤਾਂ ਬਣਦੀਆਂ ਨਹੀਂ। ਮਹਾਰਾਜ ਕਹਿੰਦੇ ਉਹਦੀ ਪਕੜ ਨਹੀਂ ਹੋਣੀ ਚਾਹੀਦੀ। ਸਹੀ ਥਾਂ ਤੇ ਲਾਉਣਾ ਚਾਹੀਦਾ ਹੈ।

ਉਹ ਕਹਿਣ ਲੱਗੇ, ਮਹਾਰਾਜ! ਸਾਡਾ ਵੀ ਕੰਮ ਚਲਦਾ ਹੈ, ਅਸੀਂ ਕੋਈ ਪੈਸਾ ਨਹੀਂ ਰਖਦੇ। ਮਹਾਰਾਜ ਨੇ ਸਿੰਘਾਂ ਨੂੰ ਹੁਕਮ ਦੇ ਦਿਤਾ ਕਿ ਇਨ੍ਹਾਂ ਦੀਆਂ ਚਿੱਪੀਆਂ ਚੁੱਕ ਲਿਆਓ। ਚਿੱਪੀਆਂ ਚੁੱਕ ਕੇ ਲਿਆਏ, ਕਹਿੰਦੇ ਲਾਖ ਤੋੜ ਦਿਓ। ਜਦੋਂ ਲੱਗੀ ਹੋਈ ਲਾਖ ਤੋੜੀ, ਕੀ ਦੇਖਦੇ ਨੇ, ਛਣ-ਛਣ ਅਸ਼ਰਫੀਆਂ ਗਿਰ ਰਹੀਆਂ ਨੇ ਵਿਚੋਂ। ਸਾਰੇ ਨੀਵੀਆਂ ਪਾਈ ਬੈਠੇ ਨੇ। ਮਹਾਰਾਜ ਨੇ ਕਿਹਾ, ਸੰਤੋ! ਆਹ ਗੱਲ ਹੈ। ਮਹਾਰਾਜ ਨੇ ਦੇਖਿਆ ਇਹ ਵੀ ਗਏ।

ਫੇਰ ਰਾਜਿਆਂ ਵਲ ਨਿਗ੍ਹਾ ਗਈ, ਰਾਜਪੂਤਾਂ ਵਲ, ਪਹਾੜੀ ਰਾਜਿਆਂ ਵਲ, ਸਾਰਿਆਂ ਨੂੰ ਇਕੱਠੇ ਕਰਿਆ। ਗੱਲ ਚਲਾਈ ਕਿ ਬਹੁਤ ਅਧੋਗਤੀ ਹੋ



ਝਬੇਲ ਵਾਲੀ (ਸ੍ਰੀ ਮੁਕਤਸਰ ਸਾਹਿਬ) ਵਿਖੇ ਸਾਲਾਨਾ ਸਮਾਗਮ ਦੌਰਾਨ ਕੀਰਤਨ ਭਗਤੀ ਵਿਚ ਮਹਾਂਪੁਰਸ਼ ਅਤੇ ਸੰਗਤਾਂ

ਰਹੀ ਹੈ, ਦੇਖੋ ਕਿੰਨਾ-ਕਿੰਨਾ ਜ਼ੁਲਮ ਹੋ ਰਿਹਾ ਹੈ। ਐਨਾ ਜ਼ੁਲਮ ਦੇਖਿਆ ਨਹੀਂ ਜਾਂਦਾ। ਫੇਰ ਤੁਸੀਂ ਕੋਈ ਹਿੰਮਤ ਕਰੋ। ਕਹਿੰਦੇ ਮਹਾਰਾਜ! ਹਿੰਮਤ ਕਾਹਦੀ ਕਰਨੀ, ਔਰੰਗਜ਼ੇਬ ਦਾ ਰਾਜ ਬਹੁਤ ਜ਼ਬਰਦਸਤ ਹੈ, ਇਹ ਤਾਂ ਘਰ ਬਾਰ ਉਜਾੜ ਦਏਗਾ। ਇਹਦੇ ਜਿਹੜੇ ਬਜ਼ੁਰਗ ਸੀ ਉਹਦੇ ਕਾਰਨਾਮੇ ਕਿੰਨੇ ਸੀ। ਬਾਬਰ ਨੇ ਆਪਣੀ ਤੌਜ਼ਕੇ ਬਾਬਰੀ 'ਚ ਲਿਖਿਆ ਹੈ ਕਿ ਜਦੋਂ ਮੈਂ ਮਥਰਾ ਤੇ ਹਮਲਾ ਕੀਤਾ ਇਕ ਲੱਖ ਬੰਦਾ ਮੈਂ ਕੈਦ ਕਰ ਲਿਆ। ਮੇਰੇ ਮਨ ਵਿਚ ਆਈ ਕਿ ਇਨ੍ਹਾਂ ਨੂੰ ਅੱਜ ਗੁਲਾਮ ਨਹੀਂ ਬਣਾਉਣਾ, ਕਿਉਂਕਿ ਗੁਲਾਮ ਬਣਾ ਕੇ ਲੈ ਜਾਂਦੇ ਸੀ। ਟਕੇ-ਟਕੇ ਨੂੰ ਬਜ਼ੁਰਗ ਵਿਕਦੇ ਸੀ, ਬੀਬੀਆਂ ਵਿਕਦੀਆਂ ਸੀ। ਕੋਈ ਰਾਖੀ ਕਰਨ ਵਾਲਾ ਨਹੀਂ ਸੀ। ਸੋ ਉਸ ਨੇ ਕਿਹਾ ਕਿ ਅੱਜ ਮੈਂ ਗੁਲਾਮ ਵੀ ਨਹੀਂ ਬਣਾਉਣੇ ਤੇ ਅੱਜ ਮੈਂ ਰੱਬ ਨੂੰ ਖੁਸ਼ ਕਰਨਾ ਹੈ। ਉਹਨੇ ਲਿਖਿਆ ਹੈ ਕਿ ਮੈਂ ਕੈਂਪ ਲਾ ਲਿਆ, ਇਕ ਲੱਖ ਬੰਦਾ ਇਕ ਦਿਨ ਵਿਚ ਕਤਲ ਕਰਾਇਆ, ਐਨਾ ਖੂਨ ਉਚਾ ਹੋ ਗਿਆ ਉਨ੍ਹਾਂ ਦਾ ਕਿ ਮੈਨੂੰ ਤਿੰਨ ਵਾਰੀ ਤੰਬੂ ਬਦਲ ਕੇ, ਹੋਰ ਥਾਉਂ ਲਾਉਣਾ ਪਿਆ ਤੇ ਮੈਂ ਆਸ ਰਖਦਾ ਹਾਂ ਕਿ ਅੱਲਾ-ਤਾਲਾਹ ਹੁਣ ਮੇਰੇ ਤੇ ਖੁਸ਼ ਹੋ ਜਾਏਗਾ।

ਇਨ੍ਹਾਂ ਰਾਜਿਆਂ ਤੋਂ ਮਹਾਰਾਜ ਨੂੰ ਕੀ ਆਸ ਸੀ ਕਿਉਂਕਿ ਰਾਜਾ ਜੋ ਹੁੰਦਾ ਹੈ ਉਹ ਸਭਨਾਂ ਦਾ ਇਕੋ ਹੀ ਹੁੰਦਾ ਹੈ ਪਰ ਇਹ ਰਾਜੇ -

*ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥*

*ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥ ਵਾਰ 1/30*

ਬੇਗਾਨਾ ਹੱਕ ਖਾਣਾ ਸ਼ੁਰੂ ਕਰ ਦਿਤਾ। ਰਾਜਿਆਂ ਦਾ ਕੰਮ ਸੀ ਪਰਜਾ ਨੂੰ ਵਸਾਉਣਾ। ਪਰਜਾ ਦੀ ਗਰੀਬੀ ਦੂਰ ਕਰਨਾ। ਪਰਜਾ ਦੇ ਦੁੱਖ ਦੂਰ ਕਰਨੇ। ਪਰ ਪਰਜਾ ਨੂੰ ਤਾਂ ਦੁਖੀ ਕਰ ਦਿਤਾ ਰਾਜਿਆਂ ਨੇ। ਲੁੱਟ ਮਾਰ ਸ਼ੁਰੂ ਕਰ ਦਿਤੀ। ਰਾਜਿਆਂ ਤੋਂ ਕੀ ਆਸ ਹੋ ਸਕਦੀ ਹੈ?

*ਪਰਜਾ ਅੰਧੀ ਗਿਆਨ ਬਿਨੁ*

*ਕੂੜੁ ਕੁਸਤਿ ਮੁਖਹੁ ਆਲਾਈ॥ ਵਾਰ 1/30*

ਝੂਠ ਹੀ ਬੋਲੀ ਜਾਂਦੇ ਨੇ। ਕਹਿੰਦੇ ਗਿਆਨ ਤੋਂ ਬਗੈਰ ਹੋ ਗਏ ਰਾਜੇ। ਪਰਜਾ ਗਿਆਨ ਤੋਂ ਬਿਨਾਂ ਹੋ ਗਈ। ਸੋ ਜਾਤ ਪਾਤ ਐਨੀ ਘਰ ਕਰ ਗਈ ਕਿ ਆਪਸ ਵਿਚ ਵਰਤ ਕੇ ਰਾਜੀ ਨਹੀਂ ਸੀ। ਮਨੁੱਖ ਵੰਡ ਦਿਤਾ ਗਿਆ। ਤਾਕਤ ਘਟ ਗਈ। ਊਚ ਨੀਚ ਆ ਗਈ। ਵਰਣ ਆਸ਼ਰਮ ਆ ਗਿਆ। ਕੋਈ ਚੰਦ ਨੂੰ ਪੂਜਦਾ ਹੈ, ਕੋਈ ਸੂਰਜ ਨੂੰ ਪੂਜਦਾ ਹੈ, ਕੋਈ ਦਰਖਤਾਂ ਨੂੰ ਮੱਥਿ ਟੇਕਦਾ ਹੈ, ਕੋਈ ਗੁੱਗੇ ਨੂੰ ਮੱਥਿ ਟੇਕ ਰਿਹਾ ਹੈ, ਕੋਈ ਮਾਤਾ ਰਾਣੀ ਨੂੰ ਮੱਥਿ ਟੇਕ ਰਿਹਾ ਹੈ। ਪਰਜਾ ਅਗਿਆਨੀ ਹੋ ਗਈ। ਕੋਈ ਪੱਥਰਾਂ ਨੂੰ ਮੱਥਿ ਟੇਕ ਰਿਹਾ ਹੈ, ਕੋਈ ਦਰਿਆਵਾਂ ਦੀ ਪੂਜਾ ਕਰੀ ਜਾਂਦਾ ਹੈ, ਕੋਈ ਜੰਤ੍ਰ ਮੰਤ੍ਰ 'ਚ ਪਿਆ ਹੋਇਆ। ਕੋਈ ਖੁਦਗਰਜ਼ੀ 'ਚ ਹੈ। ਹੁਣ ਜੇ ਪਰਜਾ ਅੰਨੀ ਹੋਵੇ, ਪਰਜਾ ਨੂੰ ਨਹੀਂ ਪਤਾ ਕਿ ਮੈਂ ਹੱਕ ਕਿਵੇਂ ਲੈਣੇ ਨੇ। ਉਠ ਨਹੀਂ



ਮਨਿਆਰ ਖੇੜਾ (ਯੂ.ਪੀ.) ਵਿਖੇ ਸਾਲਾਨਾ ਸਮਾਗਮ ਦੌਰਾਨ ਕੀਰਤਨ ਭਗਤੀ ਵਿਚ ਸੰਗਤਾਂ

ਸਕਦੀ। ਦੋਵੇਂ ਪਾਸੇ ਐਸ ਤਰ੍ਹਾਂ ਹੋ ਗਿਆ ਨਾ ਰਾਜਾ ਕੰਮ ਦਾ ਰਿਹਾ, ਨਾ ਪਰਜਾ ਕੰਮ ਦੀ ਰਹੀ।

***ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ॥***

***ਵਾਰ 1/30***

ਗੁਰੂ ਵੀ ਫੇਲ੍ਹ ਹੋ ਗਏ ਸਾਰੇ। ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਾਚ ਕਰ-ਕਰ ਕੇ ਦਿਖਾਉਂਦੇ ਨੇ।

***ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥***

***ਅੰਗ - 470***

ਸੂਰਮਿਆਂ ਦੀਆਂ ਵਾਰਾਂ ਹੀ ਗਾਈ ਜਾਂਦੇ ਨੇ, ਰੱਬ ਦੀ ਕੋਈ ਗੱਲ ਨਹੀਂ ਕਰਦਾ। ਮਹਾਰਾਜ ਕਹਿੰਦੇ, ਉਚੀ-ਉਚੀ ਕੂਕਦੇ ਨੇ। ਕੰਨਾਂ ਤੇ ਹੱਥ ਧਰ-ਧਰ ਕੇ ਗਾਉਂਦੇ ਨੇ। ਪ੍ਰਮੇਸ਼ਰ ਦੀ ਗੱਲ ਕੋਈ ਨਹੀਂ ਕਰ ਰਹੇ।

***ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ॥***












ਸੰਤ ਬਾਬਾ ਹਰਪਾਲ ਸਿੰਘ ਜੀ ਨਗਰ ਰਾਮਪੁਰ (ਰੋਪੜ) ਵਿਖੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।



ਸੰਤ ਬਾਬਾ ਹਰਪਾਲ ਸਿੰਘ ਜੀ ਮੱਸਿਆ ਤੇ ਰਾਤ ਸਮੇਂ ਨਗਰ ਭੱਟੋਂ (ਨੰਗਲ) ਵਿਖੇ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।

ਫਲਾਣਾਂ ਸੇਵਕ ਅਮੀਰ ਹੈ, ਰੁੱਸ ਨਾ ਜਾਵੇ, ਚਲੋ ਉਹਦੇ ਘਰ ਚੱਲੀਏ। ਆਹ ਚਰਿੱਤਰ ਹੋ ਗਿਆ ਸਾਧਸੰਗਤ।

ਜਿਹੜੇ ਹਿਸਾਬ ਕਰਨ ਵਾਲੇ ਸੀ ਉਹ ਰਿਸ਼ਵਤਖੋਰ ਹੋ ਗਏ।

***ਕਾਜੀ ਹੋਇ ਰਿਸਵਤੀ ਵਢੀ ਲੈ ਕੇ ਹਕ ਗਵਾਈ॥ ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ॥***

***ਵਰਤਿਆ ਪਾਪ ਸਭਸ ਜਗ ਮਾਂਹੀ॥ ਵਾਰ 1/30***

ਇਸਤਰੀ ਤੇ ਪੁਰਖ ਦਾ, ਪਤੀ ਤੇ ਪਤਨੀ ਦਾ ਪਿਆਰ ਨਾ ਰਹਿ ਗਿਆ ਕਿ ਪਰਿਵਾਰ ਨੂੰ ਅਸੀਂ ਪਾਲੀਏ, ਦਿਲ ਵਿਚ ਪਿਆਰ ਕੋਈ ਨਹੀਂ। ਜੇ ਪੈਸਾ ਘਰ ਵਿਚ ਹੈ ਤਾਂ ਦੋਹਾਂ ਦੀ ਸੁਲ੍ਹਾ ਹੈ, ਜੇ ਪੈਸਾ ਘਰ ਵਿਚ ਨਹੀਂ ਹੈ ਤਾਂ ਦੋਵੇਂ ਗੁੱਥਮ-ਗੁੱਥੀ। ਕਿਤੋਂ ਲਿਆਵੇ, ਰਿਸ਼ਵਤ ਲਵੇ, ਚਾਹੇ ਚੋਰੀ ਕਰਕੇ ਲਿਆਏ, ਪੈਸਾ ਘਰ ਵਿਚ ਹੈ ਤਾਂ ਰੋਟੀ ਵਧੀਆ ਮਿਲਦੀ ਹੈ, ਨਹੀਂ ਆਇਆ ਘਰ 'ਚ ਲੜਾਈ ਹੋ ਗਈ।

ਫੇਰ ਗੁਰੂ ਮਹਾਰਾਜ ਦਾ ਧਿਆਨ ਆਇਆ ਕਿ ਇਹ ਤਾਂ ਸਾਰਾ ਹੀ ਕੰਮ ਖਤਮ ਹੋ ਗਿਆ। ਸਿੱਖਾਂ ਵਲ ਧਿਆਨ ਦੇਈਏ। ਸਿੱਖਾਂ ਦੇ ਵਿਚੋਂ ਉਸ ਵੇਲੇ ਦੇ ਮੁਖੀ ਵੱਡੇ-ਵੱਡੇ ਮਸੰਦ ਹੋਇਆ ਕਰਦੇ ਸੀ। ਲੇਕਿਨ ਮਸੰਦ ਤੀਸਰੇ ਪਾਤਸ਼ਾਹ ਨੇ ਮੰਜੀਆਂ ਕਾਇਮ ਕੀਤੀਆਂ। ਚੌਥੇ ਪਾਤਸ਼ਾਹ ਨੇ ਮਸੰਦ ਦੂਰ-ਦਰਾਜ਼ ਤਕ ਕਾਇਮ ਕਰਕੇ ਭੇਜੇ। ਉਨ੍ਹਾਂ ਨੇ ਸਿੱਖੀ ਚਲਾਈ। ਪਹਿਲਾਂ-ਪਹਿਲਾਂ ਬਹੁਤ ਚੰਗਾ ਸੀ। ਦਸਵੰਧ ਲਿਆਉਂਦੇ, ਸੰਗਤਾਂ ਲਿਆ ਕੇ ਗੁਰੂ ਮਹਾਰਾਜ ਪਾਸ ਲਿਆਉਂਦੇ। ਲੇਕਿਨ ਹੌਲੀ-ਹੌਲੀ ਗੁਰੂ ਪੰਜਵੇਂ ਪਾਤਸ਼ਾਹ ਵੇਲੇ ਮਸੰਦਾਂ ਦੀ ਵੰਡ ਹੋ ਗਈ। ਕੁਛ ਪ੍ਰਿਥੀਏ ਨਾਲ ਜਾ ਰਲੇ, ਕੁਛ ਮਹਾਰਾਜ ਕੋਲ ਰਹਿ ਗਏ।



ਸ਼ੇਰਪੁਰ ਬੇਟ (ਨੇੜੇ ਮਾਛੀਵਾੜਾ ਸਾਹਿਬ) ਵਿਖੇ ਸਾਲਾਨਾ ਸਮਾਗਮ ਦੌਰਾਨ ਸੰਤ ਬਾਬਾ ਲਖਬੀਰ ਸਿੰਘ ਜੀ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।

ਅੱਗੇ ਗੁਰੂ ਛੇਵੇਂ ਪਾਤਸ਼ਾਹ ਤੋਂ ਬਾਅਦ ਗੁਰੂ ਹਰਿਰਾਇ ਵੇਲੇ ਫੇਰ ਵੰਡ ਹੋ ਗਈ। ਕੁਛ ਰਾਮਰਾਇ ਦੇ ਚਲੇ ਗਏ, ਕੁਛ ਗੁਰੂ ਹਰਿਕ੍ਰਿਸ਼ਨ ਮਹਾਰਾਜ ਨਾਲ ਰਹਿ ਗਏ। ਐਨੇ ਤਕੜੇ ਹੋ ਗਏ ਕਿ ਰਾਮਰਾਇ ਜੀ ਨੂੰ ਜਿਉਂਦੇ ਨੂੰ ਅੱਗ ਵਿਚ ਜਾਲ ਦਿਤਾ। ਇਕ ਪਾਸੇ ਗੁਰੂ ਕਹਿ ਮੱਥਾ ਟੇਕਦੇ ਨੇ। ਸਮਾਧੀ ਵਿਚ ਬੈਠੇ ਸੀ। ਜਿਉਂਦੇ ਨੂੰ ਅੱਗ ਵਿਚ ਸੁੱਟ ਦਿਤਾ। ਮਤਲਬ ਇਹ ਸੀ ਕਿ ਜਿਹੜਾ ਪੈਸਾ ਟਕਾ ਸੀ ਉਹ ਆਪਾਂ ਖਾ ਜਾਈਏ। ਐਨੀ ਠੱਗੀ ਮਸੰਦਾਂ ਵਿਚ ਆ ਗਈ। ਜਦੋਂ ਗੁਰੂ ਨੌਵੇਂ ਪਾਤਸ਼ਾਹ ਵੇਲੇ ਉਹ ਹੀ ਹਾਲ ਰਿਹਾ। ਗੁਰੂ ਮਹਾਰਾਜ ਨੇ ਦੇਖਿਆ ਕਿ ਇਹ ਤਾਂ ਸਾਰਾ ਕੁਛ ਹੀ ਗਲਤ ਹੋ ਗਿਆ। ਮਹਾਰਾਜ ਜੀ ਨੂੰ ਦੱਸਿਆ ਗਿਆ ਕਿ ਐਉਂ ਮਹਾਰਾਜ ਜ਼ੁਲਮ ਕਰਦੇ ਨੇ। ਵੇਸਵਾਵਾਂ ਨਚਾਉਂਦੇ ਨੇ, ਕੁੱਤੇ ਰਖਦੇ ਨੇ, ਸ਼ਿਕਾਰ ਖੇਲ੍ਹਦੇ ਨੇ। ਗਰੀਬ ਸਿੱਖ ਦੇ ਘਰ ਜਾਂਦੇ ਨੇ। ਉਹ ਸਭ ਗਹਿਣੇ ਗੱਟੇ ਵੇਚ ਕੇ ਇਨ੍ਹਾਂ ਵਾਸਤੇ ਮਾਸ ਵਗੈਰਾ ਦੀ ਰੋਟੀ ਲੈ ਕੇ ਆਉਂਦਾ ਹੈ। ਫੇਰ ਉਹਦੀ ਘਰਵਾਲੀ ਨੂੰ ਕਹਿੰਦੇ ਨੇ ਕਿ ਆਹ ਵੇਸਵਾ ਜਿਹੜੀ ਮੇਰੇ ਨਾਲ ਹੈ, ਇਹਦੇ ਚਰਨ ਘੁੱਟ, ਲੱਤਾਂ ਘੁੱਟ। ਮਹਾਰਾਜ ਨੂੰ ਬੜਾ ਰੋਹ ਆਇਆ, ਇਹ ਤਾਂ ਵਿਗੜ ਗਿਆ ਸਭ ਕੁਛ। ਗੁਰੂ ਨਾਲ ਨਹੀਂ ਜੁੜਨ ਦਿੰਦੇ ਤੇ ਸੇਵਕਾਂ ਨੂੰ ਕਹਿੰਦੇ ਨੇ ਕਿ ਮੇਰਾ ਹੀ ਧਿਆਨ ਧਰਿਆ ਕਰ, ਮੇਰੇ ਵਿਚ ਹੀ ਗੁਰੂ ਵਸਦਾ ਹੈ।


ਸਿਤਾਰਗੰਜ (ਯੂ.ਪੀ) ਵਿਖੇ ਸਾਲਾਨਾ ਸਮਾਗਮ ਦੌਰਾਨ ਸੰਤ ਬਾਬਾ ਲਖਬੀਰ ਸਿੰਘ ਜੀ ਰਸ ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ।

ਜਿਹੜੇ ਬੀਬੀ ਨੇ ਗਹਿਣੇ ਲਕੋ ਕੇ ਰੱਖੇ ਹੋਏ ਨੇ, ਉਹ ਵੀ ਲਿਆ ਕੱਢ ਕੇ। ਜੇ ਕਿਸੇ ਨੇ ਦੇ ਦਿਤੇ ਪੈਸੇ, ਉਹਦਾ ਆਦਰ ਹੁੰਦਾ ਹੈ, ਸਤਿਕਾਰ ਹੁੰਦਾ ਹੈ। ਜਿਹੜਾ ਵਿਚਾਰਾ ਗਰੀਬ ਹੈ, ਭੋਰਾ ਜਿੰਨਾਂ ਵੀ ਨਹੀਂ ਪਤੀਜਦੇ। ਜਦੋਂ ਲੋਕਾਂ

ਵਿਚ ਬੈਠਣਾ ਹੈ, ਸੰਗਤ ਨੇ ਆਉਣਾ ਹੈ, ਫੇਰ ਗੁਰੂ ਦੀਆਂ ਗੱਲਾਂ ਕਰਨੀਆਂ ਨੇ। ਫੇਰ ਘਰ ਵਿਚੋਂ ਸਰੋਂ ਦੇ ਤੇਲ ਨਾਲ ਉਂਗਲੀ ਲਿਵੇੜ ਲਿਆਉਣੀ ਹੈ, ਅੱਖ ਵਿਚ ਲਾ ਦੇਣੀ ਹੈ, ਜਦੋਂ ਅੱਖ ਵਿਚ ਲੱਗੀ, ਨੇਤਰਾਂ 'ਚੋਂ ਜਲ ਜਾਣ ਲਗ ਜਾਣਾ, ਉਹਨੂੰ ਲੋਕ ਕਹਿੰਦੇ ਨੇ ਕਿ ਇਹ ਤਾਂ ਵੈਰਾਗੀ ਹੈ। ਇਹ ਤਾਂ ਗੁਰੂ ਮਹਾਰਾਜ ਦੇ ਪਿਆਰ ਵਿਚ ਰੋਂਦਾ ਰਹਿੰਦਾ ਹੈ।

ਅੱਖਾਂ 'ਚੋਂ ਨੀਰ ਵਹਾ-ਵਹਾ ਦਿਖਾਉਂਦੇ ਨੇ। ਜੇ ਕੋਈ ਧਨਵਾਨ ਆ ਗਿਆ, ਸਪੈਸ਼ਲ ਥਾਲ ਲਗਦੇ ਨੇ। ਜਿਹੜਾ ਗਰੀਬ ਆ ਗਿਆ, ਉਹਨੂੰ ਕਹਿੰਦੇ ਨੇ ਕਿ ਨੱਠ ਜਾ ਇਥੋਂ, ਹੁਣ ਲੰਗਰ ਚਲਦਾ ਹੈ ਕਿਤੇ, ਚਲਾ ਜਾ ਇਥੋਂ। ਐਸੀ ਹਾਲਤ ਜਦੋਂ ਮਹਾਰਾਜ ਨੇ ਦੇਖੀ ਕਿ ਇਹ ਤਾਂ ਗੁਰੂ ਦਾ ਘਰ ਵੀ ਦੂਸ਼ਿਤ ਹੋ ਗਿਆ। ਜ਼ੁਲਮ ਐਨਾ ਹੋ ਰਿਹਾ ਹੈ, ਕੋਈ ਕੁਛ ਨਹੀਂ ਕਰ ਸਕਦਾ। ਉਸ ਵੇਲੇ ਮਹਾਰਾਜ ਨੇ ਮਸੰਦਾਂ ਨੂੰ ਇਕੱਠੇ ਕਰਿਆ। ਕਹਿਣ ਲੱਗੇ, ਦੇਖੋ ਭਾਈ! ਸਾਨੂੰ ਤੁਹਾਡੀਆਂ ਸ਼ਿਕਾਇਤਾਂ ਪਹੁੰਚਦੀਆਂ ਨੇ ਤੇ ਖਜ਼ਾਨੇ ਦੇ ਵਿਚ ਜੋ ਧਨ ਆਉਂਦਾ ਸੀ, ਉਹ ਬਹੁਤ ਘਟ ਗਿਆ। ਕੀ ਗੱਲ ਹੋ ਗਈ? ਕਹਿੰਦੇ ਮਹਾਰਾਜ ਹੋਣੀ ਕੀ ਸੀ, ਲੋਕ ਹੋਰ ਪਾਸੇ ਲਗਣ ਲਗ ਗਏ। ਹੋਰਾਂ-ਹੋਰਾਂ ਗੁਰੂਆਂ ਦੇ ਚੇਲੇ ਬਣ ਗਏ। ਅਮੀਰ ਸਿੱਖ ਸੀ ਜੋ ਬਹੁਤ ਵੱਡੇ-ਵੱਡੇ ਉਹ ਚੜ੍ਹਾਈ ਕਰ ਗਏ। ਮਹਾਰਾਜ ਕਹਿੰਦੇ, ਕੀ ਇਹ ਮੌਤ ਮੇਰੇ ਸਿੱਖਾਂ ਨੂੰ ਹੀ ਪਈ ਹੈ। ਬਾਕੀ ਸੰਸਾਰ 'ਚ ਨਹੀਂ ਚੜ੍ਹਾਈ ਕਰੇ। ਆਉਂਦਾ ਤਾਂ ਸਭ ਕੁਛ ਹੈ ਲੇਕਿਨ ਰਾਹ ਵਿਚ ਰੋਕ ਲੈਂਦੇ ਨੇ। ਰਸਤੇ 'ਚ ਰੁਕਦਾ ਰਹਿੰਦਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਦੇਖੋ ਪ੍ਰੇਮੀਓ! ਮੇਰੇ ਕੋਲ ਗੁਰਸਿੱਖਾਂ ਦੀਆਂ ਦਰਦ ਭਰੀਆਂ ਅਰਦਾਸਾਂ ਆ ਰਹੀਆਂ ਨੇ। ਗੁਰੂ ਜੋ ਹੁੰਦਾ ਹੈ, ਉਹ ਸਿੱਖ ਦੇ ਹਿਰਦੇ ਨਾਲ ਜੁੜਿਆ ਹੁੰਦਾ ਹੈ। ਜਦੋਂ ਗੁਰੂ ਨੇ ਸਿੱਖ ਬਣਾ ਲਿਆ, ਫੇਰ ਉਹਨੂੰ ਛੱਡਦਾ ਨਹੀਂ। ਸਿੱਖ ਛੱਡ ਦਿੰਦਾ ਹੈ ਗੁਰੂ ਨੂੰ, ਗੁਰੂ ਨਹੀਂ ਕਦੇ ਵੀ ਛਡਦਾ। ਸੋ ਉਸ ਵੇਲੇ ਮਹਾਰਾਜ ਕਹਿਣ ਲੱਗੇ, ਕਿ ਉਨ੍ਹਾਂ ਦਾ ਦਰਦ ਮੇਰੇ ਤਕ ਪਹੁੰਚਦਾ ਹੈ। ਕਹਿੰਦੇ, ਮਹਾਰਾਜ ਅਸੀਂ ਕੋਈ ਗਲਤ ਗੱਲ ਤਾਂ ਕਰਦੇ ਨਹੀਂ। ਤੁਹਾਨੂੰ ਸ਼ਿਕਾਇਤਾਂ ਨੇ, ਖਾਹਮਖਾਹ ਦਾ ਵਹਿਮ ਪੈਦਾ ਹੋ ਗਿਆ। ਮਹਾਰਾਜ ਨੂੰ ਵੀ ਐਉਂ ਸਮਝਦੇ ਨੇ ਕਿ ਮਹਾਰਾਜ ਕੋਈ ਮਾਮੂਲੀ ਆਦਮੀ ਨੇ, ਅਸੀਂ ਹੀ ਤਾਂ ਤਖਤ ਤੇ ਬਿਠਾਇਆ ਸੀ, ਜੇ ਅਸੀਂ ਚਾਹੀਏ ਤਾਂ ਲਾਹ ਸਕਦੇ ਹਾਂ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਗੁਰੂ ਦੇ ਹਿਰਦੇ ਨੂੰ ਨਹੀਂ ਜਾਣਦੇ। ਗੁਰੂ ਦਾ ਹਿਰਦਾ ਸਿੱਖ ਨਾਲ ਜੁੜਿਆ ਹੁੰਦਾ ਹੈ। ਮਾਂ ਤੋਂ ਵੀ ਵੱਧ ਜੁੜਿਆ ਹੁੰਦਾ ਹੈ।

ਮਾਂ ਪੁੱਤਰ ਨੂੰ ਕਦੇ ਝਿੜਕ ਵੀ ਦਿੰਦੀ ਹੈ, ਲੇਕਿਨ ਪਿਆਰ ਕਰਦੀ ਹੈ। ਜੇ ਕੋਈ ਹੋਰ ਘੂਰ ਦੇਵੇ, ਦੇਖ ਨਹੀਂ ਸਕਦੀ ਕਿ ਮੇਰੇ ਪੁੱਤਰ ਨੂੰ ਕਿਉਂ ਘੂਰਦਾ ਹੈ।

ਉਹਦੀ ਪਿਆਰ ਤੇ ਉਹਦੀ ਝਿੜਕ ਜਿਹੜੀ ਹੈ ਦੋਵੇਂ ਹੀ ਪੁੱਤਰ ਦੇ ਫਾਇਦੇ ਵਾਸਤੇ ਹੋਇਆ ਕਰਦੇ ਨੇ। ਜਿਹੜੀ ਬਿਗਾਨੇ ਦੀ ਧਿਰਕਾਰ ਹੈ ਧੱਕਾ ਹੈ, ਗਾਲ੍ਹ ਹੈ।

ਗੁਰੂ ਹਮੇਸ਼ਾ ਹੀ ਪਿਆਰ ਕਰਦਾ ਹੈ ਉਹਦੇ ਮਨ ਵਿਚ ਦੁਬਿਧਾ ਨਹੀਂ ਆਉਂਦੀ ਚਾਹੇ, ਘੂਰ ਦੇਵੇ ਚਾਹੇ ਪਿਆਰ ਕਰ ਦੇਵੇ।

*ਜੇ ਗੁਰ ਝਿੜਕੇ ਤ ਮੀਠਾ ਲਾਗੈ*

*ਜੇ ਬਖਸੇ ਤੇ ਗੁਰ ਵਡਿਆਈ॥ ਅੰਗ - 759*



ਸਾਲਾਨਾ ਸਮਾਗਮ ਸਮੇਂ ਮਜਾਰੀ (ਦੁਆਬਾ) ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਅਤੇ ਸੰਤ ਬਾਬਾ ਗੁਰਦੇਵ ਸਿੰਘ ਜੀ ਕੀਰਤਨ ਕਰਦੇ ਹੋਏ ਅਤੇ ਆਨੰਦ ਮਾਣਦੀਆਂ ਸੰਗਤਾਂ ।



ਨਗਰ ਲਾਫੜੂ (ਘਨੌਰ) ਵਿਖੇ ਸੰਤ ਮਹਾਰਾਜ ਅਤੇ ਸੰਤ ਮਾਤਾ ਜੀ ਦੀ ਨਿੱਘੀ ਯਾਦ ਵਿੱਚ ਹੋਏ ਸਮਾਗਮ ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਮਨੋਹਰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।

ਸੋ ਮਹਾਰਾਜ ਕਹਿਣ ਲੱਗੇ ਮਸੰਦਾਂ ਨੂੰ ਕਿ ਪ੍ਰੇਮੀਓ! ਆਉਂਦਾ ਤਾਂ ਸਭ ਕੁਛ ਹੈ ਪਰ ਰਾਹ ਵਿਚ ਰੁਕ ਜਾਂਦਾ ਹੈ। ਚੰਗਾ ਤੁਸੀਂ ਵਿਚਾਰ ਕਰੋ ਜਾ ਕੇ। ਸਾਰੇ ਮਸੰਦ ਉਠ ਕੇ ਆ ਜਾਂਦੇ ਨੇ, ਉਨ੍ਹਾਂ ਦਾ ਜਿਹੜਾ ਮੁਖੀ ਸੀਗਾ, ਉਹਦਾ ਨਾਉਂ ਚੇਤੋ ਸੀ, ਉਹ ਕਹਿਣ ਲੱਗਿਆ ਦੇਖੋ, ਗੁਰੂ ਦਾ ਵਤੀਰਾ ਆਪਣੇ ਨਾਲ ਕਿੰਨਾ ਰੁੱਖਾ ਹੋ ਗਿਆ। ਪਹਿਲਾਂ ਆਪਾਂ ਸੰਗਤ ਲਿਆਉਂਦੇ ਸੀ, ਗੁਰੂ ਸਾਨੂੰ ਸਿਰੋਪੇ ਦਿਆ ਕਰਦੇ ਸੀ। ਮਾਣ ਦਿਆ ਕਰਦੇ ਸੀ, ਇਹ ਤਾਂ ਮੈਨੂੰ ਐਉਂ ਲਗਦਾ ਹੈ ਕਿ ਦੇਵੀ ਪੁੱਠੀ ਪੈ ਗਈ। ਦੇਖਦੇ ਨਹੀਂ ਤੁਸੀਂ ਕਿੰਨੇ ਦਿਨਾਂ ਦਾ ਵਤੀਰਾ ਬਦਲਿਆ ਹੋਇਆ ਹੈ। ਰੁੱਖੀਆਂ ਗੱਲਾਂ ਕਰਦੇ ਨੇ, ਕਹਿੰਦਾ ਮੈਂ ਸਮਝਾਉਂਦਾ ਹਾਂ ਬਾਲਕ ਹੈ ਗੁਰੂ। ਮਹਾਰਾਜ ਦੇ ਕੋਲ ਚਲਿਆ। ਮਹਾਰਾਜ ਨੇ ਕਿਹਾ ਆਓ ਕਿਵੇਂ ਆਏ? ਕਹਿੰਦੇ ਮਹਾਰਾਜ ਅਸੀਂ ਤੁਹਾਡੇ ਸਿੱਖ ਹਾਂ, ਪਰ ਫੇਰ ਵੀ ਸਾਡਾ ਤਜਰਬਾ ਤੁਹਾਡੇ ਨਾਲੋਂ ਵੱਡਾ ਹੈ, ਪਹਿਲਾਂ ਅਸੀਂ ਤੁਹਾਡੇ ਪਿਤਾ ਜੀ ਨਾਲ ਵੀ ਰਹੇ। ਉਸ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨਾਲ ਵੀ ਰਹੇ। ਸਾਨੂੰ ਗੁਰੂ ਘਰ ਦਾ ਪਤਾ ਹੈ, ਮੇਰਾ ਪਿਤਾ ਵੀ ਮਸੰਦ ਸੀ, ਮੇਰਾ ਦਾਦਾ ਵੀ ਮਸੰਦ ਸੀ, ਸਾਨੂੰ ਪਤਾ ਹੈ ਕਿ ਸਿੱਖੀ ਕਿਵੇਂ ਚਲਦੀ ਹੈ। ਅਸੀਂ ਕਿਸ ਤਰ੍ਹਾਂ ਲੈ ਕੇ ਆਉਂਦੇ ਹਾਂ, ਕਿੰਨਾ ਝੂਠ ਤੁਫਾਨ ਬੋਲਣਾ ਪੈਂਦਾ ਹੈ ਸਾਨੂੰ ਕਿ ਤੁਹਾਡਾ ਆਹ ਪੂਰਾ ਹੋ ਜਾਏਗਾ, ਆਹ ਹੋ ਜਾਏਗਾ। ਕਹਿੰਦੇ, ਮਹਾਰਾਜ ਤੁਸੀਂ ਮਸੰਦਾਂ ਨਾਲ ਨਾ ਵਿਗਾੜੋ। ਜੇ ਮਸੰਦ ਵਿਗੜ ਗਏ ਤਾਂ ਪਾਤਸ਼ਾਹ ਇਥੇ ਆਉਣੇ ਸਾਰੇ ਹੀ ਬੰਦ ਹੋ ਜਾਣਗੇ। ਸੰਗਤਾਂ ਨੂੰ ਇਹ ਹੀ ਲਿਆਉਂਦੇ ਨੇ। ਮਹਾਰਾਜ ਕਹਿੰਦੇ ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਓਂ? ਕਹਿੰਦੇ ਮਹਾਰਾਜ ਅਸੀਂ ਸਿੱਖੀ ਸੰਭਾਲਦੇ ਰਹੇ ਹਾਂ, ਦੇਖੋ ਤੁਹਾਡੀ ਸਿੱਖੀ ਲੰਕਾ ਤੱਕ ਹੈ, ਇਧਰ ਤਾਸ਼ਕੰਦ ਤੱਕ ਹੈ, ਏਧਰ ਬਲਖ ਬੁਖਾਰਾ, ਇਰਾਨ ਤੱਕ ਹੈ। ਇਧਰ ਆਸਾਮ ਤੱਕ ਹੈ, ਤੁਸੀਂ ਜਾ ਨਹੀਂ ਸਕਦੇ ਸਭ ਥਾਵਾਂ ਤੇ, ਅਸੀਂ ਮਸੰਦ ਹੀ ਹਾਂ ਜਿਹੜੇ ਉਥੇ ਪ੍ਰਚਾਰ ਕਰਦੇ ਹਾਂ ਤੇ ਪਹਿਲੇ ਗੁਰੂ ਸਾਨੂੰ ਸਿਰੋਪਾਓ ਦਿੰਦੇ ਸੀ, ਤੁਸੀਂ ਝਿੜਕਾਂ ਮਾਰਦੇ ਹੋਂ। ਤੁਸੀਂ ਕਿਵੇਂ ਜਾ ਸਕਦੇ ਓਂ ਦੂਰ, ਤੁਸੀਂ ਇਕੱਲੇ ਹੋਂ, ਗੁਰੂ ਨਾਨਕ ਸਾਹਿਬ ਚਲੇ ਗਏ ਸੀ, ਮਹਾਰਾਜ ਆਹ ਵੀ ਕਦੇ ਗੱਲ ਸੋਚ ਲਿਆ ਕਰੋ। ਤੁਸੀਂ ਐਉਂ ਨਾ ਕਰੋ, ਸਾਡੇ ਪ੍ਰਤਿਆਵੇ ਨਾ ਲਵੋ, ਸਨਮਾਨ ਕਰੋ ਸਾਡਾ। ਮਹਾਰਾਜ ਕਹਿਣ ਲੱਗੇ, ਦੇਖੋ! ਪ੍ਰੇਮੀਓ! ਜਿਹੜਾ ਧਨ ਸਾਡੇ ਕੋਲ ਆਉਂਦਾ ਹੈ, ਉਹ ਖਾਂਦੇ ਨਹੀਂ ਹਾਂ ਧਨ। ਕੋਈ ਵੀ ਮਹਾਤਮਾ ਪੂਜਾ ਦਾ ਧਨ ਨਹੀਂ ਖਾਇਆ ਕਰਦਾ। ਉਹ ਲੇਖੇ ਵਿਚ ਲਾਉਂਦਾ ਹੈ ਧਨ ਨੂੰ, ਉਹ ਤਾਂ ਪਰਉਪਕਾਰ ਹੈ, ਉਹ ਤਾਂ ਦੇਖਦੇ ਨੇ ਕਿ ਇਹਨੂੰ ਕਿਥੇ ਲਾਈਏ ਜਿਥੇ ਛੇਤੀ ਭਲਾ ਹੋ ਜਾਵੇ। ਕਹਿੰਦੇ ਇਸ ਵੇਲੇ ਸ਼ਸਤਰਾਂ ਦੀ ਲੋੜ ਹੈ, ਅਸੀਂ ਭਾਈ ਜੰਗ ਦਾ ਸਮਾਨ ਲੈਂਦੇ ਹਾਂ, ਜੰਗ ਦੇ ਸਮਾਨ ਵਾਸਤੇ ਚੀਜ਼ਾਂ ਬਣਾਉਂਦੇ ਹਾਂ। ਸੰਸਾਰ ਦੇ ਭਲੇ ਵਾਸਤੇ, ਉਹਦੇ ਵਾਸਤੇ ਸਾਨੂੰ ਧਨ ਦੀ ਲੋੜ ਹੈ। ਤੁਸੀਂ ਰਾਹ 'ਚ ਚੋਰੀ ਕਰਦੇ ਓਂ। ਮਹਾਰਾਜ ਕਹਿੰਦੇ ਮੈਂ ਲੋਭੀ ਨਹੀਂ ਹਾਂ ਕਿ ਇਹ ਕਹਾਂ ਕਿ ਸਾਰਾ ਧਨ ਲਿਆ ਕੇ ਦਿਓ। ਪਰ ਤੁਹਾਨੂੰ ਪਤਾ ਹੈ ਕਿ ਗੁਰਸਿੱਖਾਂ ਦੀ ਕਿੱਡੀ ਭਾਵਨਾ ਹੈ, ਹਰ ਸਿੱਖ ਚਾਹੁੰਦਾ ਹੈ ਕਿ ਮੇਰੀ ਇਕ ਕੋਡੀ ਵੀ ਜੋ ਪਿਆਰ ਦੀ ਹੈ, ਉਹ ਵੀ ਗੁਰੂ ਦੇ ਲੰਗਰ 'ਚ ਚਲੀ ਜਾਵੇ, ਗੁਰੂ ਦੇ ਖਜ਼ਾਨੇ 'ਚ ਚਲੀ ਜਾਏ। ਇਹ ਮੇਰੀ ਜ਼ਿੰਮੇਵਾਰੀ ਹੈ ਪ੍ਰੇਮੀਓ! ਮੈਨੂੰ ਸਿੱਖਾਂ ਦੀ ਪੀੜਾ ਪਹੁੰਚਦੀ ਹੈ। ਉਨ੍ਹਾਂ ਦਾ ਪਿਆਰ ਮੇਰੇ ਨਾਲ ਪੁੱਤਰਾਂ ਵਰਗਾ ਹੈ। ਉਹ ਤੁਹਾਨੂੰ ਦਿੰਦੇ ਨੇ, ਤੁਸੀਂ ਧਨ ਪਤਾ ਕਿਵੇਂ ਲੈਂਦੇ ਓ, ਤੁਸੀਂ ਤਸੀਹੇ ਦਿੰਦੇ ਹੋ ਗੁਰਸਿੱਖਾਂ ਨੂੰ, ਸਰਾਪ ਦੇ-ਦੇ ਕੇ ਡਰਾਉਂਦੇ ਹੋ। ਉਹ ਜੋ ਕੁਛ ਘਰ 'ਚ ਖਾਣ ਨੂੰ ਰੱਖਿਆ ਹੋਇਆ ਹੈ, ਉਹ ਤੁਹਾਡੇ ਹਵਾਲੇ ਕਰ ਦਿੰਦੇ ਨੇ, ਤੁਸੀਂ ਰਾਹ 'ਚ ਖਾ ਜਾਂਦੇ ਓਂ। ਪ੍ਰੇਮੀਓ! ਮੈਂ ਸਿੱਖਾਂ 'ਚ ਵਰਤਦਾ ਹਾਂ।

ਐਨੇ ਨੂੰ ਮਹਾਰਾਜ ਗੱਲ ਕਰਦੇ-ਕਰਦੇ ਦੀਵਾਨ 'ਚ ਬੈਠੇ ਨੇ, ਇਕ ਦਮ ਚੁੱਪ ਕਰ ਗਏ। ਸਮਾਧੀ ਸਥਿਤ ਹੋ ਗਏ। ਸਾਰੇ ਹੈਰਾਨ ਹੋ ਗਏ ਕਿ ਕੀ ਗੱਲ ਮਹਾਰਾਜ ਨੇ ਸਮਾਧੀ ਲਾ ਲਈ ਗੱਲ ਕਰਦੇ-ਕਰਦੇ। ਫੇਰ ਉਸੇ ਵੇਲੇ ਥੋੜ੍ਹੀ ਦੇਰ ਤੋਂ ਬਾਅਦ ਇਕ ਚੋਬਦਾਰ ਨੂੰ ਬੁਲਾਇਆ। ਕਹਿੰਦੇ ਐਉਂ ਕਰ ਬਾਹਰ ਫਲਾਣਾ ਦਰਖਤ ਹੈ, ਔਹ ਰਸਤੇ ਤੋਂ ਪਰ੍ਹੇ ਉਥੇ ਇਕ ਸਿੱਖ ਬੈਠਾ ਹੈ, ਉਹਨੂੰ ਲੈ ਕੇ ਆ ਮੇਰੇ ਕੋਲ। ਚੋਬਦਾਰ ਚਲਿਆ ਗਿਆ, ਸਿੱਖ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਅਰਦਾਸ ਵਿਚ ਜੁੜਿਆ ਹੋਇਆ ਹੈ ਕਿ ਹੇ ਪ੍ਰਭੂ! ਮੇਰੇ ਵਿਚ ਕੀ ਖਤਾ ਹੋ ਗਈ, ਤੇਰੇ ਦਰਵਾਜ਼ੇ ਤੋਂ ਤਾਂ ਕੋਈ ਨਹੀਂ ਰੋਕਦਾ ਹੈ। ਮੇਰੇ ਭਾਗਾਂ ਵਿਚ ਦਰਸ਼ਨ ਕਿਉਂ ਨਹੀਂ। ਜਦੋਂ ਮੈਂ ਦਰਸ਼ਨਾਂ ਨੂੰ ਜਾਂਦਾ ਹਾਂ, ਉਸ ਵੇਲੇ ਸਾਡਾ ਜਿਹੜਾ ਮੁਖੀ ਚੇਤੂ ਹੈ, ਇਹ ਵੀ ਕਹਿ ਦਿੰਦਾ ਹੈ ਕਿ ਦੇਖੀਂ ਗੁਰੂ ਸਾਹਿਬ ਕੋਲ ਨਾ ਜਾਈਂ, ਉਨ੍ਹਾਂ ਦੀ ਬਿਰਤੀ ਬੜੀ ਕਰੂਰ ਹੋਈ-ਹੋਈ ਹੈ। ਜਿਹੜਾ ਚੋਬਦਾਰ ਖੜ੍ਹਾ ਹੈ, ਉਹ ਮੈਨੂੰ ਝਿੜਕ ਕੇ ਮੋੜ ਦਿੰਦਾ ਹੈ। ਹੇ ਸੱਚੇ ਪਾਤਸ਼ਾਹ! ਮੇਰੇ ਵਿਚ ਔਗੁਣ ਹੋ ਸਕਦੇ ਨੇ, ਪਾਤਸ਼ਾਹ ਮੇਰਾ ਔਗੁਣ ਨਾ ਜਾਣ। ਮੈਂ ਬੜੀ ਦੂਰੋਂ ਆਇਆ ਹਾਂ ਚੱਲ ਕੇ। ਜੇ ਮੇਰੇ ਵਿਚ ਹੈ ਵੀ ਔਗੁਣ, ਪਾਤਸ਼ਾਹ ਬਖਸ਼ ਦੇ। ਐਸ ਤਰ੍ਹਾਂ ਅਰਦਾਸਾਂ ਕਰਦਾ ਹੈ। ਰੋ ਰਿਹਾ ਹੈ, ਪਾਤਸ਼ਾਹ! ਮੇਰੇ ਵਿਚ ਕੀ ਕਮੀ ਹੈ, ਮੈਨੂੰ ਨਹੀਂ ਪਤਾ, ਤੈਨੂੰ ਪਤਾ ਹੈ, ਤੂੰ ਜਾਣਦਾ ਹੈਂ, ਮੇਰੇ ਵਿਚ ਕੀ ਕਮੀ ਹੈ। ਮੈਨੂੰ ਤੇਰਾ ਦਰਸ਼ਨ ਕਿਉਂ ਨਹੀਂ ਹੋ ਰਿਹਾ? ਪਾਤਸ਼ਾਹ! ਮੈਂ ਬੜੀ ਦੂਰੋਂ ਆਇਆ ਹਾਂ, ਸਾਰੇ ਕਾਰੋਬਾਰ ਛੱਡ ਕੇ ਆਇਆ ਹਾਂ। ਇਕ ਵਾਰੀ ਪਾਤਸ਼ਾਹ ਮੈਨੂੰ ਦਰਸ਼ਨ ਹੋ ਜਾਣ। ਭੁੱਲ ਬਖਸ਼ਾ ਲਵਾਂ, ਨਹੀਂ ਤਾਂ ਮੇਰਾ ਮਰਨ ਹੋ ਜਾਏਗਾ। ਮੈਂ ਜੀਉਂਦਾ ਨਹੀਂ ਰਹਿ ਸਕਦਾ। ਤੇਰੇ ਪਿਆਰ ਤੋਂ ਬਗੈਰ ਜੀਵਨ ਹੀ ਕੁਛ ਨਹੀਂ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*

*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ॥* *ਅੰਗ - 709*

ਅਰਦਾਸਾਂ ਕਰਦਾ ਹੈ, ਪਾਤਸ਼ਾਹ! ਮੈਂ ਜੀਉਂਦਾ ਨਹੀਂ ਰਹਿ ਸਕਦਾ। ਨੇਤਰਾਂ 'ਚੋਂ ਜਲ ਜਾਂਦਾ ਹੈ। ਚੋਬਦਾਰ ਪਿਛੇ ਖੜ੍ਹਾ ਸਭ ਸੁਣ ਰਿਹਾ ਹੈ ਤੇ ਦਖਲ ਨਹੀਂ ਦਿੰਦਾ ਕਿ ਗੁਰਸਿੱਖ ਦੀ ਲਿਵ ਟੁੱਟ ਜਾਏਗੀ, ਗੁਰੂ ਦੇ ਚਰਨਾਂ ਨਾਲੋਂ। ਅਖੀਰ ਉਸ ਨੇ ਰੁਮਾਲ ਲਿਆ, ਜਲ ਪੂੰਜਿਆ, ਤਾਂ ਪਿਛੇ ਦੇਖਿਆ ਤਾਂ ਚੋਬਦਾਰ ਖੜ੍ਹਾ। ਕਹਿਣ ਲੱਗਿਆ, ਪ੍ਰੇਮੀਆ! ਤੈਨੂੰ ਗੁਰੂ ਮਹਾਰਾਜ ਯਾਦ ਕਰ ਰਹੇ ਨੇ। ਕਹਿੰਦਾ ਮੈਨੂੰ? ਉਸ ਵੇਲੇ ਜਦੋਂ ਆ ਗਿਆ ਗੁਰੂ ਮਹਾਰਾਜ ਦੇ ਦੁਆਰੇ, ਜਿਹੜੇ ਚੋਬਦਾਰ ਖੜ੍ਹਾ ਸੀ ਉਹ ਕਹਿਣ ਲੱਗਿਆ, ਇਹਨੂੰ ਹੁਕਮ ਨਹੀਂ ਅੰਦਰ ਜਾਣ ਦਾ। ਕਹਿੰਦੇ ਤੈਨੂੰ ਕਿਹਨੇ ਕਿਹਾ ਹੈ ਚੋਬਦਾਰ ਕਹਿਣ ਲੱਗਿਆ। ਕਹਿੰਦਾ ਮੈਨੂੰ ਚੇਤੋ ਮਸੰਦ ਨੇ ਕਿਹਾ ਕਿ ਇਹਨੂੰ ਗੁਰੂ ਕੋਲ ਨਹੀਂ ਜਾਣ ਦੇਣਾ, ਇਹ ਬੜਾ ਬਦਮਾਸ਼ ਬੰਦਾ ਹੈ, ਝੂਠਾ ਬੰਦਾ ਹੈ। ਉਹ ਕਹਿੰਦਾ ਕਿ ਮੈਨੂੰ ਸਭ ਤੋਂ ਵੱਡੇ ਨੇ ਕਿਹਾ ਹੈ, ਆਪ ਕਿਹਾ ਹੈ ਗੁਰੂ ਮਹਾਰਾਜ ਨੇ ਕਿ ਇਹਨੂੰ ਬੁਲਾ ਕੇ ਲਿਆਓ। ਆਪਸ ਵਿਚ ਝਗੜਾ ਕਰਦੇ ਨੇ। ਸੋ ਗੁਰਸਿੱਖ ਗੁਰੂ ਮਹਾਰਾਜ ਕੋਲ ਪਹੁੰਚ ਗਿਆ। ਜਾ ਕੇ ਚਰਨਾਂ ਤੇ ਢਹਿ ਪਿਆ, ਰੋਂਦਾ ਹੈ ਪਾਤਸ਼ਾਹ! ਮੇਰੇ ਤੋਂ ਕੀ ਅਵੱਗਿਆ ਹੋ ਗਈ। ਮਹਾਰਾਜ ਕਹਿੰਦੇ ਅਵੱਗਿਆ ਕਾਹਦੀ, ਸਾਡੇ ਵਾਸਤੇ ਕੀ ਲੈ ਕੇ ਆਇਆ ਹੈ। ਖਾਲੀ ਹੱਥ ਆ ਗਿਆ। ਕਹਿੰਦਾ ਸੱਚੇ ਪਾਤਸ਼ਾਹ! ਗੁਰੂ ਪੀਰ ਦੇ ਕੋਲ ਖਾਲੀ ਹੱਥ ਆਉਣਾ ਤਾਂ ਪਾਪ ਹੋਇਆ ਕਰਦਾ ਹੈ। ਖਾਲੀ ਹੱਥ ਆਉਂਦਾ ਹੈ ਖਾਲੀ ਮੁੜ ਜਾਂਦਾ ਹੈ। ਜੇ ਕੁਛ ਲਿਆਉਂਦਾ ਹੈ, ਭਰ ਕੇ ਜਾਂਦਾ ਹੈ। ਪਾਤਸ਼ਾਹ! ਮੈਂ ਇਕ ਜੜਾਊ ਚੂੜਾ ਹੋਰ ਕਈ ਗਹਿਣੇ ਭੇਜੇ ਨੇ, ਚੇਤੂ ਮਸੰਦ ਦੇ ਕੋਲ। ਮਹਾਰਾਜ ਕਹਿੰਦੇ ਬੁਲਾਓ ਉਹਨੂੰ। ਬੁਲਾਇਆ, ਕਿਉਂਕਿ ਪਹਿਲਾਂ ਮਹਾਰਾਜ ਨਾਲ ਨਰਾਜ਼ ਹੋ ਕੇ ਗਿਆ ਸੀ ਕਿ ਮਹਾਰਾਜ ਤੁਸੀਂ ਸਾਨੂੰ ਚੋਰ ਕਹਿੰਦੇ ਓਂ। ਮਹਾਰਾਜ ਕਹਿੰਦੇ, ਚੇਤੋ ਇਹ ਸਿੱਖ ਕੀ ਕਹਿੰਦਾ ਹੈ? ਕਹਿੰਦਾ, ਇਹ ਸਿੱਖ ਇਥੇ ਕਿਥੋਂ ਆ ਗਿਆ, ਇਹ ਤਾਂ ਝੂਠਾ ਹੈ, ਇਹਨੂੰ ਤਾਂ ਮੈਂ ਮਨ੍ਹਾਂ ਕਰਿਆ ਹੋਇਆ ਸੀ। ਦਿਮਾਗ ਵਿਗੜਿਆ ਹੋਇਆ ਹੈ ਇਹਦਾ।

ਮਹਾਰਾਜ ਕਹਿੰਦੇ, ਚੇਤੋ! ਐਸੇ ਬੀਜ ਨਾ ਬੀਜ ਜਿਹੜੇ ਫੇਰ ਤੈਨੂੰ ਵੱਢਣੇ ਔਖੇ ਹੋ ਜਾਣ। ਤੂੰ ਸਿਰੋਪੇ ਭਾਲਦਾ ਹੈਂ। ਬੀਜ ਬੀਜਦਾ ਹੈਂ ਕਿੱਕਰਾਂ ਦੇ ਤੇ ਕਹਿੰਦਾ ਹੈਂ ਮੈਨੂੰ ਮਿਲ ਜਾਣ ਦਾਖ ਬਿਜੋਰੀਆਂ।

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥*
*ਅੰਗ - 1380*

ਚੇਤੋ! ਦੇਖ ਲੈ ਕਿਤੇ ਭੁੱਲ ਗਿਆ ਹੋਏਂਗਾ। ਘਰ ਰੱਖ ਕੇ ਭੁੱਲ ਗਿਆ ਹੋਏਂਗਾ। ਕਹਿੰਦੇ ਸਿਰੋਪੇ ਤਾਂ ਤਾਂਹੀ ਮਿਲਦੇ ਨੇ, ਜੇ ਗੁਰੂ ਦਾ ਚਿੱਤ ਖੁਸ਼ ਹੋਏ। ਬੀਜਦਾ ਤੂੰ ਕਿੱਕਰਾਂ ਹੈਂ ਤੇ ਭਾਲਦਾ ਦਾਖ ਬਿਜੋਰੀਆਂ ਹੈ। ਦੇਖ ਲੈ, ਯਾਦ ਕਰ ਲੈ। ਕਾਫੀ ਸੰਗਤ ਇਕੱਠੀ ਹੋ ਗਈ। ਚੇਤੋ ਨੂੰ ਆ ਰਿਹਾ ਹੈ ਕਿ ਇਹ ਮੇਰੀ ਬੇਇਜ਼ਤੀ ਹੋ ਰਹੀ ਹੈ। ਕਹਿੰਦਾ, ਸੱਚੇ ਪਾਤਸ਼ਾਹ! ਮੇਰੀ ਗੱਲ ਮੰਨਣੀ ਹੈ ਕਿ ਸਿੱਖ ਦੀ ਮੰਨਣੀ ਹੈ। ਆਹ ਸਿੱਖ ਦੇ ਕੋਲ ਤਾਂ ਰੋਟੀ ਖਾਣ ਜੋਗਾ ਵੀ ਪੈਸਾ ਨਹੀਂ। ਇਹ ਕਹਿੰਦਾ ਹੈ, ਮੈਂ ਤੈਨੂੰ ਦਿਤਾ। ਪਾਤਸ਼ਾਹ! ਇਹਦੇ ਔਗੁਣ ਜੇ ਮੈਂ ਤੁਹਾਨੂੰ ਦੱਸਾਂ, ਤੁਸੀਂ ਹੈਰਾਨ ਹੋ ਜਾਓਂ। ਮੈਂ ਤਾਂ ਹੀ ਨਹੀਂ ਸੀ ਅੰਦਰ ਵੜਨ ਦਿੰਦਾ ਕਿ ਐਹੋ ਜਿਹਾ ਮਾੜਾ ਬੰਦਾ ਤੁਹਾਡੇ ਮੱਥੇ ਕੀ ਲਾਉਣਾ ਹੈ। ਮਹਾਰਾਜ ਕਹਿੰਦੇ, ਚੇਤੋ! ਸੋਚ ਲੈ। ਮੈਨੂੰ ਕੋਈ ਮਾੜਾ ਨਹੀਂ ਹੈ, ਸਭ ਮੇਰੇ ਪਿਆਰੇ ਗੁਰਸਿੱਖ ਨੇ। ਬੱਚਾ ਜੇ ਲਿਬੜਿਆ ਵੀ ਹੋਵੇ ਤਾਂ ਵੀ ਮਾਂ ਨੂੰ ਨਹੀਂ ਲਗਦਾ। ਗੁਰੂ ਤਾਂ ਔਗੁਣ ਨਹੀਂ ਵਿਚਾਰਿਆ ਕਰਦਾ, ਮਾਂ ਨਹੀਂ ਔਗੁਣ ਬੱਚੇ ਦੇ ਵਿਚਾਰਦੀ। ਸੋ ਚੇਤੋ ਦੇਖ ਲੈ, ਭੁੱਲ ਗਿਆ ਹੋਏਂਗਾ। ਕਹਿੰਦਾ, ਮਹਾਰਾਜ! ਤੁਸੀਂ ਤਾਂ ਮੇਰੀ ਸੰਗਤ ਦੇ ਸਾਮ੍ਹਣੇ ਬੇਇਜ਼ਤੀ ਕਰਨ ਲਗ ਗਏ। ਮੈਨੂੰ ਸੱਚਮੁਚ ਤੁਸੀਂ ਚੋਰ ਸਮਝਦੇ ਓਂ ਤੇ ਆਹ ਜਿਹੜਾ ਹੈ ਕਿਸੇ ਕੰਮ ਦਾ ਸਿੱਖ ਨਹੀਂ ਹੈ। ਇਹਨੂੰ ਤੁਸੀਂ ਮੇਰੇ ਤੋਂ ਉਪਰ ਲਈ ਜਾਂਦੇ ਹੋ। ਮਹਾਰਾਜ ਨੇ ਉਸ ਵੇਲੇ ਪੰਜ ਸ਼ਸ਼ਤਰਧਾਰੀਆਂ ਨੂੰ ਹੁਕਮ ਕਰਿਆ ਕਿ ਐਉਂ ਕਰੋ ਚੇਤੂ ਦੇ ਡੇਰੇ ਜਾਓ, ਉਥੇ ਜਾ ਕੇ ਏਸ ਰੰਗ ਦਾ ਇਕ ਟਰੰਕ ਪਿਆ ਹੈ, ਉਹਦਾ ਤਾਲਾ ਤੋੜ ਲਓ, ਉਥੋਂ ਚੂੜਾ ਕੱਢ ਲਿਆਓ। ਪੀਲਾ ਰੰਗ ਹੋ ਗਿਆ। ਬਾਕੀ ਵੀ ਮਸੰਦ ਸਾਰੇ ਹੈਰਾਨ ਹੋ ਗਏ ਕਿ ਆਹ ਕੀ ਗੱਲ ਹੋ ਗਈ। ਡਰ ਗਏ ਕਿ ਅਸੀਂ ਵੀ ਚੋਰੀਆਂ ਕਰੀਆਂ ਨੇ। ਕਿਉਂਕਿ ਸਾਰੇ ਹੀ ਚੋਰ ਸੀ ਵਾਢਾ ਧਰ ਕੇ। ਕੋਈ-ਕੋਈ ਸੀ ਭਾਈ ਚੰਗਾ। ਥੋੜ੍ਹੇ ਰਹਿ ਗਏ ਸੀ ਚੰਗੇ, ਬਾਕੀ ਮਾੜੇ ਬਹੁਤੇ ਸੀ। ਉਸੇ ਵੇਲੇ ਗਏ, ਸਿੰਘਾਂ ਨੇ ਜਾ ਕੇ ਤਾਲਾ ਭੰਨਿਆ, ਚੂੜਾ ਕੱਢ ਲਿਆਂਦਾ। ਮਹਾਰਾਜ ਕਹਿੰਦੇ, ਕਿਉਂ ਚੇਤੂ? ਆਹੀ ਹੈ ਨਾ ਇਹ। ਚੁੱਪ ਕਰਿਆ ਬੈਠਾ ਹੈ, ਨੀਵੀਂ ਪਾ ਲਈ। ਮਹਾਰਾਜ ਨੇ ਕਿਹਾ ਕਿ ਤੈਨੂੰ ਮਾਇਆ ਨੇ ਮੋਹ ਲਿਆ, ਤੁਸੀਂ ਮਸੰਦਾਂ ਨੇ ਪੂਜਾ ਦਾ ਧਾਨ ਖਾਧਾ ਹੈ। ਪੂਜਾ ਧਾਨ ਜੋ ਖਾਏਗਾ -

*ਧਰਮਸਾਲਾ ਦੀਆ ਰੋਟੀਆਂ ਤਿੰਨ ਕੰਮ ਕਰੇਨਿ।*
*ਹੱਡ ਗਾਲਣ ਮੱਤ ਮਾਰਨ ਭਜਨ ਕਰਨ ਨ ਦੇਨਿ।*

ਇਹ ਤੁਸੀਂ ਪੂਜਾ ਧਨ ਖਾ-ਖਾ ਕੇ, ਗੁਰੂ ਦੇ ਨਮਿੱਤ ਆਇਆ ਧਨ ਆਪ ਖਾ-ਖਾ ਕੇ ਮਰ ਗਏ ਤੁਸੀਂ। ਤੁਹਾਨੂੰ ਮਾਇਆ ਨੇ ਮੋਹ ਲਿਆ। ਮਹਾਰਾਜ ਕਹਿੰਦੇ, ਇਸ ਮਾਇਆ

ਨੇ ਤਾਂ ਵੱਡੇ-ਵੱਡੇ ਗੇਰ ਦਿਤੇ। ਇਹਦੇ ਮੂਹਰੇ ਚੇਤੋ ਦੀ ਕੀ ਮਜ਼ਾਲ ਹੈ ਕਿ ਰੁਕ ਜਾਂਦਾ।

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*** ***ਅੰਗ - 511***

ਕਹਿੰਦੇ ਚੇਤੂ, ਤੂੰ ਇਕੱਲਾ ਨਹੀਂ ਹੈਂ, ਤੇਰਾ ਸਾਰਾ ਭਾਈਚਾਰਾ ਇਹ ਮਾਇਆ ਨੇ ਮੋਹ ਲਿਆ। ਤੁਹਾਡੇ ਜ਼ਿੰਮੇ ਬੜਾ ਪਵਿੱਤਰ ਕੰਮ ਦਿਤਾ ਸੀ। ਤੁਹਾਡਾ ਦਰਜਾ ਕਿੰਨਾ ਵਧਾਇਆ ਸੀ -

***ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***
***ਅੰਗ - 306***

ਕਹਿੰਦੇ ਅਸੀਂ ਧੂੜੀ ਮੰਗਦੇ ਸੀ, ਇਨ੍ਹਾਂ ਦੇ ਚਰਨਾਂ ਦੀ ਕਿਉਂਕਿ ਇਹ ਆਪ ਵੀ ਨਾਮ ਜਪਦੇ ਨੇ ਤੇ ਜਪਾ ਵੀ ਰਹੇ ਨੇ। ਐਨੇ ਤੁਸੀਂ ਗਿਰ ਗਏ? ਸੋ ਉਸ ਵੇਲੇ ਮਹਾਰਾਜ ਜੀ ਨਿਰਾਸ ਹੋ ਗਏ। ਨਾ ਮਸੰਦ ਰਹੇ, ਨਾ ਬ੍ਰਾਹਮਣ ਰਹੇ, ਨਾ ਜੋਗੀ ਰਹੇ, ਨਾ ਸੰਨਿਆਸੀ ਰਹੇ, ਨਾ ਸਾਧੂ ਸੰਤ ਰਿਹਾ, ਨਾ ਰਾਜੇ ਰਹੇ। ਹੁਣ ਲਾ-ਇਲਾਜ ਬਿਮਾਰੀ ਹੋ ਗਈ ਸੀ, ਅਧਰੰਗ ਹੋ ਗਿਆ ਕੌਮ ਨੂੰ। ਹੁਣ ਉਠਾਈ ਕਿਵੇਂ ਜਾਵੇ, ਉਸ ਵੇਲੇ ਮਹਾਰਾਜ ਨੇ ਵਿਸਾਖੀ ਦੇ ਦਿਨ ਬੜਾ ਭਾਰੀ ਇਕੱਠ ਬੁਲਾਇਆ। ਐਸਾ ਦਸਦੇ ਨੇ ਕਿ 80 ਹਜ਼ਾਰ ਬੰਦਾ ਅਨੰਦਪੁਰ ਸਾਹਿਬ ਪਹੁੰਚਿਆ। ਲੰਕਾ ਤੋਂ ਵੀ ਪਹੁੰਚੇ, ਅਸਾਮ ਤੋਂ ਵੀ ਪਹੁੰਚੇ, ਬਲਖ ਬੁਖਾਰੇ ਤੋਂ, ਕਾਬਲ ਤੋਂ, ਕੰਧਾਰ ਤੋਂ, ਈਰਾਨ ਤੋਂ, ਹਿਮਾਲੀਆ ਪਰਬਤ ਤੋਂ, ਤਿੱਬਤ ਤੋਂ ਵੀ ਆਈ ਬੈਠੀ ਸੀ ਸੰਗਤ। ਸਾਰੇ ਸੰਸਾਰ ਦੇ ਭਲੇ ਵਾਸਤੇ ਬਾਣੀ ਉਚਾਰਨ ਕਰੀ ਤੇ ਪ੍ਰਮੇਸ਼ਰ ਦੇ ਨਾਮ ਦਾ ਹੋਕਾ ਦਿਤਾ। ਸਾਰਿਆਂ ਨੂੰ ਪ੍ਰਮੇਸ਼ਰ ਦੇ ਨਾਲ ਜੋੜਿਆ ਤੇ ਇਕ ਐਸੀ ਸੁਸਾਇਟੀ, ਐਸੇ ਸਮਾਜ ਦੀ ਆਪ ਕਲਪਨਾ ਕਰਦੇ ਸੀ ਜਿਹਦੇ ਵਿਚ ਨਾ ਦੁਖ ਹੋਵੇ, ਨਾ ਬਿਮਾਰੀ ਹੋਵੇ, ਨਾ ਗਰੀਬੀ ਹੋਵੇ, ਨਾ ਕੋਈ ਤੰਗ ਹੋਵੇ, ਸਾਰਿਆਂ ਦੇ ਮੂੰਹ ਦੇ ਉਤੇ ਮੁਸਕਰਾਹਟ ਹੋਵੇ। ਕਿਸੇ ਦੇ ਚਿਹਰੇ ਦੇ ਉਤੇ ਝੁਰੜੀਆਂ ਨਾ ਪਈਆਂ ਹੋਣ। ਕਿਸੇ ਦਾ ਮੱਥਾ ਘੁੱਟਿਆ ਨਾ ਹੋਵੇ। ਹਰ ਕੋਈ ਫੁੱਲਾਂ ਵਾਂਗੂੰ ਹਸੂੰ-ਹਸੂੰ ਕਰਦਾ ਫਿਰੇ। ਪਰ ਸਾਧਸੰਗਤ ਜੀ ਦੂਸਰੇ ਪਾਸੇ ਜੋ ਰਾਜ ਹੈ, ਉਹਨੇ ਕਿੱਡਾ ਅਨਿਆ ਕੀਤਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿਤਾ। ਪਿਤਾ ਜੀ ਨੂੰ, ਐਨੀਓ ਗੱਲ ਕਹੀ ਸੀ ਕਿ ਔਰੰਗਜ਼ੇਬ ਨੂੰ ਕਿ ਤੂੰ ਹਿੰਦੂਆਂ ਨੂੰ ਨਾ ਜ਼ਬਰਦਸਤੀ ਮੁਸਲਮਾਨ ਬਣਾ। ਨਾ ਜਨੇਊ ਲਾਹ ਤੇ ਨਾ ਮੰਦਰ ਢਾਹ। ਉਨ੍ਹਾਂ ਦਾ ਆਪਣਾ ਕੰਮ ਨਹੀਂ ਸੀ ਮੰਦਰਾਂ ਨਾਲ ਤੇ ਜਨੇਊ ਨਾਲ। ਆਪ ਤਾਂ ਕਹਿੰਦੇ ਸੀ -

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥***
***ਅੰਗ - 472***

ਸਿੱਖ ਜਨੇਊ ਨਹੀਂ ਸੀ ਪਾਉਂਦੇ। ਪਰ ਇਹ ਵੀ ਨਹੀਂ ਸੀ ਚਾਹੁੰਦੇ ਕਿ ਕਿਸੇ ਦਾ ਜਨੇਊ ਜ਼ਬਰਦਸਤੀ ਲਹਿ ਜਾਵੇ। ਸੋ ਉਨ੍ਹਾਂ ਨੇ ਸੱਚ ਦੀ ਆਵਾਜ਼ ਉਠਾਈ, ਇਨਸਾਫ ਦੇਣ ਦੀ ਥਾਂ ਕਿਸ ਤਰ੍ਹਾਂ ਨਾਲ ਸ਼ਹੀਦ ਕਰ ਦਿਤੇ। ਭਾਈ ਮਤੀ ਦਾਸ ਨੂੰ ਆਰੇ ਦੇ ਨਾਲ ਦੋ ਫਾੜ ਕਰ ਦਿਤਾ, ਭਾਈ ਦਿਆਲੇ ਨੂੰ ਦੇਗ ਦੇ ਵਿਚ ਉਬਾਲ ਦਿਤਾ, ਭਾਈ ਸਤੀ ਦਾਸ ਨੂੰ ਰੂੰ ਬੰਨ੍ਹ ਕੇ ਜੀਉਂਦੇ ਨੂੰ ਜਾਲ ਦਿਤਾ। ਹੁਣ ਅਸੀਂ ਦੇਖ ਲਿਆ ਹੈ ਕਿ ਸਾਧਾਂ ਸੰਤਾਂ ਦੇ ਹੱਥ ਵਿਚ ਸ਼ਕਤੀ ਵੀ ਚਾਹੀਦੀ ਹੈ। ਦੇਹ ਸਦਾ ਨਹੀਂ ਰਹਿੰਦੀ, ਇਹਨੇ ਚਲੇ ਜਾਣਾ ਹੈ। ਵੱਡੇ-ਵੱਡੇ ਸੰਸਾਰ ਤੇ ਆਏ, ਸੰਸਾਰ ਤੇ ਕੋਈ ਨਹੀਂ ਰਿਹਾ। ਬੰਦਗੀ ਕਰਨ ਵਾਲੇ ਦਾ ਜੋ ਸਰੀਰ ਹੈ ਜੇ ਦੇਸ਼ ਦੇ ਲੇਖੇ ਲਗ ਜਾਵੇ, ਗਰੀਬ ਦੇ ਦੁਖ ਨੂੰ ਦੂਰ ਕਰਨ ਵਾਸਤੇ ਲਗ ਜਾਵੇ, ਤਾਂ ਫੇਰ ਉਹ ਕਿੰਨਾ ਪੁੰਨ ਪ੍ਰਾਪਤ ਕਰਦਾ ਹੈ। ਸਿੱਧਾ ਹੀ ਸਚਖੰਡ 'ਚ ਵਾਸਾ ਮਿਲਦਾ ਹੈ ਉਸਨੂੰ।

ਸੋ ਸਾਧਸੰਗਤ ਜੀ! ਇਸ ਦੁਖ ਨੂੰ ਕਿਸੇ ਨੇ ਦੂਰ ਕਰਨ ਨਹੀਂ ਆਉਣਾ। ਇਹ ਪੰਡਤ ਲੋਕ ਕਹਿੰਦੇ ਸੀ ਕਿ ਦੇਵਤਾ ਪ੍ਰਗਟ ਕਰ ਲਓ। ਉਹ ਇਕ ਬਚਨ ਦੇ ਕੇ ਸਭ ਕੁਛ ਕਰ ਦੇਏਗਾ। ਉਹ ਵੀ ਗੱਲ ਫੇਲ੍ਹ ਹੋ ਗਈ, ਕੋਈ ਦੇਵਤਾ ਨਹੀਂ ਆਉਣਾ। ਮਤਾਂ ਤੁਹਾਡੇ ਮਨਾਂ ਵਿਚ ਭਰਮ ਹੋਵੇ ਕਿ ਕਿਸੇ ਦੇਵੀ ਦੇਵਤਾ ਨੂੰ ਅਰਾਧ ਲਵੋ, ਮਹਾਰਾਜ ਉਹ ਆ ਕੇ ਕਰ ਦੇਵੇਗਾ। ਕਿੰਨੇ ਮੰਦਰ ਤੋੜ ਦਿਤੇ ਗਏ, ਸੋਮਨਾਥ ਦਾ ਮੰਦਰ ਕਿਵੇਂ ਬਰਬਾਦ ਕਰ ਦਿਤਾ ਗਿਆ। ਮਥਰਾ ਦੇ ਫਰਲਾਂਗ-ਫਰਲਾਂਗ ਚੌੜੇ ਮੰਦਰ ਮਿੱਟੀ ਵਿਚ ਰਲਾ ਦਿਤੇ। ਕੋਈ ਨਹੀਂ ਆਇਆ, ਕਿਸੇ ਨੇ ਨਹੀਂ ਬਹੁੜਨਾ, ਇਹ ਤਾਂ ਪ੍ਰਮੇਸ਼ਰ ਨੇ ਇਨ੍ਹਾਂ ਡੌਲਿਆਂ 'ਚ ਬਲ ਦਿਤਾ ਹੈ। ਆਹ ਬਲ ਦਾ ਪ੍ਰਯੋਗ ਕਰੋ। ਸੋ ਉਸ ਵੇਲੇ ਮਹਾਰਾਜ ਨੇ ਵੀਚਾਰ ਕਰ ਲਈ ਕਿ ਹੁਣ ਕਸਵੱਟੀ ਲਾਈ ਜਾਏਗੀ। ਕਸਵੱਟੀ 'ਚ ਖਰੇ-ਖਰੇ ਨਿਕਲਣਗੇ। ਖੋਟੇ ਸਭ ਨੱਠ ਜਾਣਗੇ।

ਲੇਕਿਨ ਕਸਵੱਟੀ ਜਦੋਂ ਸਾਧਸੰਗਤ ਜੀ ਲਗ ਜਾਂਦੀ ਹੈ ਸਾਰੇ ਨਹੀਂ ਪਾਸ ਹੁੰਦੇ, ਕੋਈ-ਕੋਈ ਹੁੰਦਾ ਹੈ।

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***
***ਅੰਗ - 949***

ਮਹਾਰਾਜ ਜੀ ਨੇ ਸਿੱਧਾ ਆਪਣੇ ਸਿੱਖਾਂ ਦੇ ਉਤੇ ਕਸਉਟੀ ਲਾਉਣ ਦੀ ਸਾਰੀ ਸਕੀਮ ਸੋਚ ਲਈ।

ਅੱਜ ਦੀਵਾਨ ਲੱਗਿਆ ਹੋਇਆ ਹੈ, 80 ਹਜ਼ਾਰ ਬੰਦਾ ਦੀਵਾਨ ਵਿਚ ਬੈਠਾ ਹੈ। ਸਾਰੇ ਭਾਰਤਵਰਸ਼ ਦੇ ਕੋਨੇ-ਕੋਨੇ ਤੋਂ

ਸਿੱਖ ਆਏ ਹੋਏ ਨੇ। ਆਬਾਦੀ ਵੀ ਬੜੀ ਥੋੜ੍ਹੀ ਸੀ ਉਸ ਵੇਲੇ। ਬਹੁਤ ਘੱਟ ਆਬਾਦੀ ਸੀ। ਲੇਕਿਨ ਐਨੇ ਸਿੱਖਾਂ ਦਾ ਇਕੱਠੇ ਹੋ ਜਾਣਾ, ਨਾ ਕੋਈ ਸਵਾਰੀ, ਪੈਦਲ ਚੱਲ-ਚੱਲ ਕੇ ਆਉਂਦੇ ਸੀ। ਹਜ਼ਾਰ-ਹਜ਼ਾਰ, ਦੋ-ਦੋ ਹਜ਼ਾਰ, ਤਿੰਨ-ਤਿੰਨ ਹਜ਼ਾਰ, ਚਾਰ-ਚਾਰ ਹਜ਼ਾਰ ਕਿਲੋਮੀਟਰ ਤੋਂ ਪੈਦਲ ਚੱਲ ਕੇ ਗੁਰਸਿੱਖ ਪਹੁੰਚੇ ਸੀ ਤੇ ਸਾਰੇ ਮਹਾਰਾਜ ਦੇ ਮੁਖੜੇ ਵਲ ਐਸ ਤਰ੍ਹਾਂ ਦੇਖਦੇ ਨੇ ਕਿ ਜਿਵੇਂ ਹਜ਼ਾਰਾਂ ਚਕੋਰ ਬੈਠੀ ਹੋਈ ਚੰਦਰਮਾ ਵਲ ਦੇਖਦੀ ਹੋਵੇ। ਨੇਤਰ ਨਹੀਂ ਝਮਕਦੇ ਕਿ ਦਰਸ਼ਨ ਕਿਤੇ ਅੱਖ ਝਮਕੀ ਤੇ ਰਹਿ ਨਾ ਜਾਣ। ਮਹਾਰਾਜ ਦੇ ਹੱਥ ਵਿਚ ਤੀਰ ਹੈ। ਸੰਗਤ ਵਲ ਬੜੇ ਪਿਆਰ ਨਾਲ ਦੇਖਦੇ ਨੇ। ਲੇਕਿਨ ਅਚਾਨਕ ਆਪ ਦੇ ਚਿਹਰੇ ਦੇ ਉਤੇ ਕੁਛ ਰੇਖਾਵਾਂ ਉਭਰ ਆਈਆਂ। ਬੁੱਲ੍ਹ ਦੰਦਾਂ ਦੇ ਵਿਚ ਲੈ ਲਿਆ। ਸ੍ਰੀ ਸਾਹਿਬ ਕੱਢ ਲਈ ਤੇ ਤਖਤ ਤੇ ਆ ਗਏ। ਆਵਾਜ਼ ਦਿਤੀ, ਕਹਿਣ ਲੱਗੇ, ਗੁਰਸਿੱਖੋ! ਆਹ ਸੰਸਾਰ ਦੇ ਦੁੱਖ ਦੂਰ ਕਰਨ ਵਾਸਤੇ ਹਵਨ ਕੁੰਡ ਦੇ ਵਿਚ ਇਕ ਸੀਸ ਪਾਉਣਾ ਹੈ, ਇਕ ਸੀਸ ਦੀ ਲੋੜ ਹੈ। ਉਠੋ ਕੋਈ ਪਿਆਰਾ ਤੇ ਸੀਸ ਦੇ ਦਿਓ। ਆਵਾਜ਼ ਸੁਣ ਲਈ ਸਾਰਿਆਂ ਨੇ ਸਾਧਸੰਗਤ ਜੀ! ਸਮਝ 'ਚ ਨਹੀਂ ਆਈ ਗੱਲ ਕਿ ਮਹਾਰਾਜ ਨੇ ਇਹ ਕੀ ਗੱਲ ਕਹਿ ਦਿਤੀ। ਅਚਾਨਕ ਇਹ ਗੱਲ ਕਹਿ ਦਿਤੀ ਸਾਰੇ ਹੈਰਾਨ ਜਿਹੇ ਹੋ ਗਏ। ਆਵਾਜ਼ ਖਤਮ ਹੁੰਦੇ ਹੀ, ਗੁਰਸਿੱਖ ਖੜ੍ਹਾ ਹੋ ਗਿਆ, ਜਿਸ ਦਾ ਨਾਮ ਭਾਈ ਦਇਆ ਰਾਮ ਲਾਹੌਰ ਦੇ ਰਹਿਣ ਵਾਲੇ, ਦੋਵੇਂ ਹੱਥ ਜੋੜ ਕੇ ਮਹਾਰਾਜ ਦੇ ਪਾਸ ਆ ਕੇ ਬੇਨਤੀ ਕਰਨ ਲੱਗੇ -

***ਸਿਰ ਬਿੱਖ ਦੀ ਹੈ ਤੂੰਬੜੀ, ਤੂੰ ਅੰਮ੍ਰਿਤ ਦੀ ਖਾਨ,***
***ਰੀਝੈਂ ਜੇ ਸਿਰ ਦਿਤਿਆਂ, ਲੈ ਮੇਰੇ ਸੁਲਤਾਨ।***

ਵਿਚਾਰ ਆ ਗਈ ਮਨ ਵਿਚ ਕਿ ਮੈਂ ਸਰੀਰ ਨਹੀਂ ਹਾਂ, ਮੈਂ ਮਨ ਨਹੀਂ ਹਾਂ, ਮੈਂ ਪ੍ਰਾਣ ਨਹੀਂ ਹਾਂ, ਮੈਂ ਬੁੱਧੀ ਨਹੀਂ ਹਾਂ, ਮੈਂ ਚਿੱਤ ਨਹੀਂ ਹਾਂ, ਮੈਂ ਅਹੰਭਾਵ ਨਹੀਂ, ਮੈਂ ਆਤਮਾ ਹਾਂ, ਆਤਮਾ ਮਰਦੀ ਨਹੀਂ ਹੈ। ਆਹ ਜਿਹੜੀ ਤੂੰਬੀ ਹੈ, ਕੌੜੀ ਤੂੰਬੀ ਜਿਹਨੂੰ ਕਹਿੰਦੇ ਨੇ, ਪਾਤਸ਼ਾਹ! ਜੇ ਆਹ ਕੌੜੀ ਤੂੰਬੀ ਲੈ ਕੇ ਤੂੰ ਰੀਝ ਸਕਦਾ ਹੈਂ, ਲੈ ਲੈ, ਮੇਰਾ ਸਿਰ ਹਾਜ਼ਰ ਹੈ।

ਮਹਾਰਾਜ ਨੇ ਬਾਂਹ ਤੋਂ ਫੜ ਕੇ ਝਟਕਾ ਮਾਰਿਆ, ਖਿੱਚ ਲਿਆ। ਪੂਰੇ ਜ਼ੋਰ ਨਾਲ ਤੰਬੂ ਦੇ ਅੰਦਰ ਲੈ ਗਏ। ਖੜਾਕਾ ਹੋਇਆ ਗਿਰਨ ਦਾ, ਬਾਹਰ ਆ ਗਏ, ਸ੍ਰੀ ਸਾਹਿਬ ਦੇ ਵਿਚੋਂ ਖ਼ੂਨ ਦੀਆਂ ਬੂੰਦਾਂ ਚੋਅ ਰਹੀਆਂ ਨੇ। ਕੁਛ ਸਹਿਮ ਛਾ ਗਿਆ, ਕਿ ਭਾਈ ਦਇਆ ਸਿੰਘ ਵਰਗੇ ਬ੍ਰਹਮਗਿਆਨੀ, ਮਹਾਂਵਿਦਵਾਨ, ਆਪ ਗੁਰੂ ਘਰ ਦੇ ਮਹਾਂ ਵਿਦਵਾਨ ਸੀ, ਯੋਗੀ ਵੀ ਸੀਗੇ, ਵੱਡੀਆਂ-ਵੱਡੀਆਂ ਅਵਸਥਾਵਾਂ ਪ੍ਰਾਪਤ ਸੀ, ਸਾਰੇ ਸ਼ਾਸਤਰਾਂ ਦੇ ਗਿਆਤਾ, ਵੇਦਾਂ ਦੇ ਗਿਆਤਾ, ਲੇਕਿਨ ਜਿਹੜੇ ਕੱਚੇ ਸੀ ਉਨ੍ਹਾਂ ਦੇ ਮਨ ਵਿਚ ਖਿਆਲ ਆ ਗਿਆ ਕਿ ਗੁਰੂ ਨੂੰ ਕੀ ਹੋ ਗਿਆ? ਕਿਤੇ ਸੱਚੀਓਂ ਤਾਂ ਨਹੀਂ ਕਹਿੰਦੇ ਕਿ ਦੇਵੀ ਪੁੱਠੀ ਪੈ ਗਈ। ਆਵਾਜ਼ ਆਈ ਦੂਸਰੀ ਕਿ ਇਕ ਸਿੱਖ ਹੋਰ। ਇਕ ਸਿਰ ਹੋਰ ਚਾਹੀਦਾ ਹੈ। ਇਕ ਗੁਰਸਿੱਖ ਉਠਿਆ, ਭਾਈ ਧਰਮ ਦਾਸ, ਹਸਤਨਾਪੁਰ ਦਾ, ਦਿੱਲੀ ਦਾ ਜੱਟ। ਅੱਗੇ ਵਧਿਆ, ਸੰਗਤ ਦੇ ਵਿਚੋਂ ਤੇਜ਼ੀ ਨਾਲ ਆ ਰਿਹਾ ਹੈ, ਮਹਾਰਾਜ ਵੀ ਦੇਖ ਰਹੇ ਨੇ, ਨੇੜੇ ਆ ਗਿਆ। ਆ ਕੇ ਉਸ ਨੇ ਬੇਨਤੀ ਕਰੀ -

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ***
***ਜੋ ਕਿਛੁ ਹੈ ਸੋ ਤੇਰਾ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥***
***ਅੰਗ - 1376***

ਪਾਤਸ਼ਾਹ! ਜਦ ਪਹਿਲੇ ਦਿਨ ਤੇਰੇ ਦਰਸ਼ਨ ਕੀਤੇ। ਉਸੇ ਦਿਨ ਸੌਦਾ ਹੋ ਗਿਆ, ਮੈਂ ਤਨ ਵੀ ਦੇ ਦਿਤਾ, ਮਨ ਵੀ ਦੇ ਦਿਤਾ, ਧਨ ਵੀ ਦੇ ਦਿਤਾ, ਬਦਲੇ ਵਿਚ ਮੈਂ ਤੇਰਾ ਪਿਆਰ ਲਿਆ ਹੈ। ਪਿਆਰਿਆ! ਜੇ ਤੂੰ ਮੇਰਾ ਸੀਸ ਲੈ ਕੇ ਰਾਜ਼ੀ ਹੋ ਜਾਵੇ, ਲੈ ਲੈ ਮੇਰਾ ਸੀਸ।

***ਜਿਸ ਦਿਨ ਸੀਸ ਨਿਵਾਇਆ ਭੇਟਾ ਹੋਇਆ ਸੀਸ***
***ਦਿਤਾ ਹੋਇਆ ਕੀ ਦੇਆਂ, ਤੇਰਾ ਇਹ ਜਗਦੀਸ।***

ਜਿਸ ਦਿਨ ਮੈਂ ਤੇਰੇ ਚਰਨਾਂ ਵਿਚ ਸੀਸ ਭੇਟ ਕਰ ਦਿਤਾ, ਉਹ ਤਾਂ ਤੈਨੂੰ ਦੇ ਦਿਤਾ ਸੀ। ਤੈਨੂੰ ਦਿਤੀ ਹੋਈ ਚੀਜ਼ ਨੂੰ ਹੁਣ ਮੈਂ ਕਿਵੇਂ ਕਹਿ ਦੇਵਾਂ ਕਿ ਮੈਂ ਸੀਸ ਦੇਨਾਂ। ਮਹਾਰਾਜ ਨੇ ਝਟਕਾ ਮਾਰਿਆ, ਉਸ ਨੂੰ ਵੀ ਅੰਦਰ ਲੈ ਗਏ, ਤੰਬੂ ਵਿਚ। ਜਾ ਕੇ ਓਵੇਂ ਹੀ ਆਵਾਜ਼ ਆਈ, ਖ਼ੂਨ ਬਾਹਰ ਨਿਕਲਣਾ ਸ਼ੁਰੂ ਹੋ ਗਿਆ ਤੰਬੂ 'ਚੋਂ। ਸ੍ਰੀ ਸਾਹਿਬ ਓਸੇ ਤਰ੍ਹਾਂ ਖ਼ੂਨ ਦੇ ਨਾਲ ਲਿਬੜੀ ਹੋਈ, ਦਹਿਸ਼ਤ ਪਾਉਂਦੀ ਆ ਰਹੀ ਹੈ। ਓਸੇ ਤਰ੍ਹਾਂ ਮਹਾਰਾਜ ਲਿਸ਼ਕਾ ਰਹੇ ਨੇ, ਫੇਰ ਆਵਾਜ਼ ਦਿਤੀ ਕਿ ਇਕ ਸੀਸ ਹੋਰ ਚਾਹੀਦਾ ਹੈ। ਓਠੋ, ਪਿਆਰਿਓ! ਇਕ ਸੀਸ ਦੀ ਲੋੜ ਹੈ। ਕਿਉਂਕਿ ਸੀਸਾਂ ਦਾ ਹਵਨ ਕਰਨਾ ਹੈ ਘਿਉ ਦਾ ਨਹੀਂ ਕਰਨਾ। ਇਹ ਸੁਤੰਤਰਤਾ ਦੀ ਦੇਵੀ ਨੂੰ ਭੇਟ ਕਰਨਾ ਹੈ। ਉਠੋ ਕੋਈ ਪ੍ਰੇਮੀ। ਉਸ ਵੇਲੇ ਸਾਧਸੰਗਤ ਜੀ! ਇਕ ਗੁਰਸਿੱਖ ਉਠਿਆ ਜਿਸਦਾ ਨਾਮ ਮੋਹਕਮ ਚੰਦ ਸੀ। ਜਾਤ ਦਾ ਛੀਂਬਾ ਸੀ ਤੇ ਦੁਆਰਕਾ ਦਾ ਸੀ। ਦੇਖ ਲਓ, ਕਿਥੇ ਹੈ ਦੁਆਰਕਾ, ਜਿਥੇ ਦੇ ਕ੍ਰਿਸ਼ਨ ਮਹਾਰਾਜ ਸੀ, ਨਾਮਦੇਵ ਜੀ ਹੋਏ ਨੇ। ਉਠ ਕੇ ਤੁਰ ਗਿਆ, ਕੋਈ ਫਿਕਰ ਨਹੀਂ ਕਿ ਮੇਰਾ ਸਾਥ ਰਹਿ ਗਿਆ, ਮੇਰੀ ਘਰਵਾਲੀ ਮੇਰੇ ਨਾਲ ਹੈ ਜਾਂ ਬੱਚੇ ਮੇਰੇ ਛੋਟੇ ਨੇ। ਮੈਂ ਦੱਸ ਕੇ ਨਹੀਂ ਆਇਆ। ਉਸ ਵੇਲੇ ਦੋਵੇਂ ਹੱਥ ਜੋੜ ਕੇ ਆ ਗਿਆ, ਪਾਤਸ਼ਾਹ! ਦੇਰੀ ਹੋ ਗਈ ਖਿਮਾ ਕਰੀ। ਮੇਰੇ ਤੋਂ ਭੁੱਲ ਹੋ ਗਈ ਮੈਂ ਪਹਿਲਾਂ ਨਾ ਉਠ ਸਕਿਆ। ਜਦੋਂ ਤੂੰ ਪਹਿਲੀ ਆਵਾਜ਼ ਮਾਰੀ ਮੈਂ ਉਦੋਂ ਹੀ ਉਠ ਜਾਣਾ ਸੀ। ਪਾਤਸ਼ਾਹ ਕੀ ਮੰਗਦਾ ਹੈਂ? ਸੀਸ ਮੰਗਦਾ ਹੈਂ? ਬੇਨਤੀ ਕਰਦੇ ਨੇ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

ਸੋ ਪਾਤਸ਼ਾਹ! ਜਦ ਤੇਰੇ ਹੁਕਮਨਾਮੇ ਪਹੁੰਚੇ। ਗੁਰਸਿੱਖ ਹੋਕਾ ਦੇ ਰਹੇ ਸੀ, ਦੁਆਰਕਾ ਦੇ ਅੰਦਰ ਕਿ ਗੁਰੂ ਨੇ ਸੱਦ ਪਾਈ ਹੈ ਕਿ ਸਾਰੀ ਸਿੱਖੀ ਅਨੰਦਪੁਰ ਸਾਹਿਬ ਇਕੱਠੀ ਹੋਵੇ। ਪਾਤਸ਼ਾਹ! ਰਸਤੇ 'ਚ ਬੇਅੰਤ ਕਠਿਨਾਈਆਂ ਆਈਆਂ, ਬੇਅੰਤ ਔਕੜਾਂ ਆਈਆਂ, ਗਰੀਬ ਆਦਮੀ ਤੁਰਦੇ-ਤੁਰਦੇ ਇਥੇ ਪਹੁੰਚੇ ਹਾਂ। ਪਾਤਸ਼ਾਹ! ਘਰੋਂ ਜਦ ਚਲੇ ਸੀ, ਤੇਰਾ ਹੁਕਮ ਯਾਦ ਸੀ।

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - 1102*

ਫੇਰ ਪਾਤਸ਼ਾਹ! ਮੇਰੇ ਤੋਂ ਮੰਗਦੇ ਓਂ ਸੀਸ। ਇਹ ਮੇਰਾ ਨਹੀਂ ਹੈ, ਇਹ ਤਾਂ ਸਰੀਰ ਹੀ ਤੇਰਾ ਹੈ, ਸਭ ਤੇਰਾ ਹੈ।

*ਤੇਰੀ ਧੁਰਹੁ ਅਮਾਨ, ਜੋ ਕਿਛੁ ਮੇਰੇ ਪਾਸ*
*ਮਿਲਣਾ ਸੁਖ ਮਹਾਨ, ਮਾਲ ਇਮਾਨਤ ਦਿਤਿਆ।*

ਪਾਤਸ਼ਾਹ ਇਹ ਤੇਰੀ ਅਮਾਨਤ ਹੈ, ਤੈਨੂੰ ਮੋੜ ਕੇ ਮਹਾਨ ਸੁੱਖ ਹੋ ਗਿਆ ਹੈ। ਮਹਾਰਾਜ ਨੇ ਉਸੇ ਤਰ੍ਹਾਂ ਉਹਨੂੰ ਵੀ ਫੜ ਲਿਆ। ਉਸੇ ਵੇਲੇ ਤੰਬੂ 'ਚ ਲੈ ਗਏ। ਫੇਰ ਵਾਪਸ ਆ ਗਏ, ਇਕ ਸੀਸ ਦੀ ਹੋਰ ਮੰਗ ਕੀਤੀ। ਇਹ ਸੀਗੇ ਭਾਈ ਸਾਹਿਬ ਚੰਦ, ਜੋ ਚੌਥਾ ਸਿਰ ਦੇ ਰਹੇ ਨੇ। ਨਾਈ ਜਾਤ ਹੈ, ਬਿਦਰ ਸ਼ਹਿਰ ਦੇ ਰਹਿਣ ਵਾਲੇ ਨੇ। ਫੇਰ ਆ ਕੇ ਮਹਾਰਾਜ ਨੇ ਆਵਾਜ਼ ਦਿਤੀ। ਉਸ ਵੇਲੇ ਇਕ ਗੁਰਸਿੱਖ ਛੇਤੀ ਨਾਲ ਖੜ੍ਹਾ ਹੋ ਗਿਆ। ਦੋਵੇਂ ਹੱਥ ਜੋੜ ਲਏ, ਪਾਤਸ਼ਾਹ ਮੈਨੂੰ ਤੇਰੇ ਪਿਆਰ ਦੀ ਲੋੜ ਹੈ। ਆਹ ਸੀਸ ਮੰਗਦੇ ਓਂ, ਭੁੱਲ ਹੋ ਗਈ ਮੇਰੇ ਤੋਂ ਇਹ ਕਿ ਮੈਂ ਪਹਿਲਾਂ ਹੀ ਉਠ ਕੇ ਕਿਉਂ ਨਾ ਆਇਆ। ਉਸ ਵੇਲੇ ਕੋਲ ਆ ਕੇ ਬੇਨਤੀ ਕਰਦੇ ਨੇ ਪਾਤਸ਼ਾਹ! ਹੇ ਸਮਰੱਥ ਸਤਿਗੁਰੂ! ਸ਼ਰਮ ਆਉਂਦੀ ਹੈ ਸਾਨੂੰ ਏਸ ਗੱਲ ਤੋਂ ਕਿ ਇਕ ਬੀਬੀ ਬੰਦੇ ਨੂੰ ਪਿਆਰ ਕਰਦੀ ਹੈ। ਉਹਦੇ ਵਾਸਤੇ ਦਰਿਆ ਵਿਚ ਠਿੱਲ ਗਈ, ਕੱਚੇ ਘੜੇ ਤੇ। ਪਾਤਸ਼ਾਹ! ਤੂੰ ਤਾਂ ਸਾਰੀਆਂ ਦਾਤਾਂ ਦਾ ਮਾਲਕ ਤੇ ਐਡਾ ਪਿਆਰਾ।

*ਇਹ ਸੀਸ ਨਿਉਂਦੇ ਫਿਰ ਜਗ ਆਇਆ*
*ਝੁਕਿਆ ਦੁਆਰੇ ਦੁਆਰ।*
*ਇਹ ਵਡਭਾਗੀ ਜੇ ਝੁਕੇ ਅਗੈ ਤੈਂ ਤਲਵਾਰ।*

ਮੇਰੇ ਵਰਗਾ ਭਾਗਾਂ ਵਾਲਾ ਕਿਹੜਾ ਹੈ, ਜਿਹੜਾ ਤੇਰੀ ਤਲਵਾਰ ਅੱਗੇ ਝੁਕਿਆ ਰਹੇ। ਸੋ ਭਾਈ ਸਾਹਿਬ ਚੰਦ ਜੀ ਆਪ ਨਾਈ ਜਾਤੀ ਹੈ, ਬਿਦਰ ਸ਼ਹਿਰ ਉਸ ਥਾਂ ਦੇ ਰਹਿਣ ਵਾਲੇ ਨੇ। ਪੰਜਵੀ ਵਾਰ ਗੁਰੂ ਮਹਾਰਾਜ ਫੇਰ ਬਾਹਰ ਆਏ। ਕਹਿਣ ਲੱਗੇ, ਇਕ ਸਿਰ ਦੀ ਹੋਰ ਲੋੜ ਹੈ। ਉਸ ਵੇਲੇ ਇਕ ਨੌਜਵਾਨ 22 ਸਾਲ ਦਾ, ਘਰਵਾਲੀ ਵਲ ਦੇਖਿਆ, ਫਤਿਹ ਬੁਲਾ ਦਿਤੀ, ਦੋਵੇਂ ਹੱਥ ਜੋੜ ਕੇ, ਸਾਮ੍ਹਣੇ ਆ ਗਿਆ ਗੁਰੂ ਮਹਾਰਾਜ ਦੇ। ਪਾਤਸ਼ਾਹ! ਯਾਦ ਹੈ ਮੇਰੇ ਕਿ ਪਿਆਰ ਵਾਲਿਆਂ ਨੂੰ -

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਅੰਗ - 1413*

ਪਿਆਰ ਦਾ ਸੌਦਾ ਕਰਨਾ ਹੈ, ਇਹ ਮਿਲਦਾ ਹੀ ਸੀਸ ਬਦਲੇ ਹੈ।

ਅੰਦਰ ਲੈ ਗਏ, ਖੜਾਕਾ ਹੋਇਆ। ਪਿਛੇ ਗੱਲਾਂ ਚੱਲਣ ਲੱਗ ਗਈਆਂ। ਕਈਆਂ ਦੇ ਮਨਾਂ ਵਿਚ ਆਉਂਦਾ ਹੈ ਕਿ ਸੀਸ ਦੇ ਦੇਈਏ, ਨਾਲ ਆਉਂਦਾ ਹੈ ਕਿ ਜੇ ਕਿਤੇ ਗੁਰੂ ਸਾਹਿਬ ਦੇ ਉਤੇ ਦੇਵੀ ਦਾ ਸਾਇਆ ਹੋਇਆ, ਐਵੇਂ ਹੀ ਜਾਏਗਾ ਸੀਸ ਦਿਤਾ ਹੋਇਆ। ਹੋਰ ਠਹਿਰ ਜਾਓ, ਹੋਰ ਠਹਿਰ ਜਾਓ। ਕਈ ਉਠ ਕੇ ਆਪਸ ਵਿਚ ਗੱਲਾਂ ਕਰਨ ਲੱਗ ਗਏ ਕਿ ਬੜਾ ਮਾੜਾ ਕੰਮ ਹੋਇਆ। ਮਸੰਦ ਨੱਠ ਕੇ ਮਾਤਾ ਜੀ ਕੋਲ ਚਲੇ ਗਏ। ਮਾਤਾ ਜੀ ਸਿੱਖੀ ਨੂੰ ਬਚਾ ਲਓ। ਸਾਹਿਬਜ਼ਾਦਾ ਸਿੱਖੀ ਨੂੰ ਖਤਮ ਕਰਨ ਤੇ ਤੁਲਿਆ ਹੋਇਆ ਹੈ, ਅਜੇ ਤਾਂ ਤਖਤ ਦੇ ਉਤੇ ਹੀ ਸਿਰ ਵੱਢਦਾ ਹੈ, ਜੇ ਕਿਤੇ ਥੱਲੇ ਉਤਰ ਆਇਆ ਪਤਾ ਨਹੀਂ ਕਿੰਨੇ ਕੁ ਮਾਰ ਦੇਵੇ। ਬਚਾਓ ਜਲਦੀ ਕਰੋ, ਵਾਸਤਾ ਹੈ ਗੁਰੂ ਨਾਨਕ ਦਾ।

ਮਾਤਾ ਜੀ ਨੇ ਦਾਸ ਨੂੰ ਭੇਜਿਆ, ਜਾਹ ਪਤਾ ਲੈ ਆ, ਕੀ ਕਹੀ ਜਾਂਦੇ ਨੇ ਇਹ? ਬਹੁਤ ਸਾਰੇ ਨੱਠ ਗਏ, ਛਾਲਾਂ ਮਾਰਦੇ ਜਾਂਦੇ ਨੇ। ਐਨੇ ਨਸ਼ਰਧਕ ਹੋ ਗਏ। ਜਿਹੜੇ ਸ਼ਰਧਾ ਵਾਲੇ ਸੀ ਉਨ੍ਹਾਂ ਦੇ ਮਨਾਂ ਵਿਚ ਖਿਆਲ ਆਈ ਜਾਂਦਾ ਹੈ ਕਿ ਗੁਰੂ ਮਹਾਰਾਜ ਨੂੰ ਕੀ ਹੋ ਗਿਆ, ਅਚਾਨਕ ਬੈਠੇ-ਬੈਠੇ ਸੀਸ ਹੀ ਵੱਢਣੇ ਸ਼ੁਰੂ ਕਰ ਦਿਤੇ। ਕਿੰਨੇ ਕੁ ਵੱਢਣਗੇ। ਫੇਰ ਕਹਿੰਦੇ ਨੱਠਣਾ ਤਾਂ ਹੈ ਨਹੀਂ, ਦੇਖੀ ਜਾਏਗੀ ਜਿਹੜਾ ਕੁਝ ਹੋਏਗਾ। ਜੇ ਲੋੜ ਹੀ ਆ ਬਣੀ ਫੇਰ ਦੇਣਾ ਹੀ ਹੈ, ਫੇਰ ਵੀ ਤਾਂ ਮਰਨਾ ਹੈ, ਜੇ ਗੁਰੂ ਸਾਹਿਬ ਦੀ ਸ੍ਰੀ ਸਾਹਿਬ ਨਾਲ ਮਰ ਜਾਵਾਂਗੇ, ਤਾਂ ਕੀ ਹੁੰਦਾ ਹੈ। ਐਧਰੋਂ ਮਹਾਰਾਜ ਬਾਹਰ ਨਹੀਂ ਆਏ।

ਇਕ ਮੁਸਲਮਾਨ ਲਿਖਾਰੀ ਐਸਾ ਵੀ ਲਿਖਦਾ ਹੈ ਕਿ ਗੁਰੂ ਮਹਾਰਾਜ ਨੇ ਸੀਸ ਕੱਟ-ਕੱਟ ਕੇ ਸਾਮ੍ਹਣੇ ਹੀ ਸੁੱਟ ਦਿਤੇ। ਉਸ ਤੋਂ ਬਾਅਦ ਆਪ ਨੇ ਅੰਮ੍ਰਿਤ ਤਿਆਰ ਕਰਕੇ, ਛਿੱਟੇ ਮਾਰ ਦਿਤੇ ਤੇ ਸੀਸ ਜੋੜ ਦਿਤੇ। ਮੈਨੂੰ ਐਉਂ ਨਹੀਂ ਪਤਾ ਕਿ ਕੀਹਦਾ ਕਿਹਦੇ ਨਾਲ ਜੁੜਿਆ ਹੈ, ਉਠ ਕੇ ਖੜ੍ਹੇ ਹੋ ਗਏ ਸਾਰੇ। ਪਰ ਇਹ ਗੱਲ ਔਖੀ ਨਹੀਂ ਹੈ ਸਾਧਸੰਗਤ ਜੀ।

ਆਹ ਵੱਡੇ-ਵੱਡੇ ਜਾਦੂਗਰ, ਕਮਾਲਪਾਸਾ ਇਕ ਜਾਦੂਗਰ

ਸੀ, ਮੈਂ ਪਟਿਆਲੇ ਉਹਦਾ ਖੇਲ੍ਹ ਦੇਖਿਆ ਸੀ। ਉਹਨੇ ਇਕ ਬੰਦਾ ਮਾਰ ਦਿਤਾ, ਡਾਕਟਰਾਂ ਨੇ ਕਹਿ ਦਿਤਾ ਕਿ ਮਰ ਗਿਆ। ਉਹਦੀ ਜੀਭ ਕੱਟ ਲਈ ਉਹਨੇ। ਸਾਰਾ ਕੁਛ ਹੋ ਗਿਆ। ਉਸ ਤੋਂ ਬਾਅਦ ਸਾਰਿਆਂ ਦੇ ਦੇਖਦੇ-ਦੇਖਦੇ, ਉਸ ਨੇ ਵਗਾਹ ਕੇ ਜੀਭ ਮਾਰੀ, ਕਹਿੰਦਾ ਦੇਖੋ ਤਾਂ ਜੁੜ ਗਈ। ਕਹਿੰਦੇ ਹਾਂ ਇਹ ਤਾਂ ਜੁੜ ਗਈ। ਕਹਿੰਦਾ ਦੇਖੋ ਨਬਜ਼ ਚਲਦੀ ਹੈ। ਡਾਕਟਰਾਂ ਨੇ ਦੇਖਿਆ ਤਾਂ ਕਹਿੰਦੇ ਹਾਂ ਇਹ ਤਾਂ ਚਲਦੀ ਹੈ। ਉਠਾ ਕੇ ਖੜ੍ਹਾ ਕਰ ਦਿਤਾ। ਬਾਅਦ ਵਿਚ ਉਹਨੇ ਬੜੇ ਕੌਤਕ ਦਿਖਾਏ।

ਬਾਕੀ ਜੇ ਅਸੀਂ ਉਵੇਂ ਵੀ ਲੈ ਲਈਏ ਜੇ ਬਾਬਾ ਅਟੱਲ, ਮੋਹਨ ਜੀ ਜੋ ਰਾਤ ਨੂੰ ਸੱਪ ਲੜ ਕੇ ਮਰ ਗਿਆ। ਸਵੇਰੇ ਖੂੰਡੀ ਪਾ ਕੇ ਕਹਿੰਦੇ ਨੇ ਕਿ ਉਠ ਸਾਡੀ ਪਿੱਤ ਦੇ ਕੇ ਜਾ। ਉਠਾਲ ਲਿਆ।

ਬਾਬਾ ਗੁਰਦਿੱਤਾ ਜੀ ਕੀਰਤਪੁਰ ਸਾਹਿਬ ਗਏ ਹੋਏ ਨੇ ਫਰਿਆਦ ਆਈ ਕਿ ਇਕ ਸ਼ੇਰ ਬਹੁਤ ਤੰਗ ਕਰ ਰਿਹਾ ਹੈ। ਬਾਬਾ ਜੀ ਗਏ, ਇਸ਼ਾਰਾ ਕਰ ਦਿਤਾ ਕਿ ਆਹ ਜੰਗਲ ਵਿਚ ਰਹਿੰਦਾ ਹੈ। ਉਥੇ ਗਊ ਚੁਗ ਰਹੀ ਸੀ, ਚਿਮਤਚਿਤੀ, ਸ਼ੇਰ ਦਾ ਭੁਲੇਖਾ ਖਾ ਕੇ ਬਾਣ ਮਾਰਿਆ, ਪੇਟ 'ਚੋਂ ਕੱਢ ਦਿਤਾ। ਔਹ ਗਈਆਂ ਆਂਦਰਾਂ ਨਿਕਲ ਕੇ। ਕੋਲ ਜਾ ਕੇ ਪਹਾੜੀਆਂ ਨੇ ਰੌਲਾ ਪਾ ਦਿਤਾ ਕਿ ਗਊ ਮਾਰ ਦਿਤੀ, ਗਊ ਮਾਤਾ ਮਾਰ ਦਿਤੀ। ਬਾਦਸ਼ਾਹ ਕੋਲ ਫਰਿਆਦੀ ਹੋਵਾਂਗੇ।

ਗੁਰੂ ਛੇਵੇਂ ਪਾਤਸ਼ਾਹ ਨੇ ਸ਼ਸਤਰ ਉਤਾਰ ਦਿਤੇ ਸੀ ਕਿ ਹੁਣ ਨਹੀਂ ਯੁੱਧ ਕਰਨਾ। ਬਾਬਾ ਜੀ ਦੁਚਿੱਤੀ 'ਚ ਆ ਗਏ ਕਿ ਹੁਣ ਕੀ ਹੋਏਗਾ। ਪਹਿਲਾਂ ਮੇਰੇ ਦੂਜੇ ਭ੍ਰਾਤਾ ਨੂੰ ਆਪਣਾ ਸਰੀਰ ਛੱਡਣਾ ਪਿਆ। ਮਹਾਰਾਜ ਨਰਾਜ਼ ਹੋ ਗਏ ਸੀ ਕਿ ਅਟੱਲ ਜੇ ਐਉਂ ਜੀਉਂਦੇ ਕਰਨ ਲੱਗਿਆ ਤਾਂ ਬਾਦਸ਼ਾਹੀ ਟੱਬਰ ਇਥੇ ਸਾਰਿਆਂ ਨੂੰ ਲਿਆ ਕੇ ਰੱਖ ਦਿਆ ਕਰਨਗੇ, ਕਿਹਨੂੰ-ਕਿਹਨੂੰ ਜੀਉਂਦਾ ਰੱਖੇਂਗਾ। ਪ੍ਰਮੇਸ਼ਰ ਦਾ ਸ਼ਰੀਕ ਬਣਨਾ ਹੈ? ਫੇਰ ਸੋਚਿਆ ਕਿ ਜੋ ਹੋਣਾ ਹੈ ਹੋਏਗਾ। ਰਾਜੇ ਨੂੰ ਪਤਾ ਲੱਗੇਗਾ, ਰਾਜਾ ਫੌਜਾਂ ਲੈ ਕੇ ਆਏਗਾ ਅਤੇ ਪਿਤਾ ਜੀ ਨੇ ਲੜਨਾ ਨਹੀਂ ਹੈ। ਛਿੱਟਾ ਮਾਰਿਆ ਵਾਹਿਗੁਰੂ ਕਹਿ ਕੇ ਨਾ ਕਿਤੇ ਜ਼ਖਮ, ਨਾ ਕੁਛ ਹੋਰ, ਗਊ ਉਠ ਕੇ ਖੜ੍ਹੀ ਹੋ ਗਈ।

ਜਦੋਂ ਗੁਰੂ ਦਸਵੇਂ ਪਾਤਸ਼ਾਹ ਦੀ ਵਾਰੀ ਆਉਂਦੀ ਹੈ, ਇਹ ਲਿਖਾਰੀ ਐਡੇ ਕੱਚੇ ਭਰੋਸਿਆਂ ਵਾਲੇ ਨੇ, ਸਾਰਿਆਂ ਨਾਲੋਂ ਜੇ ਘੱਟ ਕੋਈ ਭਰੋਸਾ ਕਰਿਆ ਹੈ ਤਾਂ ਗੁਰੂ ਦਸਵੇਂ ਪਾਤਸ਼ਾਹ ਤੇ ਕਰਦੇ ਨੇ। ਮੰਨਦੇ ਹੀ ਨਹੀਂ ਹਨ ਲਿਖਾਰੀ। ਕਹਿੰਦੇ ਜੀ ਰਾਤ ਨੂੰ ਬੱਕਰੇ ਵੱਢ ਦਿਤੇ ਸੀ ਗੁਰੂ ਸਾਹਿਬ ਨੇ। ਓ ਬੱਕਰੇ ਕੀ ਬੋਲੇ ਨਾ? ਨਹੀਂ ਕਹਿੰਦੇ ਪੱਠੇ ਮੂਹਰੇ ਪਾ ਦਿਤੇ ਸੀ। ਓ ਜੇ ਇਕ ਬੱਕਰਾ ਵੱਢਿਆ ਜਾਵੇ, ਬੱਕਰੇ ਤਾਂ ਚੰਗਿਆੜਾ ਮਾਰਨ ਲਗ ਜਾਂਦੇ ਨੇ ਸਾਰੇ ਹੀ, ਫੇਰ ਕਿਸੇ ਨੂੰ ਤਾਂ ਪਤਾ ਲੱਗਦਾ ਹੀ। ਸਾਰੀ ਜ਼ਿੰਦਗੀ ਭਾਈ ਦਇਆ ਸਿੰਘ ਨੇ ਕਦੇ ਦੱਸਿਆ ਕਿ ਬੱਕਰੇ ਮਾਰੇ ਸੀ, ਕਿਸੇ ਹੋਰ ਨੇ ਨਹੀਂ ਦੱਸਿਆ, ਕਿਸੇ ਨਿਕਟਵਰਤੀ ਨੂੰ ਨਹੀਂ ਪਤਾ ਲੱਗਿਆ। ਮਨਘੜਤ ਕਹਾਣੀ ਬਣਾ ਲਈ। ਜੋ ਗੁਰੂ ਹੁੰਦਾ ਹੈ ਉਹ ਤਾਂ ਮਾਰ ਕੇ ਜੀਵਾਲਣ ਦੀ ਸਮਰੱਥਾ ਰਖਦਾ ਹੈ। ਸਾਰੇ ਸੰਸਾਰ ਨੂੰ ਇਕ ਨਿਗ੍ਹਾ 'ਚ ਮਾਰ ਸਕਦਾ ਹੈ, ਸਾਰੇ ਮਰਿਆਂ ਹੋਇਆਂ ਨੂੰ ਜੀਉਂਦਾ ਕਰ ਸਕਦਾ ਹੈ। ਜੇ ਲਵ ਕੁਸ਼ ਸਾਰੀ ਫੌਜ ਨੂੰ, ਮਰੀ ਕਟੀ ਹੋਈ, ਸਿਰ ਵੱਢੇ ਹੋਇਆਂ ਨੂੰ, ਅੰਮ੍ਰਿਤ ਦਾ ਛਿੱਟਾ ਦੇ ਕੇ ਜੀਉਂਦਾ ਕਰ ਦਿੰਦੇ ਨੇ, ਫੇਰ ਗੁਰੂ ਦਸਵੇਂ ਪਾਤਸ਼ਾਹ ਨੂੰ ਮੰਨਣ ਵੇਲੇ ਹੀ ਕੁਛ ਹੋ ਜਾਂਦਾ ਹੈ।

ਸਾਧਸੰਗਤ ਜੀ! ਕੌਤਕ ਵਰਤਾਇਆ ਸੀ ਗੁਰੂ ਮਹਾਰਾਜ ਨੇ। ਪੰਜਾਂ ਨੂੰ ਬਾਹਰ ਆਪਣੇ ਨਾਲ ਲਈ ਆਉਂਦੇ ਨੇ। ਮਹਾਰਾਜ ਬੜੇ ਪ੍ਰਸੰਨ ਹੋਏ। ਬਹੁਤ ਪ੍ਰਸੰਨ। ਕਹਿੰਦੇ, ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਨੇ ਐਸਾ ਹੀ ਇਮਤਿਹਾਨ ਲਿਆ ਸੀ। ਲੇਕਿਨ ਉਹ ਨਰਮ ਟੈਸਟ ਸੀ, ਮੁਰਦਾ ਖਾਣ ਦਾ ਸੀ। ਉਹਦੇ ਵਿਚ ਇਕੱਲੇ ਗੁਰੂ ਅੰਗਦ ਸਾਹਿਬ ਪਾਸ ਹੋਏ ਸੀ। ਅੱਜ ਸਿੱਖੀ ਦੀ ਜੜ੍ਹ ਪਤਾਲ 'ਚ ਲੱਗ ਗਈ ਤੇ ਅੱਜ ਪੰਜ ਪਾਸ ਹੋ ਗਏ। ਉਸ ਵੇਲੇ ਮਹਾਰਾਜ ਉੱਚਾ ਬੋਲੇ। ਸਾਰਿਆਂ ਨੂੰ ਸੁਣਾ ਕੇ ਪੂਰੀ ਆਵਾਜ਼ ਨਾਲ। ਲਾਊਡ ਸਪੀਕਰ ਨਹੀਂ ਸੀ ਹੁੰਦੇ, ਜਦ ਬੋਲ ਵਿਚ ਹੀ ਬਰਕਤ ਹੁੰਦੀ ਸੀ।

ਸੰਤ ਮਹਾਰਾਜ ਜੀ ਜਦੋਂ ਲਾਊਡ ਸਪੀਕਰਾਂ ਤੋਂ ਬਿਨਾਂ ਕੀਰਤਨ ਕਰਦੇ ਹੁੰਦੇ ਸੀ, ਘਲੋਟੀ ਉਥੋਂ ਇਕ ਮੀਲ ਹੈ, ਰਾੜਾ ਸਾਹਿਬ ਤੋਂ। ਅਸੀਂ ਪਿੰਡ ਤੋਂ ਜਾਣਾ, ਜਦੋਂ ਘਲੋਟੀ ਦਾ ਦਰਵਾਜ਼ਾ ਲੰਘਣਾ, ਆਵਾਜ਼ ਸੁਣਨੀ ਤੇ ਸ਼ਬਦ ਪੂਰਾ ਸੁਣਨਾ। ਉਸ ਵੇਲੇ ਅਸੀਂ ਨੱਠ ਪੈਣਾ ਕਿ ਛੇਤੀ ਚੱਲੀਏ, ਮਹਾਰਾਜ ਜੀ ਲੱਗ ਗਏ। ਐਡੀ-ਐਡੀ ਦੂਰ ਆਵਾਜ਼ ਸੁਣਿਆ ਕਰਦੀ ਸੀ।

ਸੰਤ ਮਸਤੂਆਣੇ ਵਾਲਿਆਂ ਦੀ ਦੋ ਮੀਲ ਆਵਾਜ਼ ਸੁਣਦੀ ਸੀ। ਸੋ ਦਸਵੇਂ ਪਾਤਸ਼ਾਹ ਮਹਾਰਾਜ ਨੇ ਸਾਰਿਆਂ ਨੂੰ ਸੁਣਾਉਣ ਵਾਸਤੇ ਕਿਹਾ -

***ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ॥***
***ਰਾਖ਼ਜੋ ਸਿੱਖੀ ਬੀਜ ਜਗ ਅੰਦਰ ਗੁਰੂ ਸਮਾਨ॥***
***ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ॥***
***ਜਾਨਹੁਂ ਮੋਹਿ ਸਮਾਨ ਤਿਨ ਭੇਦ ਰਹਯੋ ਨਹਿਂ ਰੰਚ॥***
***ਅੰਗ - 5053, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਕਹਿੰਦੇ ਗੁਰੂ ਨਾਨਕ ਸਿੱਖੀ ਪਰਖੀ ਸੀ, ਇਕ ਨਿਕਲਿਆ ਸੀ। ਇਹ ਹੁਣ ਪੰਜ ਨਿਕਲ ਆਏ, ਇਨ੍ਹਾਂ ਨੂੰ ਹੁਣ ਵਖਰੇ ਨਾ ਜਾਣਿਓ। ਇਹ ਤਾਂ ਮੇਰਾ ਹੀ ਰੂਪ ਬਣ ਗਏ। ਖਾਲਸ ਨੇ ਸਿੱਖ। ਆਤਮਗਿਆਨੀ, ਬ੍ਰਹਮਗਿਆਨੀ।

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***

***ਪ੍ਰਭ ਮਹਿ ਮੋਹ ਤਾਸਿ ਮਹਿ ਰੰਚਕ ਨਾਹਿਨ ਭੇਵ॥***
***ਸਰਬ ਲੋਹ ਗ੍ਰੰਥ 'ਚੋ***

ਪਿਆਰਿਓ! ਗੁਰੂ ਨਾਨਕ ਦੱਸ ਗਏ ਸੀ -

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥***
***ਅੰਗ - 398***

ਇਹ ਮੇਰਾ ਰੂਪ ਬਣ ਗਏ।

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***
***ਖ਼ਾਲਸਾ ਮੇਰੋ ਮੁਖ ਹੈ ਅੰਗਾ॥***
***ਖ਼ਾਲਸਾ ਕੇ ਹੌਂ ਸਦ ਸਦ ਸੰਗਾ॥***
***(ਸਰਬ ਲੋਹ ਗ੍ਰੰਥ 'ਚੋਂ)***

ਮੈਂ ਹੁਣ ਇਨ੍ਹਾਂ ਵਿਚ ਨਿਵਾਸ ਕਰ ਲਿਆ। ਹੁਣ ਮੇਰੇ ਵਿਚ ਤੇ ਇਨ੍ਹਾਂ ਵਿਚ ਕੋਈ ਭੇਤ ਨਾ ਜਾਣਿਓ। ਇਹ ਪੂਰਨ ਬ੍ਰਹਮਗਿਆਨੀ ਹੋ ਗਏ ਨੇ, ਪੂਰੇ ਖਾਲਸੇ ਹੋ ਗਏ ਨੇ। ਉਸ ਵੇਲੇ ਮਹਾਰਾਜ ਉਨ੍ਹਾਂ ਵਲ ਸੰਬੋਧਨ ਹੋਏ, ਪੰਜਾਂ ਵਲ। ਬੜੇ ਹੀ ਪ੍ਰਸੰਨ, ਬਹੁਤ ਦਿਆਲੂ ਕ੍ਰਿਪਾਲੂ, ਕਹਿੰਦੇ ਪ੍ਰੇਮੀਓ! ਤੁਹਾਨੂੰ ਤੇ ਮੈਨੂੰ ਹਉਮੈ ਨੇ ਅੱਡ ਕਰਿਆ ਹੋਇਆ ਸੀ, ਨਹੀਂ ਤਾਂ ਆਪਾਂ ਇਕੋ ਹੀ ਸੀ। ਇਹ ਹਉਮੈ ਸੀਸ ਦੇ ਕੇ ਟੁੱਟ ਗਈ। ਤੁਸੀਂ ਕਿਸੇ ਨੇ ਤਾਣ ਨਹੀਂ ਕਰਿਆ, ਮਾਣ ਨਹੀਂ ਕਰਿਆ ਕਿ ਮੈਂ ਸੀਸ ਦਿੰਦਾ ਹਾਂ। ਸਭ ਨੇ ਇਹੀ ਆਖਿਆ ਹੈ ਕਿ ਪਾਤਸ਼ਾਹ! ਤੇਰਾ ਸੀਸ, ਤੈਨੂੰ ਕੀ ਅਰਪੀਏ। ਤੇਰਾ ਹੀ ਹੈ ਇਹ। ਮੈਂ ਤੁਹਾਡਾ ਰੂਪ ਬਣ ਗਿਆ, ਹੁਣ ਤੁਸੀਂ ਮੇਰਾ ਰੂਪ ਬਣ ਗਏ।

***ਮਮ ਸਰੂਪ ਤੁਮ ਅਬਿ ਭਏ,***
***ਹੌਂ ਭਾ ਤੁਮਹਿਂ ਸਰੂਪ॥***
***ਬ੍ਰਹਮ ਗਯਾਨ ਦਿਢ ਰਿਦੇ ਹ੍ਵੈ***
***ਪਦ ਅਤਿ ਲੀਨਿ ਅਨੂਪ॥***
***ਪੰਨਾ 5053, ਸ਼੍ਰੀ ਗੁ ਪ੍ਰਤਾਪ ਸੂਰਜ ਗ੍ਰੰਥ***

ਉਹ ਅਵਸਥਾ ਜਿਹੜੀ ਵੱਡੇ-ਵੱਡੇ ਤਪਸੱਵੀਆਂ ਨੂੰ ਨਹੀਂ ਮਿਲਦੀ। ਹਜ਼ਾਰਾਂ ਸਾਲ ਦੀਆਂ ਸਮਾਧੀਆਂ ਲਾ ਕੇ ਨਹੀਂ ਮਿਲਦੀ। ਸੋ ਉਸ ਵੇਲੇ ਮਹਾਰਾਜ ਜੀ ਨੇ ਦੀਵਾਨ ਦੀ ਸਮਾਪਤੀ ਕਰ ਦਿਤੀ। ਅੱਜ ਵਿਸਾਖੀ ਵਾਲਾ ਦਿਨ ਹੈ। ਬਹੁਤ ਸੰਗਤ ਇਕੱਠੀ ਹੋ ਗਈ। ਸਾਰੇ ਗੱਲ ਚਲ ਰਹੀ ਹੈ। ਉਸ ਵੇਲੇ ਕੁਛ ਗੁਰਸਿੱਖ ਮਹਾਰਾਜ ਜੀ ਦੇ ਚਰਨ ਸ਼ਰਨ ਆ ਗਏ। ਪਾਤਸ਼ਾਹ! ਅਸਾਥੋਂ ਭੁੱਲ ਹੋ ਗਈ, ਅੱਖ ਝਮਕਣ ਦੀ ਦੇਰੀ ਹੋਈ ਪਾਤਸ਼ਾਹ! ਅਸੀਂ ਤੇਰੇ ਬਣ ਨਾ ਸਕੇ। ਸਾਨੂੰ ਬੜਾ ਅਫਸੋਸ ਹੈ, ਲਾਹਨਤਾਂ ਪਾਉਂਦਾ ਹੈ ਸਾਡਾ ਆਪਾ ਕਿ ਤੁਸੀਂ ਪਹਿਲਾਂ ਕਿਉਂ ਨਾ ਸੀਸ ਦਿਤਾ। ਪਾਤਸ਼ਾਹ! ਹੁਣ ਕ੍ਰਿਪਾ ਕਰੋ। ਬੇਨਤੀਆਂ ਕਰਦੇ ਨੇ।

***ਦਰਸਨ ਕਰਦੀ ਪਈ ਨੂੰ ਝੁੱਲੀ ਹਨ੍ਹੇਰੀ ਆਨ***
***ਨੈਣ ਝਮਕਾ ਖਾ ਗਏ ਕਸਰ ਪ੍ਰੇਮ ਨੂੰ ਲਾਣ।***

ਪਿਆਰ ਨੂੰ ਕਸਰ ਲਾ ਦਿਤੀ ਮਹਾਰਾਜ ਨੇ।

***ਗਈ ਹਨ੍ਹੇਰੀ ਲੰਘ ਹੁਣ ਫਿਰ ਖੁਲ੍ਹਿਆ ਇਹ ਨੈਣ।***
***ਦੇਹ ਦਰਸਨ ਕਰ ਬਖਸੀਏ ਫਿਰ ਝਮਕਾ ਨਾ ਲੈਣ।***

ਅਫਸੋਸ ਕਰਦੇ ਨੇ ਮਹਾਰਾਜ, ਹਨ੍ਹੇਰੀ ਲੰਘ ਗਈ। ਬੜਾ ਅਫਸੋਸ ਹੈ ਸਾਡੇ ਮਨ ਦੇ ਅੰਦਰ।

ਉਸ ਵੇਲੇ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਅਫਸੋਸ ਨਾ ਕਰੋ। ਆਹ ਤਾਂ ਹੈਗੇ ਗੁਰਮੁਖ ਜਿਹੜੇ ਪੰਜ ਨਿੱਤਰ ਆਏ, ਤੁਸੀਂ ਹੋ ਮੇਰੇ ਸਨਮੁਖ ਸਿੱਖ। ਆਹ ਜਿਹੜੇ ਕਹਿੰਦੇ ਨੇ ਕਿ ਦੇਵੀ ਪੁੱਠੀ ਪੈ ਗਈ, ਉਥੇ ਖੜ੍ਹ ਗਏ ਚਾਰ, ਚਾਰ ਉਥੇ ਖੜ੍ਹ ਕੇ ਗੱਲਾਂ ਕਰਦੇ ਨੇ। ਇਹ ਹੈਗੇ ਮਨਮੁਖ। ਜਿਹੜੇ ਛਾਲਾਂ ਮਾਰ ਨੱਠ ਕੇ, ਇਹ ਨੇ ਬੇਮੁਖ। ਤੁਸੀਂ ਫਿਕਰ ਨਾ ਕਰੋ, ਜਦੋਂ ਸਮਾਂ ਆਇਆ ਤੁਹਾਡਾ ਵੀ ਸੀਸ ਲੱਗ ਜਾਏਗਾ।

ਦੂਸਰਾ ਦਿਨ ਹੋ ਗਿਆ। 1100 ਰੁਪਿਆ ਮਹਾਰਾਜ ਨੇ ਉਸ ਵੇਲੇ ਦਾ, ਇਕ ਰੁਪਿਆ ਉਸ ਵੇਲੇ ਅੱਜ ਦੇ ਪੰਜ ਸੌ ਰੁਪਏ ਤੋਂ ਵੱਧ ਸੀ। 1100 ਹਜ਼ਾਰ ਰੁਪਏ ਦਾ ਪ੍ਰਸ਼ਾਦ ਕਰਿਆ। ਚਾਦਰਾਂ ਵਿਛਾ ਦਿਤੀਆਂ, ਉਨ੍ਹਾਂ ਤੇ ਆ ਕੇ ਪ੍ਰਸ਼ਾਦ ਢੇਰੀ ਹੋਈ ਜਾਂਦਾ ਹੈ। ਬੜੇ ਹੀ ਪ੍ਰਸੰਨ ਨੇ ਮਹਾਰਾਜ, ਵੱਡਾ ਬਾਟਾ ਮੰਗਾ ਲਿਆ, ਸਤਲੁਜ ਦਾ ਜਲ ਮੰਗਾ ਲਿਆ। ਆਪ ਬੀਰ ਰਸ ਆਸਣ ਹੋ ਕੇ ਬੈਠ ਗਏ। ਪੰਜੇ ਸਿੰਘ ਸਾਮ੍ਹਣੇ ਖੜ੍ਹੇ ਨੇ, ਉਨ੍ਹਾਂ ਨੂੰ ਕਹਿਣ ਲੱਗੇ, ਦੇਖੋ, ਵਾਹਿਗੁਰੂ ਮੰਤਰ ਗੁਰੂ ਨਾਨਕ ਪਾਤਸ਼ਾਹ ਨੇ ਲਿਆਂਦਾ ਹੈ, ਧੁਰ ਦਰਗਾਹ 'ਚੋਂ। ਤੁਸੀਂ ਵਾਹਿਗੁਰੂ-ਵਾਹਿਗੁਰੂ ਕਹਿਣਾ ਹੈ ਤੇ ਨੇਤਰ ਜਿਹੜੇ ਨੇ ਏਸ ਜਲ 'ਚ ਹੀ ਰੱਖਣੇ ਨੇ। ਇਹ ਜਲ ਨੇ ਕਰਾਮਾਤੀ ਬਣ ਜਾਣਾ ਹੈ। ਸ਼ਕਤੀ ਵਾਲਾ ਬਣ ਜਾਣਾ ਹੈ। ਕਾਇਆ ਕਲਪ ਹੋ ਜਾਣੀ ਹੈ, ਤੁਸੀਂ ਇਹਦੇ 'ਚ ਨੇਤਰ ਰੱਖ ਕੇ ਵਾਹਿਗੁਰੂ-ਵਾਹਿਗੁਰੂ ਕਰੀ ਜਾਣਾ ਹੈ। ਆਪ ਮਹਾਰਾਜ ਨੇ ਜਪੁਜੀ ਸਾਹਿਬ ਪੜ੍ਹੀ, ਜਾਪੁ ਸਾਹਿਬ ਪੜ੍ਹਿਆ, ਚੌਪਈ ਪੜ੍ਹੀ, ਸੂੱਯੇ ਪੜ੍ਹੇ, ਅਨੰਦ ਸਾਹਿਬ ਪੜ੍ਹਿਆ ਤੇ ਕੁਛ ਜਲ ਬਾਹਰ ਨਿਕਲ ਕੇ ਡੁਲ੍ਹ ਗਿਆ, ਹੁਲਾਰੇ ਦੇ ਨਾਲ। ਪੂਰੇ ਜ਼ੋਰ ਨਾਲ ਹੁਲਾਰਾ ਦੇਣਾ ਪੈਂਦਾ ਹੈ ਉਹਦੇ ਵਿਚ। ਅੰਮ੍ਰਿਤ ਤਿਆਰ ਕਰਨ ਵੇਲੇ, ਮਾੜੇ ਬੰਦੇ ਦਾ ਕੰਮ ਨਹੀਂ ਅੰਮ੍ਰਿਤ ਤਿਆਰ ਕਰਨਾ। ਅੰਦਰ ਵੀ ਬਹਾਦਰੀ ਹੋਣੀ ਚਾਹੀਦੀ ਹੈ, ਡਰ ਨਹੀਂ ਹੋਣਾ ਚਾਹੀਦਾ। ਜਿਹੜਾ ਡਰਦਾ ਹੈ, ਉਹ ਅੰਮ੍ਰਿਤ ਨਹੀਂ ਤਿਆਰ ਕਰ ਸਕਦਾ। ਉਹ ਨਿਰਭੈ ਹੁੰਦਾ ਹੈ, ਗੁਰੂ ਹੁੰਦਾ ਹੈ ਉਸ ਵੇਲੇ ਉਹ ਪੰਜ ਜਿਹੜੇ ਹੁੰਦੇ ਨੇ।

ਸੋ ਉਥੇ ਦੋ ਚਿੜਿਆਂ ਨੇ ਆ ਕੇ ਗਿਰੇ ਹੋਏ ਜਲ ਦੀ ਘੁੱਟ-ਘੁੱਟ ਭਰ ਲਈ। ਭਰਦੇ ਸਾਰ ਲੜਾਈ ਸ਼ੁਰੂ ਹੋ ਗਈ। ਸਾਰੀ ਸੰਗਤ ਦੇਖ ਰਹੀ ਹੈ ਕਿ ਆਹ ਚਿੜਿਆਂ ਨੂੰ ਕੀ ਹੋ

ਗਿਆ। ਐਨੇ ਨੂੰ ਬਾਬਾ ਰਾਮ ਕੌਰ ਜੀ ਬਾਬੇ ਬੁੱਢੇ ਕੇ ਬੈਠੇ, ਅਨੁਭਵ ਨਾਲ ਦੇਖਿਆ ਕਿ ਮਹਾਰਾਜ ਨੇ ਬਹੁਤੀ ਸ਼ਕਤੀ ਵਾਲਾ ਜਲ ਬਣਾ ਦਿਤਾ। ਇਹਨੂੰ ਸਹੇਗਾ ਕੌਣ, ਕਿਹੜਾ ਝੱਲੇਗਾ ਇਹ ਝਾਲ, ਐਨੇ ਕਰਾਰੇ ਅੰਮ੍ਰਿਤ ਦੀ। ਬਹੁਤਾ ਤੇਜ਼ ਧਰ ਦਿਤਾ। ਉਸ ਵੇਲੇ ਕਾਹਲੀ ਨਾਲ ਮਾਤਾ ਜੀਤੋ ਜੀ ਦੇ ਕੋਲ ਗਏ।

ਮਾਤਾ ਜੀ! ਕ੍ਰਿਪਾ ਕਰੋ ਤੁਸੀਂ, ਕ੍ਰਿਪਾ ਕਰੋ।

ਕੀ ਹੋ ਗਿਆ, ਬਾਬਾ ਜੀ?

ਕਹਿਣ ਲੱਗੇ, "ਮਹਾਰਾਜ ਜੀ ਨੇ ਅੰਮ੍ਰਿਤ ਤਿਆਰ ਕਰਿਆ ਹੈ, ਬਾਣੀ ਪੜ੍ਹੀ ਹੈ ਉਹਦੇ ਵਿਚ ਐਨਾ ਤੇਜ ਆ ਗਿਆ, ਮੈਂ ਦੇਖਿਆ ਅੱਖਾਂ ਦੇ ਨਾਲ, ਇਕ-ਇਕ ਘੁੱਟ ਭਰੀ ਹੈ ਚਿੜਿਆਂ ਨੇ ਤੇ ਲੜਨ ਤੋਂ ਹੀ ਨਹੀਂ ਹਟਦੇ। ਹੁਣ ਤਾਂ ਮਰ ਗਏ ਹੋਣੇ ਨੇ ਜਾਂਦਿਆਂ ਨੂੰ।

ਮਾਤਾ ਜੀ ਨੇ ਕਿਹਾ ਕਿ ਮੈਂ ਕੀ ਕਰਾਂ?

ਉਨ੍ਹਾਂ ਨੇ ਕਿਹਾ ਕਿ ਤੁਸੀਂ ਮਾਂ ਹੋ, ਮਾਂ ਵਾਲਾ ਪਿਆਰ ਲੈ ਕੇ ਪਾਓ ਉਹਦੇ ਵਿਚ। ਪਿਆਰ ਬਿਨਾਂ ਖਾਲਸਾ ਖੇਰੂੰ-ਖੇਰੂੰ ਹੋ ਜਾਏਗਾ, ਲੜ ਕੇ ਮਰ ਜਾਏਗਾ, ਆਪਸ ਵਿਚ। ਪਤਾਸੇ ਲੈ ਕੇ ਚੱਲੋ।

ਉਸ ਵੇਲੇ ਮਾਤਾ ਜੀ ਪਤਾਸੇ ਲੈ ਕੇ ਆ ਗਏ। ਪਤਾਸੇ ਪਾ ਦਿਤੇ। ਮਹਾਰਾਜ ਜੀ ਦੇਖ ਰਹੇ ਨੇ, ਮੁਸਕਰਾਏ ਕਹਿੰਦੇ ਜੀਤ ਜੀ! ਬਹੁਤ ਚੰਗਾ ਕਰਿਆ। ਅੰਮ੍ਰਿਤ ਬਹੁਤ ਤੇਜ ਵਾਲਾ ਤਿਆਰ ਹੋ ਗਿਆ ਸੀ ਤੇ ਬੜਾ ਕਰੂਰ ਹੋਣਾ ਸੀ ਖਾਲਸੇ ਨੇ। ਲੜ-ਲੜ ਮਰ ਜਾਣਾ ਸੀ। ਤੁਸੀਂ ਮਾਂ ਵਾਲਾ ਪਿਆਰ ਪਾ ਦਿਤਾ। ਹੁਣ ਅੰਮ੍ਰਿਤ ਦੇ ਬਾਟੇ ਦੀ ਸਾਂਝ ਨੂੰ ਦੇਖ ਕੇ ਫੇਰ ਇਕੱਠੇ ਹੋ ਜਾਇਆ ਕਰਨਗੇ।

***ਭਲੋ ਭਯੋ ਤੂੰ ਚਲਿ ਕਰਿ ਆਈ॥***
***ਨੀਰ ਬਿਖੈ ਪਾਈ ਮਧੁਰਾਈ॥***
***ਨਾਤੁਰ ਪੰਥ ਹੋਤਿ ਬਡ ਕ੍ਰੂਰਾ॥***
***ਤੇਜ ਕ੍ਰੋਧ ਕਲਹਾ ਕਰਿ ਪੂਰਾ॥***
***ਪੰਨਾ 5056, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਨਹੀਂ ਤਾਂ ਇਹਨੇ ਬੜਾ ਕਰੂਰ ਹੋਣਾ ਸੀ, ਸਹਿ ਨਹੀਂ ਸੀ ਸਕਿਆ ਕਰਨਾ, ਉਸੇ ਵੇਲੇ ਗਲ ਪੈ ਜਾਇਆ ਕਰਨਾ ਸੀ ਟੁੱਟ ਕੇ। ਚੰਗਾ ਹੋਇਆ ਤੁਸੀਂ ਮਾਂ ਵਾਲਾ ਪਿਆਰ ਪਾ ਦਿਤਾ। ਅੱਜ ਪਤਾਸੇ ਪਿਛੋਂ ਪਾਏ ਨੇ, ਅੱਗੇ ਤੋਂ ਪਹਿਲਾਂ ਪਿਆ ਕਰਨਗੇ, ਬਾਣੀ ਤੋਂ ਵੀ ਪਹਿਲਾਂ।

ਸੋ ਇਸ ਤਰ੍ਹਾਂ ਮਹਾਰਾਜ ਨੇ ਅੰਮ੍ਰਿਤ ਤਿਆਰ ਕੀਤਾ। ਪੰਜਾਂ ਨੂੰ ਛਕਾ ਦਿਤਾ। ਕਾਇਆ ਕਲਪ ਹੋਈ। ਉਸ ਵੇਲੇ ਸਾਰਿਆਂ ਦੇ ਦੇਖਦੇ-ਦੇਖਦੇ ਮਹਾਰਾਜ ਨੇ ਕੀ ਕਰਿਆ। ਮਹਾਰਾਜ ਨੇ ਤਖਤ ਤੇ ਬਿਠਾ ਲਿਆ ਕਿ ਏਥੇ ਬੈਠੋ ਆ ਕੇ। ਕਹਿੰਦੇ ਤੁਹਾਨੂੰ ਪਤਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਗੁਰੂ ਅੰਗਦ ਸਾਹਿਬ ਨੂੰ ਤਖਤ ਤੇ ਬਿਠਾਇਆ ਸੀ। ਹੁਣ ਮੈਂ ਥੱਲੇ ਬੈਠਦਾਂ, ਤੁਸੀਂ ਉਤੇ ਬੈਠੋ। ਮਹਾਰਾਜ ਦੋਵੇਂ ਹੱਥ ਜੋੜ ਕੇ ਸਾਮ੍ਹਣੇ ਖੜ੍ਹੇ ਹੋ ਗਏ। ਉਹ ਸਿੰਘ ਬੈਠ ਨਹੀਂ ਸੀ ਸਕੇ, ਕਹਿਣ ਲੱਗੇ, ਮਹਾਰਾਜ! ਅਸੀਂ ਬੜੇ ਗਰੀਬ ਹਾਂ, ਅਸੀਂ ਪਾਪੀ ਹਾਂ, ਅਸੀਂ ਭੁੱਲੇ ਹੋਏ ਹਾਂ, ਤੁਸੀਂ ਦਇਆ ਕਰੋ, ਐਡਾ ਪਰਤਿਆਵਾ ਨਾ ਸਾਡਾ ਲਵੋ। ਉਸ ਵੇਲੇ ਮਹਾਰਾਜ ਨੇ ਗੱਲ ਨਹੀਂ ਸੁਣੀ। ਕਿਹਾ –

***ਖਾਲਸਾ ਗੁਰੂ ਹੈ ਗੁਰੂ ਖਾਲਸਾ ਕਰੌਂ ਮੈਂ ਅਬਿ,***

ਹੁਣ ਮੈਂ ਗੁਰੂ ਧਾਰਨ ਕਰਦਾ ਹਾਂ, ਖਾਲਸੇ ਨੂੰ।

***ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ।***
***ਸ਼ੰਕ ਨ ਕਰੀਜੈ ਸਾਵਧਾਨ ਹੋਇ ਦੀਜੈ ਅਬ,***
***ਅੰਮ੍ਰਿਤ ਛਕਾਵੋ ਮੁਹਿ ਜੈਸੇ ਤੁਮ ਲੀਨਿਓਂ।***
***ਪੰਨਾ 5059, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਿਵੇਂ ਤੁਸੀਂ ਮੇਰੇ ਤੋਂ ਛਕਿਆ ਸੀ, ਓਵੇਂ ਜਿਵੇਂ ਮੈਨੂੰ ਛਕਾਓ।

***ਕਾਲ ਹੂੰ ਕੋ ਕਾਲ ਅਸਿਕੇਤ ਹੈ ਅਕਾਲ ਪ੍ਰਭੁ***
***ਦੀਰਘ ਕ੍ਰਿਪਾਲ ਯੌਂ ਹੁਕਮ ਹਮੈਂ ਦੀਨਿਓ॥***
***ਥਾਪਨਿ ਧਰਮ ਕੌਂ, ਉਥਾਪਨਿ ਭਰਮ ਕੌਂ,***
***ਕੁਕਰਮ ਕੌ ਖਾਪਨ, ਸਿਮਰ ਨਾਮ, ਚੀਨਿਓ॥***
***ਪੰਨਾ 5059, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਉਸ ਵੇਲੇ ਮਹਾਰਾਜ ਜੀ ਨੇ ਅੰਮ੍ਰਿਤ ਛਕਿਆ ਤੇ ਨਾਲ 20,000 ਪ੍ਰੇਮੀਆਂ ਨੇ ਉਸ ਦਿਨ ਅੰਮ੍ਰਿਤ ਛਕਿਆ। ਉਸ ਵੇਲੇ ਮਹਾਰਾਜ ਨੇ ਸਾਰਿਆਂ ਨੂੰ ਉਪਦੇਸ਼ ਦੇਣ ਵਾਸਤੇ ਕਿਹਾ ਪ੍ਰੇਮੀਓ! ਅੱਜ ਤੋਂ ਤੁਹਾਡੀ ਜਾਤ ਨਾ ਕੋਈ ਨਾਈ ਹੈ, ਨਾ ਕੋਈ ਛੀਂਬਾ ਹੈ, ਨਾ ਕੋਈ ਜੱਟ ਹੈ, ਨਾ ਕੋਈ ਖੱਤਰੀ ਹੈ, ਨਾ ਕੋਈ ਝਿਉਰ ਹੈ। ਹੁਣ ਤੁਸੀਂ ਖਾਲਸੇ ਹੋ ਗਏ। ਹੁਣ ਤੁਸੀਂ ਅਨੰਦਪੁਰ ਦੇ ਵਾਸੀ ਹੋ ਗਏ। ਹੁਣ ਤੁਹਾਨੂੰ ਮੈਂ ਤੇਜ ਦਿਤਾ।

***ਜਬ ਲਗ ਖਾਲਸਾ ਰਹੇ ਨਿਆਰਾ।***
***ਤਬ ਲਗ ਤੇਜ ਦੀਉ ਮੈਂ ਸਾਰਾ।***
***ਜਬ ਇਹ ਗਹੈ ਬਿਪਰਨ ਕੀ ਰੀਤ।***
***ਮੈਂ ਨ ਕਰੋਂ ਇਨ ਕੀ ਪ੍ਰਤੀਤ। (ਸਰਬ ਲੋਹ ਗ੍ਰੰਥ)***

ਰਹਿਤ 'ਚ ਰਹਿਣਾ ਹੈ –

***ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ॥***
***ਰਹਿਣੀ ਰਹੈ ਸੋਈ ਸਿਖ ਮੇਰਾ***
***ਓਹ ਸਾਹਿਬ ਮੈ ਉਸ ਕਾ ਚੇਰਾ॥***

ਉਹ ਮੇਰਾ ਮਾਲਕ ਹੋਏਗਾ, ਜਿਹੜਾ ਮੇਰੀਆਂ ਸਾਰੀਆਂ ਰਹਿਤਾਂ ਗੁਰੂ ਗ੍ਰੰਥ ਸਾਹਿਬ ਦੀਆਂ, ਪੰਜਾਂ ਪਿਆਰਿਆਂ ਦੀਆਂ

ਰੱਖੇਗਾ। ਹੁਣ ਤੁਸੀਂ ਮੰਤਰ ਜੰਤਰ ਨਹੀਂ ਜਪਣੇ। ਹੋਰ ਨਾਮ ਨਹੀਂ ਜਪਣੇ। ਤੁਸੀਂ ਅਕਾਲ ਪੁਰਖ ਦਾ ਨਾਮ ਜਪਣਾ ਹੈ।

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਅੱਜ ਤੋਂ ਕਿਸੇ ਮੜੀ ਮਸਾਣੀ ਨੂੰ, ਕਿਸੇ ਨੂੰ ਮੱਥਾ ਨਹੀਂ ਟੇਕਣਾ। ਗੁਰੂ ਨਾਨਕ ਤੋਂ ਵੱਡਾ ਕੋਈ ਨਹੀਂ।

***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ॥ ਅੰਗ - 749***

ਇਕ ਅਕਾਲ ਪੁਰਖ ਤੇ ਭਰੋਸਾ ਰੱਖੋ, ਹਾਥੀ ਦੀ ਪੈੜ ਵਿਚ ਸਭ ਪੈੜਾਂ ਆ ਜਾਂਦੀਆਂ ਨੇ। ਜੇ ਇਹਨੂੰ ਮੱਥਾ ਟੇਕਿਆ, ਫੇਰ ਇਹਨੂੰ ਟੇਕਿਆ, ਕੋਈ ਵੀ ਮਦਦ ਨਹੀਂ ਕਰਿਆ ਕਰਦਾ, ਸਭ ਛੱਡ ਦਿੰਦੇ ਨੇ। ਇਕ ਦੇ ਲੜ ਲਗ ਜਾਓ, ਇਕ ਨੂੰ ਲਾਜ ਹੋਇਆ ਕਰਦੀ ਹੈ।

ਸੋ ਇਸ ਤਰ੍ਹਾਂ ਮਹਾਰਾਜ ਨੇ ਉਪਦੇਸ਼ ਦਿਤਾ, 20,000 ਹਜ਼ਾਰ ਪ੍ਰੇਮੀਆਂ ਨੇ ਉਸ ਦਿਨ ਅੰਮ੍ਰਿਤ ਛਕਿਆ। ਇਹ ਸਾਰੇ ਸੰਸਾਰ ਦੇ ਸੁੱਖ ਵਾਸਤੇ ਖਾਲਸੇ ਦਾ ਜਨਮ ਹੋਇਆ, ਪ੍ਰਕਾਸ਼ ਹੋਇਆ। ਇਕ ਆਦਰਸ਼ ਆਹ ਮਿੱਟੀ ਦੇ ਸਰੀਰ ਵਿਚ ਸਾਡੇ ਗੁਰੂ ਦਸਵੇਂ ਪਾਤਸ਼ਾਹ ਨੇ ਅੰਮ੍ਰਿਤ ਦੇ ਰਾਹੀਂ ਪਾ ਦਿਤਾ। ਇਹਦੇ ਵਿਚ ਸ਼ਕਤੀ ਕਿੰਨੀ ਹੁੰਦੀ ਹੈ, ਕਈ ਵਾਰੀ ਮੈਂ ਦੱਸਿਆ।

ਆਹ ਤੁਹਾਡੇ ਬੀਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਇਕ ਵਾਰ ਅੰਮ੍ਰਿਤ ਛਕਾ ਰਹੇ ਸੀ, ਨੇਤਰਾਂ 'ਚ ਛਿੱਟਾ ਮਾਰਿਆ, ਕਰਤਾਰ ਸਿੰਘ ਸੀਗਾ ਮੁੰਡਾ ਦਸਵੀਂ ਦਾ। ਉਥੇ ਹੀ ਸਮਾਧੀ ਲਗ ਗਈ, ਭਾਈ ਰਣਧੀਰ ਸਿੰਘ ਕਹਿਣ ਲੱਗੇ, ਹੁਣ ਕੀ ਹੋਏਗਾ, ਕਹਿੰਦੇ ਜ਼ੋਰ ਲਗ ਗਿਆ ਜ਼ਿਆਦਾ। ਉਹ ਜਲ ਦੇ ਅੰਦਰ ਤੇਜ ਹਿਸਾਬ ਦਾ ਪਾਉਂਦੇ ਨੇ, ਜੇ ਬਹੁਤਾ ਪਾ ਦਿਤਾ ਇਥੇ ਸਮਾਧੀਆਂ ਲਗ ਜਾਣਗੀਆਂ ਸਾਰਿਆਂ ਦੀਆਂ। ਬਿਮਾਰੀਆਂ ਦੂਰ ਹੁੰਦੀਆਂ ਨੇ, ਡਰ ਦੂਰ ਹੁੰਦੇ। ਓਹੀ ਬੰਦਾ ਜਿਹੜਾ ਮਾੜਾ ਜਿਹਾ ਖੜਕਾ ਹੋਣ ਤੋਂ ਡਰਦਾ ਹੈ, ਸ਼ੇਰ ਵਰਗਾ ਦਿਲ ਹੋ ਜਾਂਦਾ ਹੈ। ਇਨਸਾਫ ਤੇ ਚੱਲਣ ਲਗ ਜਾਂਦਾ ਹੈ। ਬੇਇਨਸਾਫੀ ਨਹੀਂ ਕਰਦਾ। ਧੱਕਾ ਨਹੀਂ ਕਰਦਾ, ਨਾ ਧੱਕਾ ਹੋਣ ਦਿੰਦਾ ਹੈ। ਜਾਗ ਆ ਗਈ ਸਾਧਸੰਗਤ ਜੀ!

ਸੋ ਕਹਿਣ ਲੱਗੇ ਕਿ ਹੁਣ ਕੀ ਹੋਏਗਾ? ਕਹਿੰਦੇ 56 ਘੰਟੇ ਬਾਅਦ ਇਹਦੀ ਸੁਰਤ ਉਤਰੇਗੀ। ਲੁਧਿਆਣੇ ਹਾਈ ਸਕੂਲ ਦੀ ਗੱਲ ਹੈ। ਚੁੱਕ ਕੇ ਪਰ੍ਹੇ ਬਿਠਾ ਦਿਤਾ। ਅੰਮ੍ਰਿਤ ਛਕਾਉਣ ਤੋਂ ਬਾਅਦ ਜਦੋਂ ਪੂਰੇ 48 ਘੰਟੇ ਹੋ ਗਏ, ਕੀਰਤਨ ਸ਼ੁਰੂ ਹੋ ਗਿਆ। ਭਾਈ ਸਾਹਿਬ ਦਾ ਕੀਰਤਨ ਕਈ-ਕਈ ਘੰਟੇ ਹੁੰਦਾ ਸੀ, ਘੜੀ ਵਗੈਰਾ ਨਹੀਂ ਸੀ ਉਥੇ ਕੋਈ ਦੇਖਿਆ ਕਰਦਾ। ਸੋ ਬੱਚਾ ਜਦੋਂ ਹਿੱਲਿਆ, ਉਪਰ ਨੂੰ ਉਠਿਆ ਭਾਰ ਮੁਕਤ (weight less) ਹੋ ਗਿਆ। ਬਾਪੂ ਜੀ ਆ ਕੇ ਕਹਿਣ ਲੱਗੇ, ਲਾਵਾਂ ਦਾ ਪਾਠ ਕਰੋ। ਇਹਦੀ ਰੂਹ ਅਕਾਲ ਪੁਰਖ ਦੇ ਦਰ ਤੇ ਖੜ੍ਹੀ ਹੈ। ਭਾਈ ਸਾਹਿਬ ਕਹਿੰਦੇ, ਮੇਰੇ ਉਪਰ ਦੀ ਵਾਜੇ ਤੋਂ ਐਉਂ ਥੱਲੇ ਨੂੰ ਗਏ ਜਿਵੇਂ ਮੱਛੀ ਪਾਣੀ 'ਚੋਂ ਆਉਂਦੀ ਹੈ। ਮਹਾਰਾਜ ਦੇ ਮੂਹਰੇ ਲੰਮਾ ਪੈ ਗਿਆ। ਕਹਿੰਦੇ ਫੇਰ ਅਸੀਂ ਲਾਵਾਂ ਦਾ ਕੀਰਤਨ ਕਰਿਆ, ਇਕ ਛਿੱਟਾ ਮਾਰ ਕੇ ਕਿੱਥੇ ਵਾਹਿਗੁਰੂ ਨਾਲ ਅਭੇਦ ਕਰ ਦਿਤਾ।

ਇਹ ਅੰਮ੍ਰਿਤ ਐਵੇਂ ਨਹੀਂ ਹੈ ਕਿ ਮਿੱਠਾ ਪਾਣੀ ਪੀ ਲਓ। ਇਥੇ ਕਹਿੰਦੇ ਸੀ, ਮੁੰਡੀਖਰੜ ਜਦੋਂ ਅਸੀਂ ਪਹਿਲੀ ਵਾਰੀ ਅੰਮ੍ਰਿਤ ਛਕਾਇਆ। ਉਹ ਨਿਰੰਕਾਰੀਆਂ ਦੀ ਲੜਕੀ ਸੀ, ਕਹਿੰਦੇ, ਮਿੱਠਾ ਪਾਣੀ ਕਿਉਂ ਪੀਂਦੀਆਂ ਹੋ, ਵਾਇ ਹੋ ਜਾਏਗੀ। ਉਹਦੇ ਵਿਚ ਕੁਛ ਆਉਂਦਾ ਸੀ। ਉਥੇ ਵਿਚ ਹੀ ਕਹਿਣ ਲੱਗ ਗਈ, ਸਿਰ ਘੁੰਮਾਉਣ ਲਗ ਗਈ, ਜਦੋਂ ਚੂਲਾ ਪਾਇਆ ਸੀਸ ਵਿਚ, ਕਹਿੰਦੀ ਮੈਂ ਜਾਨੀ ਆਂ, ਮੈਂ ਜਾਨੀ ਆਂ, ਬਦਰੂਹ ਨੱਠ ਗਈ।

ਇਕ ਨਹੀਂ ਰਾਜ਼ੀ ਹੋਇਆ ਸੈਂਕੜੇ ਰਾਜ਼ੀ ਹੋਏ ਨੇ। ਇਹ ਅੰਮ੍ਰਿਤ ਐਵੇਂ ਨਹੀਂ ਹੈ। ਸੋ ਸਾਧਸੰਗਤ ਜੀ! ਗੁਰੂ ਵਾਲੇ ਬਣੋ, ਗੁਰੂ ਵਾਲੇ ਬਣ ਕੇ ਅੱਜ ਵਿਸਾਖੀ ਸਾਨੂੰ ਚਿਤਾਵਨੀ ਦਿੰਦੀ ਹੈ, ਬਈ ਨਿਗੁਰਾ ਨਾ ਕੋਈ ਵੀ ਰਹੋ, ਗੁਰੂ ਧਾਰਨ ਕਰੋ। ਸਾਡੇ ਘਰ ਅੰਦਰ, ਗੁਰੂ ਨਾਨਕ ਦੇ ਘਰ ਦੇ ਅੰਦਰ, ਗੁਰੂ ਐਵੇਂ ਹੀ ਧਾਰਿਆ ਜਾਂਦਾ ਹੈ ਕਿ ਪਹਿਲਾਂ ਅੰਮ੍ਰਿਤ ਛਕੋ, ਪੰਜ ਪਿਆਰੇ ਫੇਰ ਨਾਮ ਦੀ ਦਾਤ ਦਿੰਦੇ ਨੇ। ਉਹ ਨਾਮ ਦੀ ਕਮਾਈ ਕਰੋ, ਕਮਾਈ ਕਰਕੇ ਅਸੀਂ ਦਰਜਾ-ਬ-ਦਰਜਾ ਉਪਰ ਚਲਦੇ-ਚਲਦੇ ਅਖੀਰ ਪ੍ਰਭੂ ਵਿਚ ਲੀਨ ਹੋ ਜਾਂਦੇ ਹਾਂ। ਸੋ ਇਹ ਖਾਲਸਾ ਆਦਰਸ਼ ਅੱਜ ਦੇ ਦਿਨ ਪ੍ਰਗਟ ਹੋਇਆ। ਤੁਸੀਂ ਭਾਗਾਂ ਵਾਲੇ ਓਂ ਕਿ ਆਪਣਾ ਹੀ ਜਨਮ ਦਿਨ ਮਨਾਉਣ ਵਾਸਤੇ ਕੋਈ ਸੌ ਮੀਲ ਤੋਂ ਆਇਆ ਹੈ, ਕੋਈ ਦੋ ਸੌ ਮੀਲ ਤੋਂ ਆਇਆ ਹੈ। ਅੱਜ ਗੁਰੂ ਵਾਲੇ ਬਣ ਕੇ ਜਾਇਓ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

***********

# ਟੂਟੀ ਗਾਢਨਹਾਰ ਗੋਪਾਲ

*ਸੰਤ ਬਾਬਾ ਹਰਪਾਲ ਸਿੰਘ ਜੀ*

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਰਹਾਉ ॥*
*ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨ ॥*
*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥੩॥*
*ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ ੪ ॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ ॥ ੫ ॥*
*ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥*
*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ ॥ ੬ ॥*
*ਰਾਜ ਲੀਲਾ ਰਾਜਨ ਕੀ ਰਚਨਾ*
*ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ੭ ॥*
*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥*
*ਤੇਰੋ ਸੇਵਕੁ ਇਹ ਰੰਗਿ ਮਾਤਾ ॥*
*ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ*
*ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਅੰਗ - ੬੪੧*

ਪਰਮ ਸਤਿਕਾਰਯੋਗ ਗੁਰੂ ਦਰਬਾਰ ਵਿਚ ਸਜ ਬੈਠੀ ਪਿਆਰੀ ਸਾਧਸੰਗਤ ਜੀ! ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕਣ ਦਾ ਯਤਨ ਕਰੀਏ। ਚਿੱਤ ਬਿਰਤੀਆਂ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ - 'ਸਤਿਨਾਮੁ ਸ੍ਰੀ ਵਾਹਿਗੁਰੂ।' ਗੁਰੂ ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਹੋਈ, ਸਾਨੂੰ ਇਹ ਸੰਧਿਆਂ ਵੇਲੇ ਦੇ ਸਤਿਸੰਗ ਦੇ ਅੰਦਰ, ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੋਇਆ। ਹੁਣੇ ਤੁਸੀਂ ਬਹੁਤ ਪਿਆਰ ਵਾਲੇ ਪ੍ਰਬੰਧਕਾਂ ਪਾਸੋਂ ਸੁਣ ਰਹੇ ਸੀ ਕਿ ਇਸ ਪਾਵਨ ਅਸਥਾਨ 'ਤੇ ਅੱਜ ਬੱਚੀਆਂ ਦੀ ਲੋਹੜੀ ਮਨਾ ਰਹੇ ਨੇ, ਪੁੱਤਰਾਂ ਦੀ ਲੋਹੜੀ ਤਾਂ ਮਨਾਉਂਦੇ ਹੀ ਨੇ ਸਭ, ਪਰ ਬੱਚੀਆਂ ਦੀ ਲੋਹੜੀ ਮਨਾਉਣੀ ਇਹ ਇਕ ਤਰ੍ਹਾਂ ਦਾ ਇਥੇ ਪ੍ਰਤੀਕ ਹੈ -

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਅੰਗ - ੪੭੩*

ਜਿੱਥੇ ਪੁੱਤਰ ਆਉਣ 'ਤੇ ਖੁਸ਼ੀ ਮਨਾਉਂਦੇ ਹਨ, ਪੁੱਤਰੀ ਦੀ ਵੀ ਇਹ ਖੁਸ਼ੀ, ਬਖਸ਼ਿਸ਼ ਗੁਰੂ ਘਰ ਤੋਂ ਪਿਆਰ ਭੇਟ ਬਖਸ਼ੀ ਜਾ ਰਹੀ ਹੈ। ਸੋ ਬਹੁਤ ਹੀ ਸੁਹਾਵਣਾ ਉਦਮ ਹੈ ਕਿਉਂਕਿ ਅੱਜ ਸਾਡੇ ਸਮਾਜ ਦੇ ਵਿਚ ਬਹੁਤ ਵੱਡੀ ਕੁਰੀਤੀ ਹੈ। ਚਾਰ ਵੱਡੇ ਕਿਲਵਿਖ ਪਾਪ ਹਨ, ਇਹ ਕਦੇ ਉਤਰਦੇ ਨਹੀਂ -

*ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥*
*ਅੰਗ - ੧੪੧੩*

ਇਹ ਜੇ ਨਾਮ ਨਾਲ ਜੁੜੋ, ਪਸ਼ਚਾਤਾਪ ਕਰੋ ਫੇਰ ਜਾ ਕੇ ਕਿਤੇ ਉਤਰਦੇ ਨੇ - ***'ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥' (ਅੰਗ-305)*** ਸਤਿਗੁਰੂ ਸੱਚੇ ਪਾਤਸ਼ਾਹ ਦੀ ਇਹ ਰਹਿਮਤ ਹੈ, ਬਖਸ਼ਿਸ਼ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਦੀ ਚਰਨ ਸ਼ਰਨ 'ਚ ਆ ਕੇ ਜਦੋਂ ਅਸੀਂ ਨਾਮ ਬਾਣੀ ਨਾਲ ਜੁੜਦੇ ਹਾਂ -

*ਬਿਘਨ ਬਿਨਾਸਨ ਸਭਿ ਦੁਖ ਨਾਸਨ*
*ਸਤਿਗੁਰਿ ਨਾਮੁ ਦ੍ਰਿੜਾਇਆ ॥*
*ਖੋਏ ਪਾਪ ਭਏ ਸਭਿ ਪਾਵਨ*
*ਜਨ ਨਾਨਕ ਸੁਖਿ ਘਰਿ ਆਇਆ ॥ ਅੰਗ - ੬੨੨*

ਪਿਛਲੇ ਕਈ ਦਿਨਾਂ ਤੋਂ ਆਪਾਂ ਇਹ ਵਿਚਾਰ ਸ਼ੁਰੂ ਕੀਤੀ ਹੋਈ ਕਿ ਜੋ ਬਹੁਤ ਹੀ ਦਰਦਨਾਕ ਐਸੀਆਂ ਇਤਿਹਾਸਕ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਮਹਾਨ ਸ਼ਹਾਦਤਾਂ, ਸ਼ਹੀਦੀਆਂ ਹੋਈਆਂ। ਆਪਣੀ ਵਿਚਾਰ ਇਥੇ ਚਲਦੀ ਆਈ ਸੀ ਕਿ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਮਹਾਰਾਜ ਜੀ ਦੇ ਜਦੋਂ ਇਹ ਬਚਨ ਹੋਏ ਕਿ ਸਰਹੰਦ ਦੇ ਵਿਚ ਬਹੁਤ ਵੱਡਾ ਦਰਦਨਾਕ ਸਾਕਾ ਹੋਇਆ ਤੇ ਇਸਦੀ ਇੱਟ ਨਾਲ ਇੱਟ ਖੜਕੇਗੀ ਤੇ ਕਾਈ (ਘਾਹ) ਦਾ ਬੂਟਾ ਪੁੱਟਣ ਦੇ ਨਾਲ ਹੀ ਇਹ ਬਚਨ ਆਏ ਕਿ ਇਹ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ। ਹੁਣ ਸਾਰੇ ਗੱਲ ਫੈਲ ਗਈ। ਕਿਉਂਕਿ ਬਚਨ ਅਟੱਲ ਹਨ।

ਅੱਜ ਸਾਧੂ ਦਿਆਲਪੁਰੀ ਜਿਸ ਦਾ ਸਰਹੰਦ ਦੇ ਵਿਚ ਅਸਥਾਨ ਸੀ। ਗੁਰੂ ਚਰਨਾਂ 'ਚ ਆਉਂਦਾ ਹੈ, ਬੇਨਤੀਆਂ ਕਰਦਾ ਹੈ। ਪਾਤਸ਼ਾਹ! ਅਸੀਂ ਕਮਜ਼ੋਰ ਹਾਂ, ਪੂਜਾ ਦੇ ਧਾਨ ਦਾ ਅਸਰ ਹੈ। ਨਹੀਂ ਕੋਈ ਹਾਅ ਦਾ ਨਾਹਰਾ ਮਾਰ ਸਕੇ। ਪਰ ਹੁਣ ਤੁਸੀਂ ਰੱਖ ਲਓ ਸਾਨੂੰ। ਤੁਹਾਡੀ ਚਰਨ ਸ਼ਰਨ 'ਚ ਆਏ ਹਾਂ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - ੫੪੪*

ਪਾਤਸ਼ਾਹ ਕਹਿੰਦੇ, ਸਾਧੂ ਰਾਮਾ! ਤੂੰ ਜਾ ਕੇ ਆਹ ਸੰਖ ਵਜਾਈਂ, ਜਿਥੋਂ ਤੱਕ ਆਵਾਜ਼ ਆਵੇਗੀ, ਇਹ ਸਰਹੰਦ ਵਸਦੀ ਰਹੇਗੀ। ਇਸੇ ਤਰ੍ਹਾਂ ਰਾਏ ਕੱਲੇ ਨੂੰ ਵੀ ਬਖਸ਼ਿਸ਼ਾਂ ਕਰਦੇ ਹਨ। ਉਹ ਕਹਿਣ ਲੱਗਿਆ, ਮੈਂ ਇਸੇ ਦਾ ਹਿੱਸਾ

ਹਾਂ। ਮੇਰੇ ਉਤੇ ਕ੍ਰਿਪਾ ਕਰੋ। ਪਾਤਸ਼ਾਹ ਆਪਣੇ ਅੰਗਾਂ ਨਾਲ ਸਪਰਸ਼ ਕੀਤੀ ਹੋਈ, ਖਾਲਸਈ ਕ੍ਰਿਪਾਨ ਬਖਸ਼ਿਸ਼ ਕਰਦੇ ਹਨ ਕਿ ਇਹਦੀ ਇਹ ਆਨ ਤੇ ਸ਼ਾਨ ਤੁਸੀਂ ਕਾਇਮ ਰੱਖਣੀ ਹੈ। ਜਦੋਂ ਤੱਕ ਇਹਦੀ ਸ਼ਾਨ ਕਾਇਮ ਰੱਖੋਂਗੇ, ਸਤਿਕਾਰ ਕਰੋਂਗੇ, ਤੁਹਾਡਾ ਰਾਜ ਭਾਗ ਕਾਇਮ ਰਹੇਗਾ। ਪਰ ਸਮੇਂ ਨਾਲ ਭੁੱਲ ਪੈ ਜਾਂਦੀ ਹੈ। ਰਾਏ ਕੱਲੇ ਦਾ ਪੁੱਤਰ, ਜਦੋਂ ਕਾਜ਼ੀਆਂ ਨੇ ਕਿਹਾ ਕੋਈ ਨਹੀਂ ਇਹ ਕੋਈ ਖਾਸ ਨਹੀਂ। ਸ਼ਿਕਾਰ ਖੇਡਣ ਜਾਂਦਾ ਹੈ, ਉਸੇ ਕ੍ਰਿਪਾਨ ਨਾਲ, ਇਸ ਤਰ੍ਹਾਂ ਬੇਅਦਬੀ ਹੋਣ ਕਾਰਨ, ਇਹਦਾ ਵੀ ਇਸ ਤਰ੍ਹਾਂ ਹਾਲ ਹੋਇਆ। ਪਾਤਸ਼ਾਹ ਜੀ ਨੇ ਜਿਹੜੇ ਹਾਅ ਦਾ ਨਾਹਰਾ ਮਾਰਨ ਵਾਲੇ ਮਲੇਰਕੋਟਲੇ ਵਾਲੇ, ਅੱਜ ਤੱਕ ਉਹ ਹਸਦੇ ਵਸਦੇ ਹਨ। ਬਾਕੀਆਂ ਦੇ ਤਾਂ ਰਾਜ ਦਾ ਨਾਮ-ਨਿਸ਼ਾਨ ਕਾਇਮ ਨਹੀਂ ਰਿਹਾ।

ਅੱਜ ਗੁਰੂ ਪਾਤਸ਼ਾਹ ਜੀ ਜਗ੍ਹਾ-ਜਗ੍ਹਾ 'ਤੇ ਭਾਗ ਲਾਉਂਦੇ ਹੋਏ, ਦੀਨੇ ਕਾਂਗੜ ਪਹੁੰਚਦੇ ਹਨ। ਉਥੇ ਭਾਈ ਜੋਧ ਦੇ ਤਿੰਨ ਪੋਤਰੇ ਹਨ। ਭਾਈ ਜੋਧ ਉਹ ਗੁਰਸਿੱਖ ਸੀ ਜਿਸਨੇ ਆਪਣੀ ਫੌਜ ਲੈ ਕੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਪਾਤਸ਼ਾਹ ਜੀ ਦੇ ਓਸ ਮਹਾਨ ਘੋਰ ਸੰਗਰਾਮ ਯੁੱਧ ਜੋ ਕਿ ਉਨ੍ਹਾਂ 'ਤੇ ਜੇ ਕੋਈ ਚੜ੍ਹ ਕੇ ਆਉਂਦਾ ਤਾਂ ਜਵਾਬ ਦਿਤਾ ਜਾਂਦਾ। ਚਾਰ ਯੁੱਧ ਕੀਤੇ। ਚਾਰੋ ਹੀ ਫਤਿਹ ਹੋਏ। ਸਵੇਰੇ ਸ਼ੁਰੂ ਹੁੰਦਾ ਸ਼ਾਮ ਤੱਕ ਫਤਹਿ ਹੋ ਜਾਂਦੀ। ਸੋ ਉਥੇ ਵੀ ਇਹ ਸੇਵਾ ਇਨ੍ਹਾਂ ਦੇ ਬਜ਼ੁਰਗਾਂ ਨੇ ਕੀਤੀ ਸੀ, ਅੱਜ -

*ਸੇਵਕ ਕਉ ਸੇਵਾ ਬਨਿ ਆਈ ॥* *ਅੰਗ - ੨੯੨*

ਗੁਰੂ ਪਾਤਸ਼ਾਹ ਜੀ ਮਹਾਰਾਜ! ਕਿੱਥੇ ਬਿਰਾਜਮਾਨ ਹੁੰਦੇ ਹਨ ਇਨ੍ਹਾਂ ਦੇ ਪਿਆਰ ਵਿਚ? ਗੁਰੂ ਮਹਾਰਾਜ ਜੀ ਅੱਜ ਇਨ੍ਹਾਂ ਦੇ ਗ੍ਰਹਿ ਭਾਗ ਲਾਉਂਦੇ ਹਨ। ਬਹੁਤ ਸੋਹਣਾ ਚੁਬਾਰਾ ਹੈ ਭਾਈ ਦੇਸੂ ਦਾ ਜੋ ਕਿ ਲੱਕੜ ਦਾ ਕੰਮ ਕਰਦੇ ਹਨ ਕਿ ਗੁਰੂ ਮਹਾਰਾਜ ਜਿੱਥੇ ਵੀ ਬੈਠੇ ਧਰਤੀ ਨੂੰ ਸਾਹਿਬੀ ਪ੍ਰਾਪਤ ਹੋਈ, ਭਾਗ ਲਗ ਗਏ।

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥*
*ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥*
*ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥*
*ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥*
*ਅੰਗ - ੪੫੦*

ਹੁਣ ਇਹ ਤਿੰਨ ਭਰਾ - ਭਾਈ ਸ਼ਮੀਰ, ਭਾਈ ਲਖਮੀਰ ਤੇ ਭਾਈ ਤਖਤ ਮੱਲ। ਗੁਰੂ ਸੇਵਾ ਦੇ ਵਿਚ ਹਾਜ਼ਰ ਰਹਿੰਦੇ ਹਨ। ਸੰਗਤਾਂ ਦੂਰ-ਦਰਾਜ਼ ਤੋਂ ਪਹੁੰਚਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸ੍ਰੀ ਅਨੰਦਪੁਰ ਸਾਹਿਬ ਵਾਲੀਆਂ ਰੌਣਕਾਂ, ਕੋਈ ਸ਼ਸਤਰ ਲਿਆ ਰਹੇ ਨੇ, ਕੋਈ ਸੋਹਣਾ ਘੋੜਾ, ਕੋਈ ਜਵਾਨੀਆਂ ਆਪਣੀਆਂ ਸਮਰਪਿਤ ਕਰ ਰਿਹਾ ਹੈ। ਜੰਗਲ ਦੀ ਅੱਗ ਵਾਂਗੂੰ ਸਾਰੇ ਗੱਲ ਫੈਲ ਜਾਂਦੀ ਹੈ ਕਿ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਮਹਾਰਾਜ ਨੇ ਸਾਰਾ ਹੀ ਸਰਬੰਸ ਵਾਰ ਦਿਤਾ। ਕਿੰਨੀ ਵੱਡੀ ਕੁਰਬਾਨੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਇਨ੍ਹਾਂ ਦੇ ਉਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਵਰਤਦੀਆਂ ਹਨ। ਭਾਵੇਂ ਇਨ੍ਹਾਂ ਦਾ ਮਾਮਾ ਜੋ ਸੀ ਉਹ ਪੰਜ ਪੀਰਾਂ ਨੂੰ ਮੰਨਣ ਵਾਲਾ ਸੀ। ਉਹਨੇ ਨਾ ਤਾਂ ਗੁਰੂ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ, ਘਰ 'ਚ ਨਾਲੇ ਆਏ ਹੋਏ ਸਨ। ਉਹ ਸਦਾ ਹੀ ਇਨ੍ਹਾਂ ਨੂੰ ਉਲਟੀ ਮੱਤ ਦਿੰਦਾ ਸੀ।

ਅੱਜ ਗੁਰੂ ਘਰ ਦੇ ਬਹੁਤ ਹੀ ਪਿਆਰ ਵਾਲੇ ਭਾਈ ਭਗਤੂ ਜੀ ਦੀ ਅੰਸ ਵੰਸ 'ਚੋਂ ਭਾਈ ਦਿਆਲਦਾਸ ਜੀ ਆਉਂਦੇ ਹਨ। ਬਹੁਤ ਸੋਹਣਾ ਪੁਸ਼ਾਕਾ ਭੇਟ ਕਰਦੇ ਹਨ। ਗੁਰੂ ਪਾਤਸ਼ਾਹ ਕਹਿੰਦੇ ਪਿਆਰਿਆ! ਇਹ ਤੇਰੀ ਪ੍ਰੇਮ ਭੇਟ ਪ੍ਰਵਾਨ ਹੋਈ ਤੇ ਅੱਗੇ ਬਖਸ਼ਿਸ਼ ਸਤਿਗੁਰੂ ਜੀ ਕਰ ਰਹੇ ਹਨ, ਭਾਈ ਸ਼ਮੀਰ ਨੂੰ ਕਿ ਤੂੰ ਸੇਵਾ ਕਰਦਾ ਹੈਂ, ਸੇਵਾ ਨੇ ਫਲ ਦੇਣਾ ਹੈ -

*ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥*
*ਅੰਗ - ੫੨*

ਸੇਵਾ ਦੀਨ ਦੁਨੀਆਂ ਦੇ ਚਾਰੋਂ ਪਦਾਰਥ ਬਖਸ਼ਿਸ਼ ਕਰ ਦਿੰਦੀ ਹੈ।

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*
*ਜੇ ਕੋ ਆਪੁਨੀ ਸੋਭਾ ਲੋਰੈ ॥*
*ਸਾਧਸੰਗਿ ਇਹ ਹਉਮੈ ਛੋਰੈ ॥*
*ਜੇ ਕੋ ਜਨਮ ਮਰਣ ਤੇ ਡਰੈ ॥*
*ਸਾਧ ਜਨਾ ਕੀ ਸਰਨੀ ਪਰੈ ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥* *ਅੰਗ - ੨੬੬*

ਹੁਣ ਗੁਰੂ ਦਾ ਮਿਲਾਪ, ਸੰਗਤਾਂ ਦੀ ਸੇਵਾ। ਸੰਗਤਾਂ ਦੀ ਸੇਵਾ ਨਾਲ ਚਾਰੋ ਪਦਾਰਥ ਜਿਹੜੇ ਹਨ - ਧਰਮ, ਅਰਥ, ਕਾਮ, ਮੋਖਸ਼ ਇਨ੍ਹਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸ਼ੁਭ ਕਾਮਨਾਵਾਂ ਦੀ ਪੂਰਤੀ, ਆਰਥਿਕ ਪੱਖੋਂ ਮਜ਼ਬੂਤ, ਧਰਮ ਦੇ ਨਾਲ ਰਿਸ਼ਤਾ ਤੇ ਇਸ ਤਰ੍ਹਾਂ ਨਾਲ ਚਾਰ ਪਦਾਰਥ ਨੇ। ਆਖਰੀ ਹੈ ਮੋਖਸ਼, ਜਿਥੇ ਜਾ ਕੇ ਸਾਰੇ ਹੀ ਦੁੱਖ ਮੁੱਕ ਜਾਂਦੇ ਨੇ। ਪਰਮ ਆਪੇ 'ਚ ਵਿਲੀਨ ਹੋ ਜਾਈਦਾ ਹੈ ਤੇ ਸਤਿਗੁਰੂ ਜੀ ਕੋਲ ਤਾਂ ਫਲਾਂ ਦੀ ਗਿਣਤੀ ਹੀ ਨਹੀਂ।

ਕਹਿਣ ਲੱਗੇ, ਭਾਈ ਸ਼ਮੀਰ ਤੇਰੀ ਇਹ ਸੇਵਾ ਤੋਂ ਅਸੀਂ ਖੁਸ਼ ਹਾਂ ਤੇ ਤੂੰ ਇਉਂ ਕਰ ਆਹ ਘੋੜਾ ਲੈ ਜਾ ਤੇ ਵਸਤਰ ਪਹਿਨ ਲੈ ਤੇ ਜਿੱਥੋਂ ਤੱਕ ਵੀ ਤੂੰ ਘੋੜਾ ਆਪਣਾ ਘੁੰਮਾ ਲਏਂਗਾ, ਉਥੋਂ ਤੱਕ ਤੇਰਾ ਰਾਜ ਭਾਗ ਕਾਇਮ ਹੋ ਜਾਵੇਗਾ। ਬੜੀ ਖੁਸ਼ੀ ਮਿਲੀ, ਘਰ ਗਿਆ, ਦੱਸਿਆ, ਖੁਸ਼ੀ ਸਾਂਝੀ ਕੀਤੀ। ਪਰ ਇਹਦਾ ਜਿਹੜਾ ਮਾਮਾ ਸੀ ਉਹ ਕਹਿਣ ਲੱਗਿਆ, ਓ ਭਲਿਆ! ਇਹ ਗੁਰੂ ਜੇ ਇਸ ਤਰ੍ਹਾਂ ਹੀ ਹੁੰਦਾ ਤਾਂ ਆਪਣਾ ਵੀ ਸਾਰਾ ਰਾਜ ਭਾਗ, ਅਨੰਦਪੁਰ ਸਾਹਿਬ ਵਾਰ ਦਿਤਾ। ਇਨ੍ਹਾਂ ਕੋਲ ਤਾਂ ਰਿਹਾ ਨਹੀਂ। ਤੈਨੂੰ ਕਿੱਥੋਂ ਦੇ ਦੇਣਗੇ। ਮਨ 'ਤੇ ਅਸਰ ਹੋ ਜਾਂਦਾ ਹੈ ਚਾਹੇ ਕੋਈ ਵੀ ਹੋਵੇ ਕਿਉਂਕਿ ਕੁਸੰਗਤ ਦਾ ਅਸਰ ਹੈ।

ਦੂਜੇ ਪਾਸੇ ਇਹਦੇ ਭਰਾ ਨੇ ਜੋ ਉਹ ਬੜੇ ਸ਼ਰਧਾਵਾਨ

ਸੀ। ਭਾਈ ਜੋਧ ਦੀ ਅੰਸ ਵੰਸ ਹਨ। ਏਧਰੋਂ ਜਦੋਂ ਸੂਬਾ ਵਜ਼ੀਰ ਖਾਨ ਨੂੰ ਪਤਾ ਲੱਗਿਆ, ਸਰਹੰਦ ਕਿ ਗੁਰੂ ਤਾਂ ਚਮਕੌਰ ਸਾਹਿਬ ਦੀ ਗੜ੍ਹੀ ਦੇ ਵਿਚੋਂ ਨਿਕਲ ਗਏ ਹਨ, ਇਥੇ ਭਾਈ ਚੌਧਰੀ ਸ਼ਮੀਰ ਕੋਲ ਹਨ ਤਾਂ ਉਹ ਚਿੱਠੀ ਲਿਖਦਾ ਹੈ ਕਿ ਤੈਨੂੰ ਬਹੁਤ ਵੱਡਾ ਇਨਾਮ ਮਿਲੇਗਾ। ਤੂੰ ਇਨ੍ਹਾਂ ਨੂੰ ਗ੍ਰਿਫਤਾਰ ਕਰਾ। ਪਰ ਇਹ ਸ਼ਰਧਾਵਾਨ ਭਰਾ ਕਹਿੰਦੇ ਕਿ ਗੁਰੂ ਨੇ ਜੋ ਸਾਡੇ 'ਤੇ ਕ੍ਰਿਪਾ ਕੀਤੀ ਹੈ, ਉਨ੍ਹਾਂ ਨੇ ਚਰਨ ਪਾਏ ਹਨ, ਸਾਰੀ ਰਿਆਇਆ ਦਾ ਬੱਚਾ-ਬੱਚਾ ਉਨ੍ਹਾਂ ਉਤੇ ਕੁਰਬਾਨ ਹੋਏਗਾ, ਇਹ ਕਦਾਚਿਤ ਵੀ ਨਹੀਂ ਹੋ ਸਕਦਾ ਕਿ ਅਸੀਂ ਗੁਰੂ ਸਾਹਿਬ ਨੂੰ ਤੁਹਾਨੂੰ ਦੇ ਦੇਈਏ। ਕਰਾਰਾ ਜਵਾਬ ਦੇ ਦਿਤਾ, ਇਹ ਗੁਰੂ ਜੀ ਦੀ ਸੰਗਤ ਦਾ ਅਸਰ ਸੀ।

ਇਧਰ ਇਨ੍ਹਾਂ ਦਾ ਮਾਮਾ ਐਸਾ ਹੈ ਉਹ ਉਲਟੀ ਗੱਲ ਕਰਦਾ ਹੈ। ਕਹਿੰਦਾ, ਚੱਲ ਜੇ ਤੈਨੂੰ ਜ਼ਿਆਦਾ ਹੀ ਹੈ, ਪਿੰਡ ਦੇ ਦੁਆਲੇ ਹੀ ਘੋੜਾ ਘੁਮਾ ਲੈ ਇਹਦੇ 'ਚ ਐਨਾ ਤਾਂ ਤੇਰਾ ਹੀ ਹੋਏਗਾ। ਸਰਾਪ ਤੋਂ ਬਚਾਂਗੇ, ਖੁਸ਼ੀ ਲੈ ਲੈ, ਚੱਲ ਐਨਾ ਕੁ ਕਰ ਲੈ।

ਗੁਰੂ ਮਹਾਰਾਜ ਪਰਖ ਰਹੇ ਸੀ ਕਸਵੱਟੀ ਲਾ ਕੇ ਕਿ ਕਿੰਨੀ ਕੁ ਇਹਦੇ ਅੰਦਰ ਨਿਰਭੈਤਾ ਆਈ ਹੈ ਕਿਉਂਕਿ ਓਧਰੋਂ ਤਾਂ ਤਿਆਰੀਆਂ ਹੋ ਰਹੀਆਂ ਹਨ, ਫੌਜਾਂ ਚੜ੍ਹ ਕੇ ਆਉਣਗੀਆਂ। ਜਦੋਂ ਉਹ ਪਿੰਡ ਦੇ ਦੁਆਲੇ ਘੋੜਾ ਫੇਰ ਕੇ ਆ ਗਿਆ। ਮਹਾਰਾਜ ਜੀ ਸਮਝ ਗਏ ਕਿ ਇਹਦੇ ਉਤੇ ਕੁਸੰਗ ਦਾ ਅਜੇ ਅਸਰ ਹੈ। ਹੁਣ ਫੇਰ ਗੁਰੂ ਪਾਤਸ਼ਾਹ ਜੀ ਦੇ ਚਰਨਾਂ 'ਚ ਆ ਕੇ ਪਛਤਾਵਾ ਕਰਦਾ ਹੈ। ਪਾਤਸ਼ਾਹ ਜੀ ਨੂੰ ਆਪ ਪ੍ਰਸ਼ਾਦ ਪਾਣੀ ਛਕਾਉਂਦਾ ਹੈ। ਅੱਜ ਜਦੋਂ ਸ਼ੀਤ ਪ੍ਰਸ਼ਾਦ ਇਸ ਨੇ ਮੰਗ ਕੀਤੀ, ਇਸ ਦੀ ਭਾਵਨਾ ਨੂੰ ਫਲ ਲਾਇਆ ਪਰ ਇਸ ਬਾਰੇ ਵੀ ਮਾਮਾ ਕਹਿੰਦਾ ਕਿ ਇਹਨੂੰ ਤਾਂ ਕਿੱਥੇ ਛਕਾਂਗੇ, ਮਿੱਟੀ 'ਚ ਦਬਾ ਦਿੰਦਾ ਹੈ। ਇਸ ਤਰ੍ਹਾਂ ਦੇ ਕੁਸੰਗ ਵੀ ਨਾਲ ਹੀ ਚਲਦੀ ਹੈ।

ਜਿਥੇ ਧੰਨ ਗੁਰੂ ਗੋਬਿੰਦ ਸਿੰਘ ਜੀ ਨਿਰਭੈਤਾ ਦਾ ਸਬਕ ਦ੍ਰਿੜ੍ਹ ਕਰਵਾ ਰਹੇ ਹਨ ਸਤਿਸੰਗ ਤੇ ਦੂਜੇ ਪਾਸੇ ਕੁਸੰਗ ਹੈ, ਜਿਹਦੇ ਬਾਰੇ ਬਾਣੀ ਐਸਾ ਕਹਿੰਦੀ ਹੈ -

*ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥*

*ਅੰਗ - ੧੩੬੯*

ਹੁਣ ਸਤਿਗੁਰੂ ਸੱਚੇ ਪਾਤਸ਼ਾਹ ਜੀ ਮਹਾਰਾਜ ਕ੍ਰਿਪਾ ਕਰਦੇ ਹਨ -

*ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥*
*ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥*

*ਅੰਗ - ੧੧੦੨*

ਦਸ਼ਮੇਸ਼ ਪਿਤਾ ਮਹਾਰਾਜ ਬਖਸ਼ਿਸ਼ਾਂ ਕਰਦੇ ਜਾਂਦੇ ਹਨ। ਇਸ ਤੋਂ ਅੱਗੇ ਚਾਲੇ ਪਾਉਂਦੇ ਹਨ। ਇਥੋਂ ਹੀ ਜਿਹਨੂੰ ਜ਼ਫਰਨਾਮਾ, ਫਤਹਿਨਾਮਾ ਕਹਿੰਦੇ ਹਨ, ਔਰੰਗਜ਼ੇਬ ਨੂੰ ਲਿਖਦੇ ਹਨ। ਭਾਈ ਦਇਆ ਸਿੰਘ ਜੀ ਦੱਖਣ ਵਲ ਨੂੰ ਚਾਲੇ ਪਾਉਂਦੇ ਹਨ। ਉਥੇ ਔਰੰਗਾਬਾਦ ਦੱਖਣ ਦੇ ਵਿਚ ਪਹੁੰਚ ਕੇ ਔਰੰਗਜ਼ੇਬ ਨੂੰ ਜ਼ਫਰਨਾਮੇ ਦਾ ਪੱਤਰ ਦਿੰਦੇ ਹਨ। ਉਹ ਉਸ ਸੱਚ ਨੂੰ ਪੜ੍ਹ ਕੇ, ਇਖਲਾਕ ਦੀ ਜਿੱਤ ਸਾਰਾ ਉਸ ਵਿਚ ਦਰਸਾਇਆ ਸੀ ਕਿਵੇਂ ਇਹ ਧੋਖਾ ਕੀਤਾ, ਫਰੇਬ ਹੋਇਆ, ਤੂੰ ਆਪਣੇ ਆਪ 'ਚ ਕਿੰਨਾ ਵੀ ਮਜ਼ਬੀ ਹੈਂ ਪਰ ਤੇਰੇ ਰਾਜ ਦੇ ਵਿਚ ਇਹ ਧੋਖਾ ਕੀਤਾ ਤੂੰ, ਇਹ ਤੇਰੀ ਇਖਲਾਕੀ ਹਾਰ ਹੈ। 88 ਸਾਲ ਦੀ ਉਮਰ ਸੀ ਉਸ ਦੀ, ਉਹ ਬਜ਼ੁਰਗ ਸੀ, ਉਧਰ ਸ਼ਿਵਾ ਜੀ ਮਰਹੱਟੇ ਨਾਲ ਜੰਗ-ਯੁੱਧ ਕਰਦਾ ਸੀ ਤੇ ਉਥੇ ਫੇਰ ਇਸ ਦੇ ਪਾਪ ਕੰਬਣ ਲੱਗੇ। ਭਾਈ ਦਇਆ ਸਿੰਘ ਜੀ ਜਦੋਂ ਮਿਲੇ ਸ਼ਸਤਰਧਾਰੀ ਹਨ, ਨਾਲ ਇਕ ਕੁੱਤਾ ਹੈ। ਇਹ ਕਹਿਣ ਲੱਗਿਆ ਕਿ ਗੁਰੂ ਪਾਤਸ਼ਾਹ ਜੀ ਨੇ ਬੜੀ ਕਾਹਲੀ ਕੀਤੀ ਖਾਲਸਾ ਸਜਾਉਣ 'ਚ। ਕਹਿੰਦੇ, ਤੂੰ ਵੀ ਕਾਹਲੀ ਕੀਤੀ ਕਿ ਮੈਂ ਇਥੇ ਸਾਰੇ ਹੀ ਇਸਲਾਮ ਫੈਲਾ ਦੇਣਾ ਹੈ। ਗੁਰੂ ਜੀ ਨੇ ਤਾਂ ਜ਼ੁਲਮ ਦੇ ਵਾਸਤੇ ਆਪਣਾ ਸਾਰਾ ਸਰਬੰਸ ਕੁਰਬਾਨ ਕੀਤਾ। ਕਹਿੰਦੇ, ਤਾਕਤ ਤਾਂ ਗੁਰੂ ਘਰ ਦੇ ਕੂਕਰਾਂ ਵਿਚ ਵੀ ਹੈ।

ਭਾਈ ਸਾਹਿਬ ਭਾਈ ਦਇਆ ਸਿੰਘ ਜੀ ਪੰਜ ਪਿਆਰਿਆਂ ਦੇ ਜਥੇਦਾਰ, ਮੁਖੀ ਜਿਨ੍ਹਾਂ ਨੇ ਗੁਰੂ ਪਿਆਰ 'ਚ ਸਭ ਤੋਂ ਪਹਿਲਾਂ ਸੀਸ ਅਰਪਣ ਕੀਤਾ। ਹੁਣ ਕੂਕਰ ਦੇ ਸੀਸ 'ਤੇ ਤੀਰ ਲਾਉਂਦੇ ਹਨ, ਤਾਂ ਉਹ ਵੀ ਉਹਦੇ ਵਾਂਗੂੰ ਬੋਲਣਾ ਸ਼ੁਰੂ ਕਰ ਦਿੰਦਾ ਹੈ ਕਿ ਔਰੰਗਜ਼ੇਬ ਤੂੰ ਆਪਣੇ ਭਰਾ ਮਰਵਾ ਦਿਤੇ, ਪਿਤਾ ਨੂੰ ਕੈਦ ਕਰ ਲਿਆ ਸ਼ਾਹਜਹਾਨ ਨੂੰ। ਕਿੰਨਾ ਕੁਛ ਕੀਤਾ ਰਾਜ ਵਾਸਤੇ, ਹੁਣ ਤੂੰ ਤਿਆਰ ਹੋ ਤੇ ਸਾਡੇ ਵਿਚੋਂ ਹੀ ਆਇਆ ਤੇ ਸਾਡੇ ਵਿਚੋਂ ਹੀ ਗਿਆ ਹੈਂ। ਤੋਬਾ-ਤੋਬਾ ਕਰਦਾ ਹੈ, ਕਹਿੰਦਾ ਚੁੱਪ ਹੋ ਗਿਆ। ਇਸ ਤਰ੍ਹਾਂ ਉਹਦੇ ਪਾਪ ਕੰਬਦੇ ਨੇ।

ਹੁਣ ਏਧਰੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਕਪੂਰੇ ਕੋਲ ਆਏ। ਉਹਦਾ ਹੈ ਤਾਂ ਗੁਰੂ ਦੇ ਨਾਲ ਪਿਆਰ ਸੀ। ਪਰ ਅੰਦਰੋਂ ਡਰ ਸੀ। ਕਿਉਂਕਿ ਇਨਸਾਨ ਨੂੰ ਡਰ ਸਦਾ ਹੀ ਸਤਾਉਂਦਾ ਹੈ ਤੇ ਇਹਨੇ ਸਤਿਗੁਰੂ ਦੇ ਚਰਨਾਂ 'ਚ ਬੇਨਤੀ ਕੀਤੀ ਕਿ ਪਾਤਸ਼ਾਹ ਜੀ! ਜੇ ਤੁਸੀਂ ਇਸ ਕਿਲ੍ਹੇ ਦੇ ਵਿਚ ਰਹਿ ਗਏ ਤਾਂ ਮੈਨੂੰ ਤਾਂ ਫਾਹੇ ਟੰਗ ਦੇਣਗੇ, ਫਾਂਸੀ ਚੜ੍ਹਾ ਦੇਣਗੇ। ਪਾਤਸ਼ਾਹ ਕਹਿਣ ਲੱਗੇ ਕਿ ਤੇਰੇ ਅੰਦਰ ਨਿਰਭੈਤਾ ਨਹੀਂ ਹੈ -

*ਨਿਰਭਉ ਜਪੈ ਸਗਲ ਭਉ ਮਿਟੈ ॥* *ਅੰਗ- ੨੯੩*

ਕਿਉਂਕਿ ਡਰ ਇਨਸਾਨ ਨੂੰ ਆਉਂਦੇ ਹਨ, ਇਸੇ ਕਰਕੇ ਡਰਦਾ ਹੈ ਤੇ ਨਾਮ ਨਾਲ ਨਹੀਂ ਜੁੜਦਾ। ਕਹਿੰਦੇ ਤੇਰੇ ਭੈ ਨੇ ਹੀ ਤੈਨੂੰ ਇਹ ਕੰਮ ਕਰਵਾ ਦੇਣਾ ਹੈ।

ਗੁਰੂ ਪਾਤਸ਼ਾਹ ਜੀ ਅੱਗੇ ਚਾਲੇ ਪਾ ਦਿੰਦੇ ਹਨ, ਏਧਰੋਂ ਫੇਰ ਪਿਛੋਂ ਮੁਲਖਈਆ ਆਉਂਦਾ ਹੈ। ਜਦੋਂ ਫੇਰ ਖਿਦਰਾਣੇ ਦੀ ਢਾਬ ਦੇ ਉਤੇ ਪਹੁੰਚਦੇ ਹਨ, ਉਸ ਸਮੇਂ ਵਿਸਾਖ ਦੇ ਦਿਨ ਸਨ, ਗਰਮੀ ਦੇ ਦਿਨ ਸਨ। ਇਥੇ ਆਖਰੀ ਯੁੱਧ ਹੋਇਆ, 14 ਯੁੱਧ ਤਕਰੀਬਨ ਹੋਏ। ਹਰ ਯੁੱਧ 'ਚ ਫਤਿਹ ਹੋਈ। ਇਥੇ ਜਿਹੜੇ ਅਨੰਦਪੁਰ ਸਾਹਿਬ ਦੇ ਵਿਚ ਬੇਦਾਵਾ ਦੇ ਗਏ ਸਨ, ਫੇਰ ਉਹ ਗੁਰੂ ਜੀ ਦੇ ਚਰਨਾਂ ਤੋਂ ਕੁਰਬਾਨ ਹੋ ਜਾਂਦੇ ਹਨ। ਮਾਤਾ ਭਾਗੋ ਜੀ, ਜਿਨ੍ਹਾਂ ਨੂੰ ਮਾਈ ਭਾਗ ਕੌਰ ਜੀ ਦੇ ਨਾਮ ਨਾਲ ਯਾਦ ਕਰਦੇ ਹਨ। ਇਸ ਦਿਨ

ਨੂੰ ਉਨ੍ਹਾਂ ਮੁਕਤਿਆਂ ਦੀ ਯਾਦ ਦੇ ਤੌਰ 'ਤੇ ਮਨਾਉਂਦੇ ਹਨ ਕਿ ਸੱਚੇ ਪਾਤਸ਼ਾਹ ਜੀ -

*ਟੂਟੀ ਗਾਢਨਹਾਰ ਗੁੋਪਾਲ ॥ ਅੰਗ - ੨੮੩*

ਇਨਸਾਨ ਭੁੱਲਦਾ ਹੈ, ਕੁਸੰਗ ਦਾ ਅਸਰ ਹੋ ਜਾਂਦਾ ਹੈ ਤੇ ਇਹ ਕੁਸੰਗ ਡੋਬ ਕੇ ਰੱਖ ਦਿੰਦਾ ਹੈ। ਜਿਹੜਾ ਸਤਿਸੰਗ ਹੈ, ਕਲਜੁਗ ਦਾ ਸਮਾਂ ਹੈ ਪੈਰ-ਪੈਰ 'ਤੇ ਭੁਲਦੇ ਹਾਂ, ਸਤਿਸੰਗ ਦੇ ਵਿਚ ਅੰਤਰੰਗ ਸਾਧਨ ਕਰਨ ਦਾ ਸਾਨੂੰ ਫਾਰਮੂਲਾ ਮਿਲ ਜਾਂਦਾ ਹੈ। ਜੁਗਤ ਪ੍ਰਾਪਤ ਹੋ ਜਾਂਦੀ ਹੈ ਜਿਹਦੇ ਨਾਲ ਅਸੀਂ ਸਭ ਕੁਝ ਕਰਦੇ ਹੋਏ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ ॥ ੨ ॥ ਅੰਗ - ੫੨੨*

ਫੇਰ ਉਹ ਜੁਗਤ ਦੇ ਨਾਲ ਮੁਕਤ ਹੋ ਸਕਦੇ ਹਾਂ, ਸਤਿਸੰਗ ਦੀ ਨਿਸ਼ਾਨੀ ਵੀ ਇਹੀ ਹੁੰਦੀ ਹੈ ਕਿ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਨਾਮ ਦੀ ਜਿੱਥੇ ਵਿਆਖਿਆ ਹੋਵੇ। ਨਾਮ ਸਾਡੇ ਸਾਰਿਆਂ ਦੇ ਅੰਦਰ ਹੈ, ਜੇ ਨਾਮ 'ਚ ਸਾਡੀ ਸਥਿਤੀ ਹੋ ਜਾਵੇ, ਜਿਨ੍ਹਾਂ ਦੀ ਹੋ ਗਈ ਉਹ ਭਾਵੇਂ ਆਰਿਆਂ ਨਾਲ ਤਨ ਚਰਾਏ, ਰੰਬੀਆਂ ਨਾਲ ਖੋਪਰ ਲੁਹਾਏ, ਚਰਖੜੀਆਂ 'ਤੇ ਚੜ੍ਹੇ, ਬੰਦ-ਬੰਦ ਕਟਵਾਏ, ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ, ਸ਼ਹੀਦੀਆਂ ਪਾਈਆਂ, ਮੁਖੋਂ ਸੀ ਨਹੀਂ ਉਚਾਰੀ। ਕੀ ਹੁੰਦਾ ਹੈ? ਉਨ੍ਹਾਂ ਦੇ ਮੁੱਖ ਤੋਂ ਤਾਂ ਉਹ ਮੰਤ੍ਰ ਜਿਹੜਾ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਲਾਜ ਹੈ, ਜਿਸਦੇ ਨਾਲ ਨਾਮ ਤੱਕ ਰੁਸਵਾਈ ਹੋਣੀ ਹੈ, ਉਹ ਮੰਤ੍ਰ ਸਾਰੇ ਦੁੱਖਾਂ, ਸਾਰੇ ਰੋਗਾਂ ਨੂੰ ਦੂਰ ਕਰਨ ਦੇ ਸਮਰੱਥ ਹੈ। ਗੁਰੂ ਨਾਨਕ ਪਾਤਸ਼ਾਹ ਜੀ ਮਹਾਰਾਜ ਕਲਜੁਗ ਦੇ ਸਮੇਂ ਜਦੋਂ ਉਮਰਾਂ ਛੋਟੀਆਂ, ਦਿਲ ਤੇ ਦਿਮਾਗ ਐਨੇ ਤਾਕਤਵਰ ਨਹੀਂ, ਇਸ ਕਰਕੇ ਇਸ ਮੰਤ੍ਰ ਨੂੰ ਲੈ ਕੇ ਆਏ। ਇਸ ਸਮੇਂ 'ਤੇ ਜਿਹੜੇ ਹੋਰ ਕਰਮ ਹਨ, ਐਨੇ ਫਲਦਾਇਕ ਨਹੀਂ-

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥*
*ਅੰਗ - ੬੪੧*

ਹੁਣ ਬਿਬੇਕ ਬੁੱਧ ਦੀ ਮੰਗ ਕੀਤੀ ਹੈ ਕਿ ਇਹਦੇ ਵਿਚਾਰ ਗੁਰਮਤਿ ਦੀ ਕਸਵੱਟੀ 'ਤੇ ਲਾ ਕੇ ਵੇਖੀਏ, ਅੱਜ ਅਸੀਂ ਦੁਖੀ ਕਿਉਂ ਹਾਂ, ਅਸੀਂ ਇਸ ਤੋਂ ਡਰਦੇ ਕਿਉਂ ਹਾਂ। ਕਿਉਂਕਿ ਸਾਡੀ ਰੁਸਵਾਈ ਨਾਮ ਤੱਕ ਨਹੀਂ ਹੈ। ਇਸ ਕਰਕੇ ਬਾਕੀ ਕਰਮਾਂ ਨਾਲੋਂ ਸ੍ਰੇਸ਼ਟ ਕਰਮ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸਾਧਸੰਗਤ ਜੋ ਤੁਸੀਂ ਕਰਦੇ ਓਂ, ਇਹ ਸ੍ਰੇਸ਼ਟ ਕਰਮ ਹੈ ਤੇ ਸਾਰੇ ਦੁੱਖਾਂ ਦਾ ਇਲਾਜ, ਮੰਤ੍ਰ ਜੋ ਗੁਰੂ ਘਰ ਦੇ ਵਿਚ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਦਿੰਦੇ ਹਨ -

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਅੰਗ- ੨੮੭*

ਉਹ ਅੰਮ੍ਰਿਤ ਅਮਰ ਕਰਨ ਵਾਲੀ ਵਸਤੂ ਹੈ। ਅਮ੍ਰਿਤ, ਮ੍ਰਿਤੂ ਤੋਂ ਰਹਿਤ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ - ੫੩੮*

ਇਹ ਜਿਹੜਾ ਨਾਮ ਅੰਮ੍ਰਿਤ ਹੈ 'ਅੰਮ੍ਰਿਤੁ ਹਰਿ ਹਰਿ ਨਾਮੁ ਹੈ' ਉਹ ਜਿਹੜਾ ਨਾਮ ਤੱਕ ਪਹੁੰਚਾਉਣ ਵਾਲਾ ਸਾਧਨ ਹੈ, ਉਹ ਅਸੀਂ ਕਰਨਾ ਹੈ। ਉਹਦੇ ਨਾਲ ਸਾਰੇ ਦੁੱਖ ਰੋਗ ਖਤਮ ਹੋਣਗੇ। 'ਵਾਹਿਗੁਰੂ' ਮੰਤ੍ਰ ਇਹ ਕਿੰਨਾ ਸੁਖਾਲਾ ਹੈ। ਇਹ ਮੰਤ੍ਰ ਸਵਾਸ ਦੇ ਉਤੇ ਆ ਜਾਂਦਾ ਹੈ, ਸਹਜ ਬਣਦਾ ਹੈ, ਅੰਦਰ ਨੂੰ ਸਵਾਸ ਜਾਂਦਾ ਹੈ 'ਵਾਹਿ.....।' ਬਾਹਰ ਨੂੰ ਆਉਂਦਾ ਹੈ 'ਗੁਰੂ.......।'

ਇਸ ਕਰਕੇ ਧੰਨ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਮਹਾਰਾਜ ਜੀ ਨੇ ਇਹ ਪ੍ਰਥਾ ਕਾਇਮ ਕਰ ਦਿਤੀ ਕਿ ਅੰਮ੍ਰਿਤ ਛਕਾਉਣ ਸਮੇਂ ਜਦੋਂ ਪੰਜ ਬਾਣੀਆਂ ਦਾ ਪਾਠ ਜਲ 'ਤੇ ਹੋਇਆ, ਅੰਮ੍ਰਿਤ ਤਿਆਰ ਹੋ ਗਿਆ। ਜਲ 'ਚ ਬਾਣੀ ਦਾ ਅਸਰ, ਉਨ੍ਹਾਂ ਦੀ ਦ੍ਰਿਸ਼ਟੀ ਪੈ ਕੇ। ਉਸ ਸਮੇਂ ਵੀ ਮੂਲਮੰਤ੍ਰ, ਗੁਰ ਮੰਤ੍ਰ ਦ੍ਰਿੜ੍ਹ ਕਰਵਾਉਂਦੇ ਹਨ। ਇਹ ਮੰਤ੍ਰ ਦੀ ਫੇਰ ਕਮਾਈ ਕਿਵੇਂ ਕਰਨੀ ਹੈ। ਗੁਰਮੁਖਾਂ ਦੀ ਸੰਗਤ, ਸਤਿਸੰਗਤ ਕਰਨੀ। ਬਾਕੀ ਕਰਮ ਐਨੇ ਫਲਦਾਇਕ ਨਹੀਂ-

*ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥*
*ਅੰਗ - ੬੪੨*

ਕਈ ਮੋਨੀ ਹੀ ਰਹਿੰਦੇ ਹਨ ਕਿ ਅਸੀਂ ਬੋਲਣਾ ਹੀ ਨਹੀਂ। ਕਹਿੰਦੇ -

*ਬੋਲੈ ਨਾਹੀ ਹੋਇ ਬੈਠਾ ਮੋਨੀ ॥*
*ਅੰਤਰਿ ਕਲਪ ਭਵਾਈਐ ਜੋਨੀ ॥ ਅੰਗ - ੧੩੪੮*

ਅੰਦਰ ਕਲਪਨਾ ਲਗ ਜਾਂਦੀ ਹੈ। ਸ਼ਾਂਤੀ ਨਹੀਂ ਹੁੰਦੀ ਉਹਦੇ ਵਿਚ। 'ਕਰਪਾਤੀ' ਕਿ ਹੱਥਾਂ ਦੇ ਉਤੇ ਹੀ ਲੈ ਕੇ ਛਕਣਾ। ਜੈਨ ਮਾਰਗ ਸੰਜਮ ਅਤਿ ਸਾਧਨ, ਦਿਗੰਬਰ ਨੇ, ਸਿਤੰਬਰ ਨੇ ਉਹ ਹੱਥਾਂ 'ਤੇ ਲੈ ਕੇ ਛਕਦੇ ਨੇ। ਇਸੇ ਤਰ੍ਹਾਂ ਸਾਰੀ ਧਰਤੀ ਦਾ ਭਰਮਣ ਕਰਦੇ ਹਨ ਪਰ ਉਹ ਸ਼ਾਂਤੀ ਤਾਂ ਨਹੀਂ ਨਾ। ਜਿਹੜੀ ਦੁਬਿਧਾ ਪਈ ਹੋਈ ਹੈ, ਦ੍ਵੈਤ ਪਈ ਹੋਈ ਹੈ ਇਹ ਖਤਮ ਨਹੀਂ ਹੁੰਦੀ।

*ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥*
*ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥*
*ਅੰਗ - ੬੪੨*

ਕਾਮਨਾਵਾਂ ਕਿੰਨੀਆਂ ਹਨ, ਭਰਿਆ ਪਿਆ ਹੈ ਮਨ ਤਾਂ। ਤੀਰਥਾਂ 'ਤੇ ਵੀ ਨਿਵਾਸ ਕਰ ਲਿਆ। ਐਸੇ ਕਰਮ ਇਨ੍ਹਾਂ ਨਾਲ ਸ਼ਾਂਤੀ ਨਹੀਂ, ਕਿੰਨੇ ਹੀ ਯਤਨ ਕਰ ਲਓ।

*(ਬਾਕੀ ਪੰਨਾ 62 'ਤੇ)*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-52)*

## ਰਾਗੁ ਗਉੜੀ; ਪੂਰਬੀ ਮਹਲਾ ੪

### ਕਾਮਿ ਕਰੋਧਿ ਨਗਰੁ ਬਹੁ ਭਰਿਆ; ਮਿਲਿ ਸਾਧੂ ਖੰਡਲ ਖੰਡਾ ਹੇ॥

ਹੇ ਭਾਈ! ਤੇਰਾ ਇਹ ਨਗਰੁ=ਸਰੀਰ ਰੂਪੀ ਨਗਰੁ ਵਾ: ਅੰਤਹਕਰਣ ਰੂਪੀ ਪਿੰਡ ਕਾਮਿ=ਵਿਸ਼ੇ-ਵਾਸ਼ਨਾ ਤੇ ਕ੍ਰੋਧਿ=ਗੁੱਸੇ ਨਾਲ ਭਰਿਆ ਪਿਆ ਹੈ। ਇਸ ਲਈ ਸਾਧੂ=ਸਤਿਗੁਰੂ ਵਾ: ਸੰਤ ਜਨਾਂ ਦੇ ਨਾਲ ਮਿਲ ਕੇ ਇਨ੍ਹਾਂ ਵਿਕਾਰਾਂ ਦੇ ਖੰਡਨ=ਸਮੂਹ ਨੂੰ ਖੰਡਾ=ਟੁਕੜੇ ਟੁਕੜੇ ਕਰ ਦੇਹ। ਜੈਸਾ ਕਿ -

*ਇਸ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥* *ਅੰਗ - ੬੦੦*

ਅਥਵਾ ਗਿਆਨ ਰੂਪੀ ਖੰਡਾ ਵਾ: ਵਿਚਾਰ ਰੂਪੀ ਖੰਡਾ ਲੈ ਕੇ ਇਨ੍ਹਾਂ ਕਾਮਾਦਿਕ ਵਿਕਾਰਾਂ ਨੂੰ ਖੰਡਲ=ਨਾਸ ਕਰਨਾ ਕਰ।

### ਪੂਰਬਿ ਲਿਖਤ ਲਿਖੇ, ਗੁਰੁ ਪਾਇਆ; ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥

ਹੇ ਭਾਈ! ਪੂਰਬਲੇ ਕਰਮਾਂ ਦੀ ਲਿਖਤ ਦੇ ਅਨੁਸਾਰ ਐਸੇ ਗੁਰ=ਸਤਿਗੁਰੂ ਨੂੰ ਪਾਇਆ=ਪ੍ਰਾਪਤ ਕੀਤਾ ਹੈ ਜਿਨ੍ਹਾਂ ਨੇ ਸਾਡੇ ਮਨ ਰੂਪੀ ਬਸਤ੍ਰ ਨੂੰ ਹਰਿ=ਪ੍ਰਭੂ ਦੀ ਲਿਵ ਰੂਪੀ ਮੰਡਲ=ਮੱਟੀ ਵਿਚ ਪਾ ਕੇ ਨਾਮ ਦੇ ਰੰਗ ਵਿਚ ਮੰਡਾ=ਰੰਗਣਾ ਕੀਤਾ ਹੈ, ਭੂਖਸਤ ਵਾ:ਸਜਾਉਣਾ ਕੀਤਾ ਹੈ। ਯਥਾ -

*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥*
*ਅੰਗ - ੭੨੨*

ਅਥਵਾ ਜਿਨ੍ਹਾਂ ਨੇ ਸਤਿਸੰਗਤ ਰੂਪੀ ਮੰਡਲ=ਮੱਟੀ ਵਿਚ ਪ੍ਰੇਮ ਰੂਪੀ ਜਲ ਤੇ ਹਰਿ ਨਾਮ ਦੀ ਲਿਵ ਰੂਪੀ ਰੰਗ ਪਾ ਕੇ ਕਾਮਾਦਿਕ ਦੀਆਂ ਲੱਕੜਾਂ ਨੂੰ ਜਪ ਤਪ ਰੂਪੀ ਅਗਨੀ ਨਾਲ ਸਾੜ ਕੇ ਗਿਆਨ ਦਾ ਸੇਕ ਦੇ ਕੇ ਮਨ ਰੂਪੀ ਬਸਤ੍ਰ ਨੂੰ ਮੰਡਾ=ਸਜਾਉਣਾ ਵਾ: ਰੰਗਣਾ ਕੀਤਾ ਹੈ, ਭੂਖਸਤ ਕੀਤਾ ਹੈ ਭਾਵ ਸਜਾ ਦਿਤਾ ਹੈ।

### ਕਰਿ ਸਾਧੂ ਅੰਜੁਲੀ; ਪੁਨੁ ਵਡਾ ਹੇ॥

ਹੇ ਭਾਈ! ਸਾਧੂ=ਸਤਿਗੁਰੂ ਭਾਵ ਸੰਤਾਂ ਨੂੰ ਅੰਜੁਲੀ=ਹੱਥ ਜੋੜ ਕੇ ਨਮਸਕਾਰ ਕਰ, ਇਹ ਵੱਡਾ ਪੁੰਨ ਹੈ।

### ਕਰਿ ਡੰਡਉਤ; ਪੁਨੁ ਵਡਾ ਹੇ॥੧॥ਰਹਾਉ॥

ਫੇਰ ਡੰਡਉਤ=ਡੰਡੇਵਤ ਲੰਮਾ ਪੈ ਕੇ ਨਮਸਕਾਰ ਕਰ, ਇਹ ਉਸ ਤੋਂ ਵੱਡਾ ਪੁੰਨ ਹੋਵੇਗਾ। ਜੈਸਾ ਕਿ -

*ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥*
*ਅੰਗ - ੧੩੨੮*

*ਤਾ ਕਉ ਕਰਹੁ ਸਗਲ ਨਮਸਕਾਰੁ ॥*
*ਜਾ ਕੈ ਮਨਿ ਪੂਰਨੁ ਨਿਰੰਕਾਰੁ ॥* *ਅੰਗ - ੧੩੩੮*

*ਭਗਤ ਜਨਾ ਕਉ ਸਦਾ ਨਿਵਿ ਰਹੀਐ*
*ਜਨ ਨਿਵਹਿ ਤਾ ਫਲ ਗੁਨ ਪਾਵੈਗੋ ॥* *ਅੰਗ - ੧੩੦੯*

*ਐਸੀ ਕਿਰਪਾ ਮੋਹਿ ਕਰਹੁ ॥*
*ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥*
*ਅੰਗ - ੮੨੮*

ਡੰਡਉਤ ਦੋ ਪ੍ਰਕਾਰ ਦੀ ਹੈ -

1. ਅਸ਼ਟਾਂਗ ਡੰਡਉਤ - ਦੋ ਕੂਹਣੀਆਂ (ਅਰਕਾਂ), ਦੋ ਹੱਥ, ਦੋ ਗੋਡੇ ਅਤੇ ਦੋਵੇਂ ਪੈਰ। ਇਹ ਅੱਠ ਅੰਗ ਧਰਤੀ 'ਤੇ ਲਾ ਕੇ ਫੇਰ ਮੱਥਾ ਟੇਕਣਾ, ਇਹ ਅਸ਼ਟਾਂਗ ਡੰਡਉਤ ਹੈ।

2. ਡੰਡਉਤ - ਡੰਡ ਵਤ ਭਾਵ ਡੰਡੇ ਦੀ ਤਰ੍ਹਾਂ ਲੰਮੇ ਪੈ ਕੇ ਨਮਸਕਾਰ ਕਰਨੀ ਜਿਵੇਂ ਡੰਡਾ ਸਿੱਧਾ ਧਰਤੀ 'ਤੇ ਪਿਆ ਹੁੰਦਾ ਹੈ, ਇਉਂ ਮਨ ਨੂੰ ਸਿੱਧਾ ਕਰਕੇ ਭਾਵ ਮਾਨ ਰਹਿਤ ਹੋ ਕੇ ਨਮਸਕਾਰ ਕਰਨੀ ਸਫਲੀ ਹੈ। ਜੈਸਾ ਕਿ -

*ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ,*
*ਸੋ ਤੌ ਨ ਡੰਡੌਤ ਅਸ਼ਟਾਂਗ ਅਥਤੀਸ ਕੌ॥*
*ਸ੍ਰੀ ਦਸਮ ਗ੍ਰੰਥ, ਪੰਨਾ ੧੮*

ਭਾਵਨਾ ਤੋਂ ਬਿਨਾਂ ਤਾਂ -

*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥*
*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥*
*ਅੰਗ- ੪੭੦*

ਰਹਾਉ=ਵਿਸ਼ਰਾਮ ਦੇ ਕੇ ਸਤਿਗੁਰੂ ਸਾਹਿਬ ਹੀ ਅੱਗੇ ਉਚਾਰਣ ਕਰਦੇ ਹਨ।

### ਸਾਕਤ ਹਰਿ ਰਸ ਸਾਦੁ ਨ ਜਾਣਿਆ; ਤਿਨ ਅੰਤਰਿ ਹਉਮੈ ਕੰਡਾ ਹੇ॥

ਸਾਕਤ=ਕਠੋਰ ਚਿੱਤ ਵਾ: ਸਾਕਤ=ਸ਼ਕਤੀ ਮਾਇਆ ਦੇ ਉਪਾਸ਼ਕ ਉਹਨਾਂ ਨੇ ਹਰਿ=ਵਾਹਿਗੁਰੂ ਦੇ ਰਸ=ਪ੍ਰੇਮ ਦੇ ਸਾਦੁ=ਸੁਆਦ ਨੂੰ ਨਾ ਜਾਣਿਆ=ਨਹੀਂ ਜਾਣਿਆ ਹੈ। ਜਿਵੇਂ 'ਕੋਰੜ ਮੋਠ ਜਿਨੇਹਾ'- ਕੋਰੜ ਮੋਠ ਨੂੰ ਭਾਵੇਂ ਸੱਤ ਅੱਗਾਂ ਦੇ ਦੇਈਏ ਪਰ ਉਹ ਰਿੱਝਦਾ ਨਹੀਂ। ਇਉਂ ਸਾਕਤਾਂ ਦਾ ਹਿਰਦਾ ਪ੍ਰੇਮ ਦੇ ਵਿਚ ਢੱਲਦਾ ਨਹੀਂ। ਹਰੀ ਪਰਮੇਸ਼ਰ ਜੋ ਸਾਰਿਆਂ ਵਿਚ ਰਸ=ਪ੍ਰੇਮ ਰੂਪ ਹੈ। ਜੈਸਾ ਕਿ -

*ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*(ਜਾਪੁ ਸਾਹਿਬ)*

ਅਤੇ ਸਾਦੁ=ਅਨੰਦ ਰੂਪ ਹੈ ਉਸ ਦੇ ਰਸ=ਪ੍ਰੇਮ ਨੂੰ ਨਹੀਂ ਜਾਣਿਆ। ਤਿਨ ਅੰਤਰਿ ਹਉਮੈ ਕੰਡਾ ਹੇ=ਕਿਉਂਕਿ ਉਹਨਾਂ ਦੇ ਅੰਤਰਿ=ਅੰਦਰ ਭਾਵ ਅੰਤਸ਼ਕਰਣ ਵਿਚ ਹਉਮੈ ਦਾ ਕੰਡਾ ਹੇ=ਹੈ। ਜਿਵੇਂ ਬੱਚਿਆਂ ਦੇ ਗਲ ਵਿਚ ਕੰਡਾ ਪੈ ਜਾਂਦਾ ਹੈ, ਫਿਰ ਉਹ ਦੁੱਧ ਨਹੀਂ ਚੁੰਘਦੇ ਕਿਉਂਕਿ ਗਲਾ ਪੱਕ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਸਾਕਤਾਂ ਦੇ ਅੰਤਸ਼ਕਰਣ ਵਿਚ ਕੰਡਾ ਪਿਆ ਹੋਇਆ ਹੈ, ਜਿਸ ਕਰਕੇ ਉਹ ਨਿਸ਼ਕਾਮ ਕਰਮਾਂ ਰੂਪੀ ਦੁੱਧ ਨਹੀਂ ਪੀ ਸਕਦੇ। ਸਤਿਗੁਰਾਂ ਦੇ ਉਪਦੇਸ਼ ਰੂਪੀ ਪ੍ਰਸ਼ਾਦ ਨੂੰ ਨਹੀਂ ਛਕ ਸਕਦੇ ਅਤੇ ਦੈਵੀਗੁਣਾਂ ਦਾ ਰਸ ਪ੍ਰਾਪਤ ਨਹੀਂ ਕਰ ਸਕਦੇ, ਵਾ: ਜਿਸ ਪ੍ਰਕਾਰ ਪੈਰ ਵਿਚ ਕੰਡਾ ਲੱਗ ਜਾਂਦਾ ਹੈ, ਉਸੇ ਤਰ੍ਹਾਂ ਉਹਨਾਂ ਦੇ ਮਨ ਰੂਪੀ ਪੈਰ ਵਿਚ ਹਉਮੈ ਦਾ ਕੰਡਾ ਲੱਗਿਆ ਹੋਇਆ ਹੈ। ਇਸ ਤਰ੍ਹਾਂ ਉਹਨਾਂ ਨੂੰ ਆਤਮਿਕ, ਅਨੰਦ ਰੂਪੀ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਜੈਸਾ ਕਿ -

*ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ॥ ਅੰਗ- ੨੨*

## ਜਿਉ ਜਿਉ ਚਲਹਿ, ਚੁਭੈ ਦੁਖੁ ਪਾਵਹਿ;

ਉਹ ਸਾਕਤ ਪੁਰਸ਼ ਜਿਉਂ-ਜਿਉਂ=ਜਿਵੇਂ-ਜਿਵੇਂ ਸੰਸਾਰ ਵਿਚ ਚਲਹਿ=ਚੱਲਦੇ ਹਨ, ਤਿਵੇਂ-ਤਿਵੇਂ ਹਉਮੈ ਰੂਪੀ ਕੰਡਾ ਚੁਭੈ=ਚੁੱਭਦਾ ਹੈ ਅਤੇ ਦੁਖ ਪਾਵਹਿ=ਪਾਉਂਦੇ ਹਨ, ਭਾਵ ਹੰਕਾਰੀ ਪੁਰਸ਼ਾਂ ਨੂੰ ਈਰਖਾ ਰੂਪੀ ਕੰਡਾ ਚੁੱਭਦਾ ਹੈ ਤੇ ਦੁੱਖ ਪਾਉਂਦੇ ਹਨ। ਯਥਾ -

*ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥*
*ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥*
*ਅੰਗ- ੯੬੯*

## ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥

ਅਤੇ ਅੰਤ ਸਮੇਂ ਉਹ ਆਪਣੇ ਸਿਰ ਉਤੇ ਜਮਕਾਲ=ਜੋ ਸਾਰਿਆਂ ਦਾ ਕਾਲ ਕਰਨੇ ਵਾਲਾ ਹੈ, ਉਸ ਦਾ ਡੰਡਾ ਸਹਹਿ=ਸਹਾਰਦੇ ਹਨ, ਵਾ: ਜੰਮਣ ਮਰਨ ਰੂਪ ਕਾਲ ਦਾ ਡੰਡਾ ਗਾ: ਲੋਕ-ਡੰਡ, ਰਾਜ-ਡੰਡ, ਪਿਤਰ-ਡੰਡ, ਦੇਵ-ਡੰਡ, ਰੂਪ-ਡੰਡ ਹਰ ਵਕਤ ਸਿਰ 'ਤੇ ਸਹਾਰਦੇ ਹਨ।

## ਹਰਿ ਜਨ, ਹਰਿ ਹਰਿ ਨਾਮਿ ਸਮਾਣੇ;

ਜੋ ਹਰਿ ਜਨ=ਹਰੀ ਦੇ ਜਨ, ਸੰਤ, ਭਗਤ ਨਾਮ ਜਪਣ ਵਾਲੇ ਹਨ। ਨਾ ਤਾਂ ਕਿਸੇ ਨਾਲ ਉਹ ਈਰਖਾ ਦ੍ਵੈਖ ਕਰਦੇ ਹਨ ਅਤੇ ਨਾ ਹੀ ਕਿਸੇ ਵੱਲੋਂ ਕੀਤੀ ਨਿੰਦਿਆ ਦਾ ਦੁੱਖ ਮੰਨਦੇ ਹਨ ਕਿਉਂਕਿ ਦੁੱਖ ਮੰਨਣ ਵਾਲਾ ਮਨ ਹਰਿ ਹਰਿ=ਹਰੀ ਵਾਹਿਗੁਰੂ ਦੇ ਨਾਮ ਵਿਚ ਹਰ ਵੇਲੇ ਸਮਾਣੇ=ਸਮਾਇਆ ਰਹਿੰਦਾ ਹੈ ਭਾਵ ਲੀਨ ਰਹਿੰਦਾ ਹੈ। ਇਸ ਕਰਕੇ ਰੱਬ ਦੇ ਪਿਆਰਿਆਂ ਨੂੰ ਦੁੱਖ ਨਹੀਂ ਹੁੰਦਾ। ਸੰਸਾਰ ਦਾ ਵੱਡਾ ਦੁੱਖ ਤਾਂ ਜੰਮਣ ਮਰਨ ਦਾ ਹੈ।

## ਦੁਖੁ ਜਨਮ ਮਰਣ ਭਵ ਖੰਡਾ ਹੇ॥

ਹੇ ਭਾਈ! ਸੰਸਾਰ ਵਿਚ ਜੰਮਣ ਤੇ ਮਰਨ ਦਾ ਜੋ ਦੁੱਖ ਹੈ, ਉਹਨਾਂ ਨੇ ਖੰਡਾ=ਨਾਸ ਕਰ ਦਿਤਾ ਹੈ। ਉਹਨਾਂ ਨੇ ਜੰਮਣ ਤੇ ਮਰਨ ਦਾ ਦੁੱਖ ਅਤੇ ਭਵ=ਭੈ ਮੇਟ ਲਿਆ ਹੈ।

## ਅਬਿਨਾਸੀ ਪੁਰਖੁ ਪਾਇਆ ਪਰਮੇਸਰੁ; ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥

ਹੇ ਭਾਈ! ਉਨ੍ਹਾਂ ਨੇ ਉਸ ਅਬਿਨਾਸੀ=ਨਾਸ ਤੋਂ ਰਹਿਤ ਪੁਰਖੁ=ਵਿਆਪਕ ਪਰਮੇਸ਼ਰ ਨੂੰ ਪਾਇਆ=ਪਾ ਲਿਆ ਹੈ, ਇਸ ਕਰਕੇ ਉਨ੍ਹਾਂ ਦੀ ਨੌਂ ਖੰਡਾਂ ਤੇ ਬ੍ਰਹਿਮੰਡਾਂ ਵਿਚ ਬਹੁ=ਬਹੁਤ ਸੋਭ=ਸ਼ੋਭਾ ਹੋਈ ਹੈ। ਜੈਸਾ ਕਿ -

*ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥*
*ਅੰਗ - ੭੪੮*

*ਸੰਤ ਜਨਾ ਕੀ ਬਹੁਤੁ ਬਹੁ ਸੋਭਾ*
*ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ ॥ ਅੰਗ - ੧੨੯੫*

*ਹਰਿ ਮਨਿ ਤਨਿ ਵਸਿਆ ਸੋਈ ॥*
*ਜੈ ਜੈ ਕਾਰੁ ਕਰੇ ਸਭੁ ਕੋਈ ॥ ਅੰਗ - ੬੨੯*

## ਹਮ ਗਰੀਬ ਮਸਕੀਨ ਪ੍ਰਭ ਤੇਰੇ

ਉਹ ਅਤਿ ਨਿਮਰਤਾ ਵਿਚ ਰਹਿੰਦੇ ਹਨ ਕਿ ਹੇ ਵਾਹਿਗੁਰੂ! ਅਸੀਂ ਗਰੀਬ ਹਾਂ, ਮਸਕੀਨ=ਅਤਿਅੰਤ ਗਰੀਬ ਹਾਂ। ਸਾਡੇ ਪਾਸ ਸ਼ੁਭ ਗੁਣਾਂ ਰੂਪੀ ਭਾਵ ਨਾਮ ਰੂਪੀ ਧਨ ਨਹੀਂ ਹੈ, ਪਰ ਅਸੀਂ ਆਪ ਜੀ ਦੇ ਦਾਸ ਹਾਂ। ਜੈਸਾ ਕਿ-

*ਪ੍ਰਭ ਜੀਉ ਖਸਮਾਨਾ ਕਰਿ ਪਿਆਰੇ॥ ਬੁਰੇ ਭਲੇ ਹਮ ਥਾਰੇ॥*
*ਅੰਗ- ੬੩੧*

*ਸਾਧ ਕੀ ਸੋਭਾ ਅਤਿ ਮਸਕੀਨੀ ॥*
*ਸੰਤ ਵਡਾਈ ਹਰਿ ਜਸੁ ਚੀਨੀ ॥ ਅੰਗ - ੬੭੬*
*ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ ॥*
*ਅੰਗ - ੪੮੦*
*ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥*
*ਅੰਗ - ੭੨੭*

## ਹਰਿ ਰਾਖੁ ਰਾਖੁ ਵਡ ਵਡਾ ਹੇ॥

ਹੇ ਹਰਿ=ਹਰੀ ਵਾਹਿਗੁਰੂ ਰਾਖੁ ਰਾਖੁ=ਰੱਖਿਆ ਕਰੋ, ਰੱਖਿਆ ਕਰੋ। ਵਡ ਵਡਾ ਹੇ=ਆਪ ਜੀ ਵੱਡਿਆਂ ਤੋਂ ਵੀ ਵੱਡੇ ਹੋ, ਜਿਵੇਂ ਹੋਰ ਸੰਤਾਂ ਭਗਤਾਂ ਨੂੰ ਰਾਖੁ=ਰੱਖਦੇ ਆਏ ਹੋ, ਤਿਵੇਂ ਮੇਰੀ ਵੀ ਰਾਖੁ=ਰੱਖਿਆ ਕਰੋ ਭਾਵ ਰਾਖੁ=ਮਿੱਟੀ, ਧਰਤੀ ਆਦਿਕ ਜੋ ਪੰਜਾਂ ਤੱਤਾਂ ਦੀ ਦੇਹ ਦੇ ਅਧਿਆਸ ਵੱਲੋਂ ਰੱਖ ਲਉ ਅਤੇ ਰਾਖੁ=ਲਾਹਨਤਾਂ ਦੀ ਖੇਹ ਪਵਾਉਣ ਵਾਲੇ ਵਿਕਾਰਾਂ ਤੋਂ ਬਚਾਅ ਕੇ ਰੱਖ ਲਉ। ਆਪ ਵੱਡਿਆਂ ਤੋਂ ਵੱਡੇ ਹੋ। ਜੈਸਾ ਕਿ -

*ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮੁ ਤੇਰਾ ਆਧਾਰੁ ॥*
*ਅੰਗ - ੩੮੨*
*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥*
*ਅੰਗ - ੬੭੪*
*ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ॥*
*ਅੰਗ- ੧੩੧੫*

**ਜਨ ਨਾਨਕ ਨਾਮੁ ਅਧਾਰੁ ਟੇਕ ਹੈ;**
**ਹਰਿ ਨਾਮੇ ਹੀ ਸੁਖੁ ਮੰਡਾ ਹੇ॥੪॥੪॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਸਾਨੂੰ ਤੇਰੇ ਜਨ=ਦਾਸਾਂ ਨੂੰ ਆਪ ਦੇ ਨਾਮ ਦਾ ਹੀ ਇਸ ਸੰਸਾਰ ਵਿਚ ਅਧਾਰੁ=ਆਸਰਾ ਹੈ ਤੇ ਪ੍ਰਲੋਕ ਵਿਚ ਵੀ ਨਾਮ ਦੀ ਹੀ ਟੇਕ=ਓਟ ਹੈ। ਜੈਸਾ ਕਿ -

*ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥* ਅੰਗ - ੭੨੭

*ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥*
*ਅਵਰ ਸਿਆਣਪਾ ਬਿਰਥੀਆ ਪਿਆਰੇ*
*ਰਾਖਨ ਕਉ ਤੁਮ ਏਕ ॥* ਅੰਗ - ੮੦੨

ਹੇ ਹਰੀ! ਅਸੀਂ ਤਾਂ ਤੇਰੇ ਨਾਮੇ=ਨਾਮ ਦੇ ਆਸਰੇ ਹੀ ਸਾਰੇ ਸੁੱਖਾਂ ਨੂੰ ਮੰਡਾ=ਸਜਾਉਣਾ ਭਾਵ ਮਾਨਣਾ ਕੀਤਾ ਹੈ ਅਥਵਾ ਸਾਨੂੰ ਤਾਂ ਮਨ ਕਰਕੇ ਵੀ ਤੇਰੇ ਨਾਮ ਦਾ ਹੀ ਅਧਾਰੁ=ਆਸਰਾ ਹੈ ਅਤੇ ਤਨ ਕਰਕੇ ਵੀ ਨਾਮ ਦੀ ਹੀ ਟੇਕ=ਓਟ ਹੈ ਅਥਵਾ ਗਰਭ ਵਿਚ ਵੀ ਨਾਮ ਦਾ ਹੀ ਅਧਾਰੁ=ਆਸਰਾ ਸੀ। ਏਥੇ ਵੀ ਨਾਮ ਦੀ ਹੀ ਓਟ ਹੈ। ਅੱਗੇ ਪ੍ਰਲੋਕ ਵਿਚ ਵੀ ਨਾਮ ਕਰਕੇ ਹੀ ਸੁੱਖ ਪਾਵਾਂਗੇ। ਜੈਸਾ ਕਿ -

*ਨਾਮੁ ਅਧਾਰੁ ਦੀਜੈ ਨਾਨਕ ਕਉ ਆਨਦ ਸੁਖ ਘਨੇਰੈ ॥*
ਅੰਗ - ੫੩੦
*ਹਰਿ ਕੋ ਨਾਮੁ ਸਦਾ ਸੁਖਦਾਈ ॥* ਅੰਗ - ੧੦੦੮
*ਮਾਈ ਮੇਰੇ ਮਨ ਕੋ ਸੁਖੁ ॥*
*ਕੋਟਿ ਅਨੰਦ ਰਾਜ ਸੁਖੁ ਭੁਗਵੈ*
*ਹਰਿ ਸਿਮਰਤ ਬਿਨਸੈ ਸਭ ਦੁਖੁ ॥* ਅੰਗ - ੭੧੭

**ਰਾਗ ਗਉੜੀ ਪੂਰਬੀ ਮਹਲਾ ੫**
**ਕਰਉ ਬੇਨੰਤੀ ਸੁਣਹੁ ਮੇਰੇ ਮੀਤਾ;**
**ਸੰਤ ਟਹਲ ਕੀ ਬੇਲਾ॥**

ਹੇ ਮੇਰੇ ਗੁਰਸਿਖ ਮੀਤਾ=ਮਿੱਤਰੋ! ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣੋ। ਮੈਂ ਤੁਹਾਡੇ ਅੱਗੇ ਬੇਨਤੀ ਕਰਹੁ=ਕਰਦਾ ਹਾਂ ਕਿ ਇਹ ਜੋ ਬੇਲਾ=ਮਨੁੱਖਾ ਜਨਮ ਦਾ ਸਮਾਂ ਪ੍ਰਾਪਤ ਹੋਇਆ ਹੈ, ਇਹ ਸੰਤਾਂ ਦੀ ਭਾਵ ਸਤਿਗੁਰਾਂ ਦੀ ਟਹਲ=ਸੇਵਾ ਕਰਨ ਦਾ ਹੈ। ਹੋਰ ਕਿਸੇ ਜੂਨ ਵਿਚ ਸੇਵਾ ਨਹੀਂ ਹੋ ਸਕਦੀ, ਪਛਤਾਉਣਾ ਹੀ ਪੈਂਦਾ ਹੈ। ਜੈਸਾ ਕਿ -

*ਜਲੁ ਢੋਵਉ ਇਹੁ ਸੀਸ ਕਰਿ ਕਰ ਪਗ ਪਖਲਾਵਉ ॥ ...*
ਅੰਗ - ੮੧੩
*ਸਾਧ ਕੀ ਟਹਲ ਸੰਤਸੰਗਿ ਹੇਤ ॥* ਅੰਗ - ੨੭੪

*ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥*
*ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥*
ਅੰਗ - ੮੧੦

**ਈਹਾ ਖਾਟਿ ਚਲਹੁ ਹਰਿ ਲਾਹਾ;**
**ਆਗੈ ਬਸਨੁ ਸੁਹੇਲਾ॥**

ਇਸ ਵਾਸਤੇ ਹੇ ਭਾਈ! ਈਹਾ=ਇਸ ਸੰਸਾਰ ਵਿਚ ਹਰੀ ਦੀ ਪ੍ਰਾਪਤੀ ਦਾ ਲਾਹਾ=ਨਫਾ ਭਾਵ ਨਾਮ, ਸੇਵਾ ਦਾ ਲਾਹਾ ਖਾਟਿ=ਖੱਟ ਕੇ ਇਥੋਂ ਚਲਹੁ=ਚੱਲਣਾ ਕਰੀਏ ਤਾਂ ਫਿਰ ਆਗੈ=ਅੱਗੇ ਪ੍ਰਲੋਕ ਵਿਚ ਬਸਨੁ=ਵਸਣਾ ਸੁਹੇਲਾ=ਸੌਖਾ ਹੋ ਜਾਵੇਗਾ। ਜੈਸਾ ਕਿ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥* ਅੰਗ - ੨੬

ਵਾ: ਸੰਸਾਰਿਕ ਬਿਰਤੀ ਹੁੰਦਿਆਂ ਪਰਮਾਤਮਾ ਦੇ ਨਾਮ ਜਪਣ ਦਾ ਲਾਭ ਲੈ ਕੇ ਅੰਤਰਮੁਖ ਬਿਰਤੀ ਕਰਕੇ ਚੱਲੇ ਤਾਂ ਆਗੈ=ਅੱਗੇ ਬ੍ਰਹਮਕਾਰ ਬਿਰਤੀ ਕਰਕੇ ਬ੍ਰਹਮਾਨੰਦ ਵਿਚ ਸੁਖੀ ਹੋ ਕੇ ਵਸਣਾ ਹੋਵੇਗਾ।

**ਅਉਧ ਘਟੈ; ਦਿਨਸੁ ਰੈਣਾਰੇ॥**

ਹੇ ਭਾਈ! ਦਿਨਸੁ=ਦਿਨ ਅਤੇ ਰੈਣਾਰੇ=ਰਾਤ ਕਰਕੇ ਅਉਧ=ਉਮਰ ਘਟੈ=ਘਟਦੀ ਜਾ ਰਹੀ ਹੈ। ਜੈਸਾ ਕਿ -

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥*
ਅੰਗ - ੭੨੬
*ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥*
ਅੰਗ - ੬੯੨
*ਜੋ ਦਿਨ ਆਵਹਿ ਸੋ ਦਿਨ ਜਾਹੀ ॥*
*ਕਰਨਾ ਕੂਚੁ ਰਹਨੁ ਥਿਰੁ ਨਾਹੀ ॥* ਅੰਗ - ੭੯੩
*ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥*
ਅੰਗ - ੧੩੫੨
*ਜਨਨੀ ਜਾਨਤ ਸੁਤੁ ਬਡਾ ਹੋਤੁ ਹੈ*
*ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥*
ਅੰਗ - ੯੧

**ਮਨ ਗੁਰ ਮਿਲਿ; ਕਾਜ ਸਵਾਰੇ॥੧॥ਰਹਾਉ॥**

ਇਸ ਕਰਕੇ ਹੇ ਮਨਾਂ! ਤੂੰ ਗੁਰ=ਸਤਿਗੁਰਾਂ ਦੁਆਰਾ ਪਰਮੇਸ਼ਰ ਨਾਲ ਮਿਲਣ ਦਾ ਵਾ: ਸੰਸਾਰ ਦੁੱਖ ਦੀ ਨਵਿਰਤੀ ਤੇ ਪਰਮਾਨੰਦ ਦੀ ਪ੍ਰਾਪਤੀ ਰੂਪ ਕਾਜ ਸਵਾਰ ਲੈ, ਵਾ: ਮੋਖਸ਼ ਰੂਪੀ ਕਾਜ=ਕਾਰਜ ਨੂੰ ਸਵਾਰੇ=ਸਵਾਰ ਲੈ। ਯਥਾ -

*ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ॥* ਅੰਗ - ੯੧੩

*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥*
*ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥*
ਅੰਗ - ੯੧

ਰਹਾਉ=ਵਿਸ਼ਰਾਮ ਦੇ ਕੇ ਅੱਗੇ ਉਚਾਰਣ ਕਰਦੇ ਹਨ।

**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ;**
**ਤਰਿਓ ਬ੍ਰਹਮ ਗਿਆਨੀ॥**

ਇਹੁ=ਇਹ ਜੋ ਸੰਸਾਰੁ=ਸੰਸਿਆਂ ਦਾ ਘਰ ਹੈ ਜੋ ਪ੍ਰਣਵ ਭਾਵ ਨੂੰ ਪ੍ਰਾਪਤ ਹੋਣ ਵਾਲਾ ਹੈ, ਭਾਵ ਬਦਲ ਜਾਣ ਵਾਲਾ ਹੈ। ਇਸ ਦੇ ਮਹਿ=ਵਿਚ ਵਿਕਾਰ ਤੇ ਸੰਸੇ ਹਨ। ਕਾਮਾਦਿਕ ਜਲ ਜੰਤੂ ਹਨ। ਰਾਗ, ਦ੍ਵੈਖ ਦੀਆਂ ਚਟਾਨਾਂ, ਸੰਸਿਆਂ ਦੀਆਂ ਲਹਿਰਾਂ, ਤ੍ਰਿਸ਼ਨਾ ਰੂਪ ਬੜਵਾ ਅਗਨੀ ਹੈ। ਯਥਾ-

*ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥ ਅੰਗ - ੨੭੨*

ਇਸ ਵਿਚੋਂ ਬ੍ਰਹਮ ਬੇਤਾ ਜੋ ਸੰਸਾਰ ਨੂੰ ਮਿਥਿਆ ਨਿਸਚੇ ਕਰਨ ਰੂਪ ਤਰਦਾ ਹੈ, ਇਸ ਨੂੰ ਤਰਨ ਦਾ ਇਹੋ ਤਰੀਕਾ ਹੈ। ਯਥਾ -

*ਅਗਨਿ ਸਾਗਰ ਬੂਡਤ ਸੰਸਾਰਾ॥*
*ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥ ਅੰਗ - ੮੦੪*

*ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ॥ ਅੰਗ - ੮੧੩*

ਨਾਮ ਰੂਪੀ ਜਹਾਜ਼ ਦੁਆਰਾ ਤਰ ਕੇ ਮੁਕਤੀ ਰੂਪ ਕਿਨਾਰੇ 'ਤੇ ਪਹੁੰਚ ਗਏ।

## ਜਿਸਹਿ ਜਗਾਇ ਪੀਆਵੈ ਇਹੁ ਰਸੁ; ਅਕਥ ਕਥਾ ਤਿਨਿ ਜਾਨੀ॥

ਸੰਸਾਰ ਰੂਪੀ ਸੁਪਨਾ ਹੈ ਅਵਸਥਾ ਰੂਪੀ ਰਾਤ ਵਿਚ, ਜੈਸਾ ਕਿ-

*ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ॥ ਅੰਗ -੩੬*

*ਸਭ ਚਲੀ ਰੈਣ ਵਿਹਾਦੀ॥ ਅੰਗ - ੭੭*

ਅਵਿਦਿਆ ਰੂਪ ਨੀਂਦ ਤੋਂ ਜਗਾ ਕੇ ਜਿਸਨੂੰ ਗਿਆਨ ਅਵਸਥਾ ਵਿਚ ਜਗਾਇਆ ਹੈ। ਯਥਾ -

*ਅਗਿਆਨਿ ਲਾਇ ਸਵਾਲਿਆ*
*ਗੁਰ ਗਿਆਨੈ ਲਾਇ ਜਗਾਵੈਗੋ ॥ ਅੰਗ - ੧੩੦੮*

ਇਹ ਨਾਮ ਦਾ ਰਸ ਉਹਨਾਂ ਨੂੰ ਪਿਆਉਣਾ ਕੀਤਾ ਹੈ ਅਤੇ ਜੋ ਕਥਨ ਤੋਂ ਅਕੱਥ ਹੈ, ਉਹ ਸਰੂਪ ਵਿਚ ਅਭੇਦਤਾ ਦੀ ਕਥਾ ਨੂੰ ਉਨ੍ਹਾਂ ਨੇ ਜਾਣਿਆ ਹੈ ਭਾਵ ਵਿਸ਼ਿਆਂ ਰੂਪੀ ਨੀਂਦ ਤੋਂ ਜਗਾ ਕੇ ਨਾਮ ਰਸ ਪਿਆਲਿਆ ਹੈ। ਯਥਾ -

*ਇਹ ਰਸ ਛਾਡੇ ਉਹ ਰਸੁ ਆਵਾ ॥*
*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ਅੰਗ - ੩੪੨*
*ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥*
*ਅੰਗ - ੫੫੭*

## ਜਾ ਕਉ ਆਏ ਸੋਈ ਬਿਹਾਝਹੁ; ਹਰਿ ਗੁਰ ਤੇ ਮਨਹਿ ਬਸੇਰਾ॥

ਹੇ ਭਾਈ! ਜਾ ਕਉ=ਜਿਸ ਨਾਮ ਰੂਪੀ ਭਾਵ ਬ੍ਰਹਮਗਿਆਨ ਰੂਪੀ ਭਾਵ ਮੋਖਸ਼ ਰੂਪੀ ਵਸਤੂ ਨੂੰ ਸਤਿਸੰਗਤ ਰੂਪੀ ਹੱਟ ਤੋਂ ਵਾ: ਇਸ ਸੰਸਾਰ ਰੂਪੀ ਹੱਟ ਤੋਂ ਸਤਿਗੁਰਾਂ ਦੇ ਕੋਲੋਂ ਸਵਾਸਾਂ ਰੂਪੀ ਪੂੰਜੀ ਵਾ: ਸ਼ਰਧਾ ਰੂਪੀ ਪੂੰਜੀ ਖਰਚ ਕੇ, ਖਰੀਦਣ ਵਾਸਤੇ ਤੁਸੀਂ ਆਏ ਹੋ, ਸੋਈ=ਉਹੋ ਹੀ ਬਿਹਾਝਹੁ=ਖਰੀਦੋ, ਕਿਉਂਕਿ ਗੁਰ ਤੇ=ਗੁਰਾ ਦੁਆਰਾ ਹੀ ਹਰਿ=ਪ੍ਰਭੂ ਮਨਹਿ=ਮਨ ਵਿਚ ਆ ਕੇ ਬਸੇਰਾ=ਵਸਦਾ ਹੈ। ਜੈਸਾ ਕਿ -

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ - ੨੮੩*

*ਸਾਹਿ ਪਠਾਇਆ ਸਾਹੈ ਪਾਸਿ ॥*
*ਅਮੋਲ ਰਤਨ ਅਮੋਲਾ ਰਾਸਿ ॥ ਅੰਗ - ੩੭੨*

*ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥*
*ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ ਅੰਗ - ੨੨*

## ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ; ਬਹੁਰਿ ਨ ਹੋਇਗੋ ਫੇਰਾ॥

ਤਾਂ ਤੁਸੀਂ ਨਿਜ=ਆਪਣੇ ਹਿਰਦੇ ਵਾ: ਅੰਤਹਕਰਨ ਰੂਪੀ ਘਰ ਵਿਚ ਸਹਜੇ=ਸਹਿਜ ਸੁਭਾਵਿਕ ਹੀ ਆਤਮਿਕ ਸੁਖ ਤੇ ਮਹਲੁ=ਸਰੂਪ ਨੂੰ ਪਾਵਹੁ=ਪਾ ਲਵੋਗੇ ਅਤੇ ਬਹੁਰਿ=ਮੁੜ ਕੇ ਫਿਰ ਤੁਹਾਡਾ ਇਸ ਸੰਸਾਰ ਭਾਵ ਜੂਨੀਆਂ ਵਿਚ ਫੇਰਾ ਨਹੀਂ ਹੋਇਗੋ=ਹੋਵੇਗਾ ਭਾਵ ਮੋਖਸ਼ ਦੀ ਪ੍ਰਾਪਤੀ ਕਰਕੇ ਜਨਮ ਮਰਣ ਕੱਟਿਆ ਜਾਵੇਗਾ। ਜੈਸਾ ਕਿ-

*ਬਹੁਰਿ ਹਮ ਕਾਹੇ ਆਵਹਿਗੇ॥*
*ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥*
*ਅੰਗ - ੧੧੦੩*

ਇਸ ਵਾਸਤੇ ਉਸ ਪ੍ਰਭੂ ਅੱਗੇ ਇੰਜ ਬੇਨਤੀ ਕਰੀਏ-

## ਅੰਤਰਜਾਮੀ ਪੁਰਖ ਬਿਧਾਤੇ; ਸਰਧਾ ਮਨ ਕੀ ਪੂਰੇ॥

ਹੇ ਅੰਤਰਜਾਮੀ=ਅੰਦਰ ਦੀ ਜਾਨਣ ਵਾਲੇ ਪੁਰਖ=ਵਿਆਪਕ ਬਿਧਾਤੇ=ਫਲ ਬਰ ਦਾਤੇ ਪਰਮੇਸ਼ਰ ਜੀ। ਤੁਸੀਂ ਸਾਡੇ ਮਨ=ਹਿਰਦੇ ਕੀ=ਦੀ ਸ਼ਰਧਾ=ਭਾਵਨਾ (ਇੱਛਾ) ਪੂਰੇ=ਪੂਰਨ ਕਰੋ ਜੀ।

## ਨਾਨਕ ਦਾਸੁ ਇਹੈ ਸੁਖੁ ਮਾਗੈ; ਮੋਕਉ ਕਰਿ ਸੰਤਨ ਕੀ ਧੂਰੇ॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੈਂ ਦਾਸ ਇਹੈ=ਇਹੋ ਸੁੱਖ ਮਾਗੈ=ਮੰਗਦਾ ਹਾਂ ਕਿ ਮੋਕਉ=ਮੈਨੂੰ ਸੰਤਨ=ਸੰਤਾਂ ਦੀ ਧੂਰੇ=ਚਰਨ ਧੂੜੀ ਕਰਿ=ਕਰ ਦਿਉ ਵਾ: ਬਣਾ ਦਿਉ ਅਥਵਾ ਮੋਕਉ=ਮੈਨੂੰ ਸੰਤਨ=ਸੰਤਾਂ ਦੀ ਧੂਰੇ=ਚਰਨ ਧੂੜੀ ਬਣਾ ਕੇ ਆਤਮਿਕ ਸੁੱਖ ਬਖਸ਼ੋ ਜੀ। ਜੈਸਾ ਕਿ -

*ਖਾਕੁ ਸੰਤਨ ਕੀ ਦੇਹੁ ਪਿਆਰੇ ॥*
*ਆਇ ਪਇਆ ਹਰਿ ਤੇਰੈ ਦੁਆਰੈ ॥ ਅੰਗ - ੯੮*
*ਕਹੁ ਨਾਨਕ ਪ੍ਰਭ ਲੋਚਾ ਪੂਰਿ ॥*
*ਸੰਤ ਜਨਾ ਕੀ ਬਾਛਉ ਧੂਰਿ ॥ ਅੰਗ - ੨੨੪*
*ਸਾਧ ਜਨਾ ਕੀ ਮਾਗਉ ਧੂਰਿ ॥*
*ਪਾਰਬ੍ਰਹਮੁ ਮੇਰੀ ਸਰਧਾ ਪੂਰਿ ॥ ਅੰਗ - ੨੮੯*

ਭਾਵ ਸੰਤਾਂ ਦੀ ਚਰਨ ਧੂੜੀ ਪਤਿਤਾਂ ਨੂੰ ਵੀ ਪਵਿੱਤਰ ਕਰਨ ਵਾਲੀ ਹੈ।

*ਜਿਤਨੇ ਤੀਰਥ ਦੇਵੀ ਥਾਪੇ*
*ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥*
*ਹਰਿ ਕਾ ਸੰਤੁ ਮਿਲੈ ਗੁਰ ਸਾਧੂ*
*ਲੈ ਤਿਸ ਕੀ ਧੂਰਿ ਮੁਖਿ ਲਾਈ ॥ ਅੰਗ - ੧੨੬੩*

*ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ ॥ਅੰਗ - ੩੨੨*

***********

# ਅੱਠਵੇਂ ਰਤਨ - ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ

*(ਲੜੀ ਜੋੜਨ ਲਈ, ਦੇਖੋ ਮਾਰਚ ਅੰਕ, ਪੰਨਾ-58)*

## ਬਚਨ ਦੇ ਬਲੀ ਸ਼ਰਨ ਦੇ ਸੂਰੇ

ਸੰਤ ਅਤਰ ਸਿੰਘ ਜੀ ਦੀ ਆਮ ਗੱਲ ਸੀ ਜੋ ਉਹ ਰੋਜ਼ ਹੀ ਇਹ ਗੱਲ ਦੁਹਰਾਂਦੇ ਸਨ ਕਿ ਭਾਈ ਸਾਧ ਬਚਨਾਂ ਦਾ ਸੂਰਮਾਂ ਤੇ ਸਰਣ ਦਾ ਪਾਲਕ ਹੋਣਾ ਜ਼ਰੂਰੀ ਹੈ। ਇਸ ਗੱਲ ਲਈ ਉਨ੍ਹਾਂ ਬੜੀਆਂ ਹੀ ਕਠਨ ਪ੍ਰੀਖਿਆ ਦਿਤੀਆਂ ਸਨ। ਇਕ ਵਾਰੀ ਉਨ੍ਹਾਂ ਕਿਹਾ ਕਦੀ ਕਿਸੇ ਸਰਕਾਰੇ ਦਰਬਾਰੇ ਨਹੀਂ ਜਾਣਾ, ਨਾ ਹੀ ਕਿਸੇ ਕਚਹਿਰੀ ਦਾ ਮੂੰਹ ਹੀ ਤਕਣਾ ਹੈ। ਕਈ ਰਾਜਿਆਂ ਵਲੋਂ ਦਰਸ਼ਨ ਦੇਣ ਤੇ ਅਖੰਡ ਪਾਠ ਆਦਿਕ ਕਰਨ ਲਈ ਉਨ੍ਹਾਂ ਪਾਸ ਬੇਨਤੀ ਆਈ। ਪਰ ਉਹ ਇਹ ਕਹਿ ਕੇ ਟਾਲਦੇ ਰਹੇ ਕਿ ਭਾਈ ਅਸੀਂ ਤਾਂ ਸਿੱਧੇ ਸਾਦੇ ਜੱਟ ਸਾਧ ਹਾਂ, ਕਮਾਈ ਕਰਕੇ ਗੁਰੂ ਕਾ ਲੰਗਰ ਚਲਾਂਦੇ ਹਾਂ। ਜਿੰਨਾ ਹੋ ਸਕੇ ਮਾਲਕ ਨੂੰ ਯਾਦ ਕਰਦੇ ਹਾਂ। ਰਾਜ ਆਦਿਕ ਦਰਬਾਰਾਂ ਦੀਆਂ ਰਸਮਾਂ ਰੀਤਾਂ ਤੇ ਵਿਵਹਾਰ ਅਸੀਂ ਉੱਕਾ ਜਾਣਦੇ ਹੀ ਨਹੀਂ ਹਾਂ। ਫਿਰ ਉਥੇ ਜਾ ਕੇ ਕੀ ਕਰਾਂਗੇ। ਫਿਰ ਅਸਾਂ ਜਿਨ੍ਹਾਂ ਦੋਹਾਂ ਤਿੰਨਾਂ ਨਗਰਾਂ ਦੀ ਸੇਪ ਸੰਭਾਲੀ ਹੈ ਉਹੀ ਨਹੀਂ ਮੁਕਦੀ। ਸਾਡਾ ਬਾਹਰ ਗਿਆਂ ਹੋਇਆਂ ਦਾ ਗੁਜ਼ਾਰਾ ਨਹੀਂ ਕਿਉਂਕਿ ਰੋਜ਼ਾਨਾ ਦੀ ਕਿਰਿਆ ਵਿਗੜ ਜਾਂਦੀ ਹੈ।

ਫਿਰ ਜਦੋਂ ਉਨ੍ਹਾਂ ਨਾਲ ਕਚਹਿਰੀ ਦੀ ਗੱਲ ਚੱਲੀ ਆਪ ਜੀ ਨੇ ਬਚਨ ਕੀਤਾ, ਅਸਾਂ ਕਿਸੇ ਕੀਮਤ ਪਰ ਕਚਿਹਰੀ ਨਹੀਂ ਜਾਣਾ। ਇਕ ਕੇਸ ਪਰ ਇਕ ਸੱਜਣ ਨੇ ਉਨ੍ਹਾਂ ਦੇ ਸੰਮਣ ਕਢਵਾ ਦਿਤੇ। ਆਪ ਜੀ ਨੇ ਡੇਰਾ ਹੀ ਛੱਡ ਦਿਤਾ। ਕਈ ਮਹੀਨੇ ਅਨੰਦਪੁਰ ਸਾਹਿਬ ਤੋਂ ਉਪਰ ਕਈ ਮੀਲ ਦੂਰ ਚਲੇ ਗਏ। ਇਥੇ ਇਕ ਮਾਰੂ ਤੇ ਭਿਆਨਕ ਚਸ਼ਮੇ ਕੰਢੇ ਤਪ ਕਰਦੇ ਰਹੇ ਜਿਸ ਨੂੰ ਕਿ ਲੋਕ ਸ਼ੇਰਾਂ ਵਾਲਾ ਸੋਮਾ ਆਖਦੇ ਸਨ। ਉਥੇ ਸ਼ਾਮ ਤੋਂ ਪਿਛੋਂ ਕੋਈ ਉਧਰ ਜਾਣ ਦਾ ਕਦੇ ਹੀਆ ਨਹੀਂ ਕਰਦਾ ਸੀ। ਲੋਕਾਂ ਦੇ ਕਹਿਣ ਤੇ ਡਰਾਉਣ ਦਾ ਆਪ ਪਰ ਕੋਈ ਅਸਰ ਨਹੀਂ ਸੀ ਹੋਇਆ। ਆਖਰ ਨਿਹੰਗ ਸਿੰਘਾਂ ਦੇ ਸ਼ਹੀਦੀ ਬਾਗ ਡੇਰੇ ਤੋਂ ਜਿੱਥੇ ਕਿ ਆਪ ਸਦਾ ਟਿਕਿਆ ਕਰਦੇ ਸਨ ਤੇ ਜੋ ਆਪ ਜੀ ਦੇ ਨਮਕ ਨਾ ਖਾਣ ਬਾਰੇ ਜਾਣਦੇ ਸਨ ਭਾਈ ਬਿਸ਼ਨ ਸਿੰਘ ਤੇ ਹੋਰ ਸਾਥੀਆਂ ਨੇ ਆਪ ਜੀ ਨੂੰ ਉਥੇ ਜਾ ਲੱਭਾ ਸੀ। ਪਰ ਆਪ ਜੀ ਨੇ ਇਹ ਵਾਅਦਾ ਲਿਆ ਕਿ ਕਿਸੇ ਤਰ੍ਹਾਂ ਫੈਸਲਾ ਕਰੋ, ਉਹ ਕਚਹਿਰੀ ਨਹੀਂ ਜਾਣਗੇ। ਸੋ ਇਹ ਉਸੇ ਤਰ੍ਹਾਂ ਹੋਇਆ।

ਇਕ ਵਾਰੀ ਇਕ ਸਿੰਘ ਕਿਸੇ ਕਤਲ ਕੇਸ ਵਿਚੋਂ ਭੱਜ ਕੇ ਇਥੇ ਆਇਆ ਸੀ, ਆਪ ਜੀ ਨੇ ਇਹ ਕਹਿ ਕੇ ਸੇਵਾ ਪਰ ਲਗਾਇਆ, ਭਾਈ ਮਨੁੱਖ ਪਸ਼ੂ ਬਿਰਤੀ ਦੇ ਪ੍ਰਭਾਵ ਵਸ ਹੋ ਕੇ ਕਤਲ ਤੇ ਬੁਰੀਆਂ ਕਾਰਵਾਈਆਂ ਕਰਦਾ ਹੈ। ਤੁਸੀਂ ਕੁਝ ਪਿਛਲੀਆਂ ਗੱਲਾਂ ਭੁੱਲ ਕੇ ਟਹਿਲ ਕਰੋ ਤੇ ਆਪਣੀ ਕਾਰੋਬਾਰੀ ਬਿਰਤੀ ਨੂੰ ਡੰਗਰਾਂ ਦੀ ਵਿਰਾਸਤ ਜਾਣ ਕੇ ਉਨ੍ਹਾਂ ਦੇ ਸਪੁਰਦ ਕਰੋ। ਫਿਰ ਤੱਕੋ ਮਾਨਸਿਕ ਸ਼ਾਂਤੀ ਵਿਚ ਕੀ ਅਨੰਦ ਹੈ। ਇਹ ਵੀ ਫੁਰਮਾਇਆ, "ਤੁਸਾਂ ਸ਼ਰਣ ਲਈ ਹੈ, ਇਹ ਗੁਰਦਵਾਰਾ ਕਲਗੀਧਰ ਪਿਤਾ ਦਾ ਹੈ। ਉਹ ਸ਼ਰਣ ਦੇ ਦਾਤੇ ਹਨ, ਤੁਸੀਂ ਆਪਾ ਭੁੱਲ ਕੇ ਸੇਵਾ ਕਰੋ, ਤੁਹਾਨੂੰ ਇਥੋਂ ਕੋਈ ਵੀ ਜਾਣ ਨੂੰ ਨਹੀਂ ਕਹੇਗਾ। ਇਹ ਇਸੇ ਹੀ ਤਰ੍ਹਾਂ ਹੋਇਆ। ਪੁਲਿਸ ਨੇ ਕਈ ਛਾਪੇ ਮਾਰੇ, ਕਈ ਪੁੱਛ ਪੜਤਾਲਾਂ ਹੋਈਆਂ ਪਰ ਕੋਈ ਵੀ ਛਾਪਾ ਸਫਲ ਨਾ ਹੋਇਆ ਕਿਉਂਕਿ ਜੋ ਵੀ ਮੁੱਦਈ ਨਾਲ ਆਏ। ਉਹ ਇਸ ਸਿੰਘ ਨੂੰ ਪਛਾਣ ਨਾ ਸਕੇ ਤੇ ਉਹ ਮੋਨਧਾਰੀ ਚੁੱਪ-ਚਾਪ ਖੜ੍ਹਾ ਰਹਿੰਦਾ ਸੀ। ਸੁਭਾਉ ਅੰਦਰ ਸ਼ਾਂਤੀ ਉਸ ਦੀ ਤਾਸੀਰ ਬਣ ਗਈ ਸੀ। ਸੰਤ ਜੀ ਮਹਾਰਾਜ ਦੇ ਹੁੰਦੇ ਉਹ ਮਨੁੱਖ ਜੋ ਇਕ ਵਾਰੀ ਆਪ ਜੀ ਨਾਲ ਗੰਢਿਆ ਗਿਆ ਮੁੜ ਕੇ ਕਦੇ ਵੀ ਟੁੱਟਾ ਨਹੀਂ। ਪਰ ਨਾਲ ਹੀ ਰਹਿਤ ਬਹਿਤ ਤੇ ਸਿਮਰਨ ਟਹਿਲ ਇਨ੍ਹਾਂ ਗੱਲਾਂ ਦੀ ਢਿੱਲ ਆਪ ਜੀ ਨੇ ਕਦੇ ਕਿਸੇ ਸੇਵਕ ਨੂੰ ਨਹੀਂ ਦਿਤੀ।

## ਗੁਰੂ ਪੰਥ ਦੀ ਸੇਵਾ?

ਮਹਾਰਾਜਾ ਨਾਭਾ ਸ੍ਰੀ ਮਾਲਵਿੰਦਰ ਬਹਾਦਰ ਰਿਪਦਮਨ ਸਿੰਘ ਜੀ ਦੀ ਗ੍ਰਿਫਤਾਰੀ ਨੇ ਪੰਥ ਅੰਦਰ ਇਕ ਮਹਾਨ ਜਾਗ੍ਰਤ ਪੈਦਾ ਕਰ ਦਿਤੀ। ਉਨ੍ਹਾਂ ਦੀ ਰਿਹਾਈ ਨਮਿਤ ਅਖੰਡਪਾਠ ਜੈਤੋ ਅੰਦਰ ਰੱਖਿਆ ਜੋ ਕਿ ਪੁਲਿਸ ਨੇ ਜਬਰੀ ਬੰਦ ਕਰ ਦਿਤਾ। ਅਖੰਡ ਪਾਠ ਨੂੰ ਮੁੜ ਅਰੰਭ ਕਰਨ ਹਿਤ ਮੋਰਚਾ ਆਰੰਭ ਹੋ ਗਿਆ। ਪੰਜਾਬ ਦੇ ਹਰ ਹਿੱਸੇ ਵਿਚੋਂ ਜੱਥੇ ਤੁਰ ਕੇ ਦੌਰਾ ਕਰਦੇ ਹੋਏ ਜੈਤੋ ਵਲ ਜਾਂਦੇ ਹਨ। ਅੰਗ੍ਰੇਜ਼ ਦੀ ਅਮਲਦਾਰੀ ਅੰਦਰ ਘਟ ਪਰ ਰਿਆਸਤਾਂ ਦੇ ਖਾਸਕਾਰ ਸਿੱਖ ਰਿਆਸਤਾਂ ਅੰਦਰ ਇਸ ਸਮੇਂ ਕਾਫੀ ਸਖਤੀ ਸੀ। ਰਿਆਸਤ ਪਟਿਆਲੇ ਦੇ ਅਫਸਰ ਦਰਬਾਰ ਦੇ ਹੁਕਮ ਨਾਲੋਂ ਹੋਰ ਅੱਗੇ ਵਧ ਚੜ੍ਹ ਕੇ ਹੱਥ ਪੈਰ ਮਾਰਦੇ ਸਨ। ਹਰ ਨਗਰ ਦੀ ਪੰਚਾਇਤ ਤੇ ਸਰਕਾਰ ਦੇ ਆਦਮੀ ਪਹਿਲਾਂ ਹੀ ਸਦ ਲਏ ਜਾਂਦੇ ਕਿ ਕੋਈ ਆਦਮੀ ਜੱਥਿਆਂ ਨੂੰ ਪਾਣੀ ਨਾ ਪਿਲਾਵੇ। ਇਕ ਜੱਥਾ ਅਨੰਦਪੁਰ ਸਾਹਿਬ ਤੋਂ ਚਲ ਕੇ ਰਾਮਪੁਰ ਪੜਾਉ ਕਰਕੇ ਰਿਆਸਤ ਪਟਿਆਲੇ ਦੇ ਹਲਕੇ ਵਿਚੋਂ ਲੰਘ ਕੇ ਜਾਣਾ ਸੀ। ਰਿਆਸਤੀ ਕਾਰਿੰਦੇ ਤੇ ਵੱਡੇ ਅਹਿਲਕਾਰ ਨਗਰਾਂ ਵਿਚ ਭੱਜੇ ਫਿਰ ਰਹੇ ਸਨ ਕਿ ਕੋਈ ਵੀ ਨਗਰ ਕਿਸੇ ਜਗ੍ਹਾ ਵੀ ਜੱਥੇ ਨੂੰ ਲੰਗਰ ਆਦਿਕ ਨ ਦੇਵੇ। ਪਰ ਹੋਰ ਨਗਰਾਂ ਵਾਂਗ ਹੀ ਰਾਮਪੁਰਾ ਵਾਸੀ ਵੀ ਸਮਝਦੇ ਸਨ ਕਿ ਗੁਰੂ ਪੰਥ ਦੇ ਸਿਰਲੱਥ ਪੁੱਤਰ ਜੱਥੇ ਲੈ ਕੇ ਜਾ ਰਹੇ ਹਨ, ਇਨ੍ਹਾਂ ਦੀ ਸੇਵਾ ਕਰਨਾ ਹਰ ਸਿੱਖ ਮਾਤਰ ਦਾ ਪਰਮ ਧਰਮ ਹੈ। ਉਹ ਵਿਚਾਰੇ ਸਰਕਾਰੀ ਕ੍ਰੋਪੀ ਤੋਂ ਵੀ ਡਰਦੇ ਸਨ ਤੇ ਸੇਵਾ ਤੋਂ ਪਿਛਾਂਹ ਵੀ ਨਹੀਂ ਰਹਿ ਸਕਦੇ ਸਨ। ਸੋ ਇਹ ਇਕੱਠੇ ਹੋ ਕੇ ਸੰਤ ਜੀ ਮਹਾਰਾਜ ਪਾਸ ਪੁੱਜੇ ਤੇ ਆਪਣੀ ਇੱਛਾ ਪ੍ਰਗਟ ਕੀਤੀ। ਸੰਤ ਜੀ

ਮਹਾਰਾਜ ਨੇ ਫੁਰਮਾਇਆ, "ਘਰ ਅਸੀਂ ਛੱਡੀ ਬੈਠੇ ਹਾਂ, ਖੋਹਣ ਲਈ ਸਾਡੇ ਪਾਸ ਕੁਝ ਹੈ ਹੀ ਨਹੀਂ, ਫਿਰ ਅਸੀਂ ਪੰਥ ਦੀ ਖੁਸ਼ੀ ਹੀ ਕਿਉਂ ਨਾ ਪ੍ਰਾਪਤ ਕਰੀਏ। ਸੋ ਸਾਰੀ ਹੀ ਸੰਗਤ ਨੇ ਸਾਰੀ ਰਸਦ ਤੇ ਦੁੱਧ ਘਿਉ ਗੁਰਦਵਾਰੇ ਪੁਚਾ ਦਿਤਾ। ਸੰਤ ਜੀ ਨੇ ਲੰਗਰ ਤਿਆਰ ਕਰਵਾ ਕੇ ਢੇਰ ਲਗਾ ਦਿਤੇ ਤੇ ਸਵੇਰ ਤੋਂ ਹੀ ਲੰਗਰ ਵਰਤਣ ਲਗ ਪਿਆ। ਸਾਰੀ ਸੰਗਤ ਨੇ ਪ੍ਰਸ਼ਾਦਿ ਛਕ ਕੇ ਅਰਦਾਸ ਕੀਤੀ। ਸੰਤ ਜੀ ਮਹਾਰਾਜ ਨੇ ਇਕ ਪੁਸਤਕ ਤੇ 125 ਰੁਪਏ ਜੱਥੇ ਦੀ ਭੇਟਾ ਵੀ ਕੀਤੇ ਕਿ ਇਹ ਦਰਸ਼ਨ ਭੇਟ ਹੈ। ਸੋ ਜੱਥੇ ਦੇ ਜਾਣ ਉਪਰੰਤ ਸਰਕਾਰੀ ਕਰਮਚਾਰੀ ਔਖੇ ਭਾਰੇ ਹੋਏ ਪਰ ਹਜ਼ੂਰ ਨੇ ਇੱਕੋ ਗੱਲ ਕਹੀ ਸੀ ਕਿ ਇਹ ਸਭੋ ਕੁਝ ਜੋ ਵੀ ਸਾਡੇ ਅੰਦਰ ਹੈ ਕਿਸੇ ਰਾਜੇ ਦਾ ਨਹੀਂ, ਸਗੋਂ ਕੌਮ ਦੀ ਅਮਾਨਤ ਹੈ। ਫਿਰ ਲੰਗਰ ਦਾ ਪ੍ਰਸ਼ਾਦਿ ਤੇ ਘਰ ਆਈ ਸੰਗਤ ਦੀ ਸੇਵਾ ਸਾਡਾ ਫਰਜ਼ ਹੈ। ਇਹ ਸੇਵਾ ਨਿਭਾਉਂਦਿਆਂ ਜੋ ਵੀ ਕੁਰਬਾਨੀ ਕਰਨੀ ਪਵੇ ਅਸੀਂ ਉਸ ਤੋਂ ਕਦੇ ਵੀ ਪਿਛਾਂਹ ਹਟਣ ਨੂੰ ਤਿਆਰ ਨਹੀਂ ਹਾਂ। ਇਹ ਗੱਦੀਆਂ ਤੇ ਮਹੰਤੀਆਂ ਗੁਰੂ ਪੰਥ ਦੇ ਸਿਰ ਤੋਂ ਵਾਰ ਕੇ ਸੁੱਟੀਆਂ ਜਾ ਸਕਦੀਆਂ ਹਨ। ਇਹ ਸਰਦਾਰੀਆਂ ਹੈ ਹੀ ਖਵਾਰੀ ਦਾ ਮੁੱਢ। ਫਿਰ ਇਨ੍ਹਾਂ ਦੀ ਅਸਾਂ ਸੰਭਾਲ ਹੀ ਕਾਹਨੂੰ ਕਰਨੀ ਹੈ। ਸਰਕਾਰ ਤੰਗ ਕਰੇਗੀ ਅਸੀਂ ਕਿਧਰੇ ਹੋਰ ਜਾਂ ਚੌਂਕੜੀ ਮਾਰਾਂਗੇ। ਉਨ੍ਹਾਂ ਦੀ ਨਜ਼ਰ ਵਿਚ ਜਿਸ ਸਾਧੂ ਦੇ ਕੌਲ ਤੇ ਕਰਮ ਵਿਚ ਫਰਕ ਹੈ ਜੋ ਕਹਿੰਦੇ ਹੋਰ ਤੇ ਕਰਦੇ ਹੋਰ ਹਨ, ਉਹ ਸਾਧ ਨਹੀਂ ਕੇਵਲ ਸਾਧਾਂ ਦੇ ਵਸਤਰ ਧਾਰ ਕੇ ਭੇਖ ਧਾਰੀ ਹੀ ਹਨ।

ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜੀਵਨ ਹਰ ਪੱਖ ਤੋਂ ਰੌਸ਼ਨ ਤੇ ਉਤਮ ਫਿਰ ਬ੍ਰਹਮਗਿਆਨੀ ਦੀ ਆਤਮਾ ਦਰਸ਼ੀ ਹੋਣ ਦੇ ਨਾਲ ਹੀ ਮਨੁਖਤਾ ਲਈ ਇਕ ਮਹਾਨ ਉਸਰਈਆ ਹੋਣ ਦਾ ਦਰਜਾ ਰਖਦਾ ਸੀ। ਅਭਿਆਸ ਸਮੇਂ ਉਹ ਯੋਗੀ, ਕਰਮ ਸਮੇਂ ਉਹ ਕਿਸਾਨ, ਸੇਵਾ ਸਮੇਂ ਉਹ ਧਰਮ ਸੇਵਕ ਤੇ ਮਰਯਾਦਾ ਦੀ ਸਖਤ ਪਹਿਰੇਦਾਰੀ ਕਰਦੇ ਸਮੇਂ ਕਲਗੀਧਰ ਪਿਤਾ ਦੇ ਪਿਆਰੇ ਗੁਰਸਿੱਖ ਸਨ। ਉਹ ਨਮਕ ਨਹੀਂ ਵਰਤਦੇ ਸਨ ਤੇ ਫੁਰਮਾਉਂਦੇ ਸਨ ਭਾਈ ਅੰਗਰੇਜ਼ ਦਾ ਲੂਣ ਖਾ ਕੇ ਵੀਹ ਸਾਲ ਉਸ ਦੀ ਰਫਲ ਮੋਢੇ ਧਰ ਕੇ ਫਿਰਦੇ ਰਹੇ ਹਾਂ। ਹੁਣ ਹੋਰ ਕੀਹਦਾ-ਕੀਹਦਾ ਬੋਝ ਚੁੱਕੀ ਫਿਰੀਏ। ਉਹ ਜੀਵਨ ਨੂੰ ਇਕ ਆਗਿਆਕਾਰੀ ਗੁਰੂ ਸਿੱਖ ਤੇ ਆਗਿਆਕਾਰੀ ਸੇਵਕ ਹੋਣ ਦੀ ਸ਼ਕਲ ਵਿਚ ਸਾਹਿਬ ਬਾਬਾ ਕਰਮ ਜੀ ਦੀ ਹਰ ਆਗਿਆ ਨੂੰ ਧੁਰ ਦਾ ਫੁਰਮਾਨ ਮੰਨਦੇ ਸਨ। ਉਹ ਸਫਲ ਯਾਤਰੂ ਵਾਂਗ ਜੀਵਨ ਮਾਰਗ ਨੂੰ ਇਕ ਸਫਲ ਜੀਵਨ ਪ੍ਰਦਾਨ ਕਰਨਹਾਰ ਸਨ।

ਹਜ਼ੂਰ ਸਾਹਿਬ ਦੀ ਯਾਤਰਾ ਕਰਨ ਸਮੇਂ ਉਨ੍ਹਾਂ ਦੇ ਸਾਹਵੇਂ ਕੇਵਲ ਇਕੋ ਹੀ ਆਦਰਸ਼ ਸੀ ਕਿ ਕੋਈ ਧੁਰ ਦਾ ਪਾਂਧੀ ਮਿਲੇ, ਤਦ ਅਗਲੀ ਤਿਆਰੀ ਦੀ ਗੱਲ ਕਰੀਏ। ਉਥੇ ਉਸ ਸਮੇਂ ਬਾਬਾ ਨਿਧਾਨ ਸਿੰਘ ਜੀ ਲੰਗਰ ਦੀ ਸੇਵਾ ਕਰ ਰਹੇ ਸਨ ਪਰ ਫਿਰ ਵੀ ਬਾਬਾ ਜੀ ਨੇ ਵੱਡੇ ਲੰਗਰ ਤੇ ਬਾਬਾ ਜੀ ਦੇ ਲੰਗਰ ਦੋਹਾਂ ਨੂੰ ਇਕੋ ਜਿਹੀ ਮਾਇਆ ਲੰਗਰ ਹਿਤ ਬਖਸ਼ੀ। ਬਾਬਾ ਜੀ ਦੇ ਲੰਗਰ ਹੋ ਗਿਆ। ਪਰ ਦਰਬਾਰ ਵਾਲੇ ਢਿਲ ਮੱਠ ਕਰਨ ਲੱਗੇ ਤਦ ਬਾਬਾ ਜੀ ਜਲਾਲ ਵਿਚ ਆ ਗਏ ਤੇ ਫੁਰਮਾਇਆ, ਅਸਾਂ ਇਹ ਪੈਸੇ ਕਿਸੇ ਤੋਂ ਮੰਗ ਕੇ ਜਾਂ ਫਿਰ ਸ਼ਾਹੀ ਖਜ਼ਾਨੇ ਵਿਚੋਂ ਦਾਨ ਲੈ ਕੇ ਨਹੀਂ ਬਣਾਏ। ਇਹ ਦਸਾਂ ਨਹੁੰਆਂ ਦੀ ਕਿਰਤ ਤੇ ਸੰਗਤ ਦੀ ਹਿੰਮਤ ਉਤਸ਼ਾਹ ਤੇ ਕਲਗੀਧਰ ਜੀ ਨਾਲ ਪਿਆਰ ਵਜੋਂ ਬਣੇ ਹਨ। ਸਾਡੀ ਹਰ ਦਮੜੀ ਖ਼ੂਨ ਪਸੀਨੇ ਦੀ ਕਮਾਈ ਤੋਂ ਬਣੀ ਹੈ, ਅਸਾਂ ਉਸ ਨੂੰ ਐਵੇਂ ਹੀ ਨਹੀਂ ਸੁੱਟ ਕੇ, ਤੁਹਾਨੂੰ ਖਾਣ ਦੇਣੀ।" ਆਖਰ ਪੁਜਾਰੀ ਝੁਕ ਗਏ ਤੇ ਸੰਗਤ ਲਈ ਲੰਗਰ ਬਣਾ ਕੇ ਵਰਤਾ ਦਿਤਾ।

ਇਥੇ ਆਪ ਜੀ ਨੇ ਮਾਤਾ ਜੀ ਦੇ ਗੁਰਦਵਾਰੇ ਦੀ ਯਾਤਰਾ ਕੀਤੀ। ਬਾਬਾ ਮਿਤ ਸਿੰਘ ਜੀ ਨਿਹੰਗ ਸਿੰਘ ਦੇ ਦਰਸ਼ਨ ਕੀਤੇ। ਬਉਲੀ ਦੀ ਨੀਂਹ ਰੱਖੀ ਤੇ ਪੰਜ ਸੌ ਦਮੜੇ ਮਦਦ ਵੀ ਕੀਤੀ। ਉਸੇ ਹੀ ਸਾਲ ਆਪ ਜੀ ਵਿਸਾਖੀ ਸਮੇਂ ਦਮਦਮੇ ਸਾਹਿਬ ਗੁਰੂ ਕੀ ਕਾਸ਼ੀ ਗਏ ਸਨ। ਰਸਤੇ ਵਿਚ ਆਪ ਜੀ ਮਸਤੂਆਣੇ ਰਹੇ ਤੇ ਅਕਾਲ ਬੂੰਗੇ ਸੰਤ ਅਤਰ ਸਿੰਘ ਜੀ ਦੇ ਨਿਜੀ ਅਸਥਾਨ ਪਰ ਟਿਕੇ। ਇਥੋਂ ਹੀ ਆਪ ਪਹਿਲਾਂ ਕਾਂਜਲੇ ਸੰਤ ਬਿਸ਼ਨ ਸਿੰਘ ਜੀ ਪਾਸ ਵੀ ਗਏ। ਦਮਦਮੇ ਜੋ ਅੱਜਕੱਲ੍ਹ ਪੰਜਵਾਂ ਤਖਤ ਸਥਾਪਨ ਹੋ ਗਿਆ ਹੈ ਤਦੋਂ ਵੀ ਤਖਤ ਕਰਕੇ ਹੀ ਪੂਜਿਆ ਜਾਂਦਾ ਸੀ। ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਜਿਨ੍ਹਾਂ ਦੀ ਪ੍ਰਭੁਤਾ ਉਸ ਸਮੇਂ ਅਰਸ਼ਾਂ ਨੂੰ ਛੋਹ ਰਹੀ ਸੀ ਤਲਾਬ ਦੀ ਸੇਵਾ ਕਰਵਾ ਰਹੇ ਸਨ। ਉਨ੍ਹਾਂ ਸੇਵਾ ਕਰਦਿਆਂ ਉਠ ਕੇ ਪੂਰਨ ਸਤਿਕਾਰ ਨਾਲ ਬਾਬਾ ਅਤਰ ਸਿੰਘ ਜੀ ਦਾ ਸਵਾਗਤ ਕੀਤਾ ਤੇ ਸੰਗਤਾਂ ਨੂੰ ਮੁਖਾਤਬ ਕਰਕੇ ਫੁਰਮਾਇਆ, ਆਉ ਸਾਧ ਸੰਗਤ ਤੁਹਾਨੂੰ ਪਰਮ ਹੰਸਾਂ ਦੇ ਦਰਸ਼ਨ ਕਰਾਈਏ। ਇਸ ਤਰ੍ਹਾਂ ਆਤਮ ਦਰਸ਼ਤਾ ਗਿਆਨ ਤੇ ਹੋਰ ਵਿਚਾਰਾਂ ਕਰਕੇ ਦੋਵੇਂ ਮਹਾਂਪੁਰਸ਼ ਅੱਡ ਹੋ ਗਏ। ਤੁਰਨ ਸਮੇਂ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਨੇ ਕਿਹਾ, ਤੁਸੀਂ ਆਪਣੇ ਘਰ ਕਦੋਂ ਚਲਣਾ ਹੈ? ਅੱਗੋਂ ਸੰਤ ਮਸਤੂਆਣਾ ਕਹਿਣ ਲੱਗੇ, ਆਪ ਜਦੋਂ ਵੀ ਸੱਦੋਗੇ ਚਲਾਂਗੇ ਪਰ ਤੁਸਾਂ ਦਸ ਦਿਨ ਪਹਿਲਾਂ ਸੰਦੇਸ਼ ਭੇਜਣਾ। ਫਿਰ ਇਥੇ ਦੇਰ ਨਹੀਂ ਲੱਗੇਗੀ। ਤੇ ਸੰਤ ਅਤਰ ਸਿੰਘ ਜੀ ਮਹਾਰਾਜ ਇਸੇ ਹੀ ਸਾਲ ਫਿਰ ਹਰਿਦਵਾਰ ਤੇ ਹੋਰ ਸਥਾਨਾਂ ਤੇ ਹੋ ਕੇ ਸੈਦੂ ਪੁੱਜ ਗਏ ਜਿਥੇ ਵੱਡੇ ਸਾਹਿਬ ਬਾਬਾ ਕਰਮ ਸਿੰਘ ਜੀ ਦਾ ਸਰੀਰ ਅੰਤਮ ਸੰਸਕਾਰ ਕਰਕੇ ਪ੍ਰਵਾਹ ਕਰ ਦਿਤਾ ਸੀ। ਇਥੇ ਆਪ ਸਰਦੀਆਂ ਵਿਚ ਗਏ ਸਨ। ਬਾਬਾ ਬਿਸ਼ਨ ਸਿੰਘ ਜੀ ਦਸਦੇ ਹਨ ਕਿ ਆਪ ਜੀ ਬਰਫ ਦੀ ਵਰਖਾ ਵਿਚ ਇਸ ਤਰ੍ਹਾਂ ਬੈਠੇ ਰਹਿੰਦੇ ਸਨ ਜਿਸ ਤਰ੍ਹਾਂ ਕੋਈ ਮਨੁੱਖ ਗਰਮੀਆਂ ਸਮੇਂ ਦਰਖਤ ਹੇਠਾਂ ਬੈਠਾ ਹੁੰਦਾ ਹੈ। ਜਦੋਂ ਬਰਫ ਦਾ ਭਾਰ ਵਧ ਜਾਂਦਾ ਹੈ, ਆਪ ਮੋਢੇ ਛੰਡ ਕੇ ਫਿਰ ਉਸੇ ਤਰ੍ਹਾਂ ਅਭਿਆਸ ਵਿਚ ਲਗ ਜਾਂਦੇ ਸਨ।

*'ਚਲਦਾ............।'*

*(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ ਧੰਨਵਾਦ ਸਹਿਤ*

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ -56 )*

ਫਿਰ ਜੋ ਜਗਤ ਰਖਿਅਕ ਨਾਲ ਓਥੇ ਵਰਤੀ ਉਹ ਜਾਣੇ ਪਰ ਸਾਡੀ ਸਮਝ ਗੋਚਰਾ ਕਰਨ ਲਈ ਸਾਡੀ ਬੋਲੀ ਤੇ ਸਾਡੇ ਤਰੀਕੇ ਵਿਚ, ਸਾਡੇ ਸਾਮਾਨ ਦੇ ਵਾਂਗੂੰ ਜੋ ਕਿਹਾ ਜਾ ਸਕਦਾ ਹੈ, ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦੋਂ ਐਉਂ ਦੱਸਿਆ ਹੈ -

*ਹਉ ਢਾਢੀ ਵੇਕਾਰੁ ਕਾਰੈ ਲਾਇਆ ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥*
*ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ ੨੭ ॥ ਸੁਧੁ*
*ਅੰਗ - ੧੫੦*

ਜਨਮ ਸਾਖੀ ਨੇ ਸਾਡੀ ਸਮਝ ਗੋਚਰਾ ਕਰਨੇ ਲਈ ਐਉਂ ਦੱਸਿਆ ਹੈ ਕਿ ਅਰਸ਼ਾਂ ਤੋਂ ਕੋਈ ਨੂਰੀ ਆਏ ਤੇ ਗੁਰੂ ਜੀ ਦੇ ਆਤਮਾ ਨੂੰ ਵਾਹਿਗੁਰੂ ਦੇ ਦੇਸ਼ ਲੈ ਗਏ। ਜਿਤ ਦਰ ਦੇਵੀ ਦੇਵ ਅਵਤਾਰ ਪੀਰ ਪੈਕਾਂਬਰ ਖੜ੍ਹੇ ਸਿਰ ਝੁਕਾਉਂਦੇ ਹਨ, ਉਹ ਦਰਗਾਹੇ ਧੁਰ ਅੰਦਰ ਸੱਚੇ ਪੁਰਖ ਦੇ ਪਾਸ ਲੈ ਗਏ।

ਤਾਂ ਅੰਮ੍ਰਿਤ ਦਾ ਕਟੋਰਾ ਭਰ ਕਰ ਆਗਿਆ ਨਾਲ ਮਿਲਿਆ। ਹੁਕਮ ਹੋਇਆ, ਨਾਨਕ ਇਹੁ ਅੰਮ੍ਰਿਤ ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਉ। ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ। ਸਾਹਿਬ ਮਿਹਰਵਾਨ ਹੋਯਾ - "ਨਾਨਕ ਮੈਂ ਤੇਰੇ ਨਾਲ ਹਾਂ, ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਅਰ ਜੋ ਤੇਰਾ ਨਾਉਂ ਲੇਵੇਗਾ, ਸੋ ਸਭ ਮੈਂ ਨਿਹਾਲ ਕੀਤੇ ਹੈਨ।' 'ਤੂੰ ਜਾਇ ਕਰ ਮੇਰਾ ਨਾਮ ਜਪਿ। ਅਰ ਲੋਕਾਂ ਥੀਂ ਭੀ ਜਪਾਇ ਅਰੁ ਸੰਸਾਰ ਥੀਂ ਨਿਰਲੇਪ ਰਹੁ, ਨਾਮ, ਦਾਨ, ਇਸ਼ਨਾਨ, ਸੇਵਾ ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ, ਤੂੰ ਏਹਾ ਕਿਰਤ ਕਰ।

ਤਦ ਗੁਰੂ ਜੀ ਨੇ ਮੱਥਾ ਟੇਕਿਆ ਤੇ ਖੜ੍ਹੇ ਹੋ ਕੇ ਇਹ ਸਿਫਤ ਮਹਾਰਾਜ ਦੀ ਗਾਵੀਂ -

*ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥*
*ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥*
*ਸਾਚਾ ਨਿਰੰਕਾਰੁ ਨਿਜ ਥਾਇ ॥*
*ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥*
*ਰਹਾਉ ॥*
*ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥*
*ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੨ ॥*
*ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥*
*ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥*
*ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥*
*ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥*
*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥ ੨॥*
*ਅੰਗ - ੧੫*

ਇਸ ਪਰ ਧੁਨ ਆਈ -

ਨਾਨਕ ਮੇਰਾ ਹੁਕਮ ਤੇਰੀ ਨਦਰੀ ਆਇਆ ਹੈ ਤੂੰ ਮੇਰੇ ਹੁਕਮ ਦੀ ਸਿਫਤ ਕਰ।

ਤਦ ਗੁਰੂ ਜੀ ਬੋਲੇ -

ਹੇ ਪਿਤਾ ਜੀ! ਜੀਵ ਕੀ ਆਖ ਸਕਦਾ ਹੈ, ਜੋ ਮੈਂ ਡਿੱਠਾ ਹੈ ਕਹਿਣ ਜੋਗਾ ਨਹੀਂ! ਤੂੰ ਹੈਂ -ਤਬ ਬਾਬਾ ਬੋਲਿਆ ਰਾਗ ਆਸਾ ਵਿਚ ਜਪੁ ਕੀਤਾ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਤਦ ਫੇਰ ਸੱਚੇ ਪੁਰਖ ਤੋਂ ਆਗਿਆ ਪਾਈ, ਹੁਕਮ ਹੋਆ -

ਨਾਨਕ! ਜਿਸ ਉਪਰਿ ਤੇਰੀ ਨਦਰਿ

ਤਿਸ ਉਪਰਿ ਮੇਰੀ ਨਦਰਿ।

ਜਿਸ ਉਪਰ ਤੇਰਾ ਕਰਮ,

ਤਿਸ ਉਪਰ ਮੇਰਾ ਕਰਮ।

ਮੇਰਾ ਨਾਉਂ ਪਾਰਬ੍ਰਹਮ ਪਰਮੇਸੁਰ।

ਤੇਰਾ ਨਾਉਂ ਗੁਰੂ ਪਰਮੇਸੁਰ।

ਤਬ ਗੁਰੂ ਨਾਨਕ ਪੈਰੀਂ ਪਾਇਆ, ਸਿਰੋਪਾਉ ਦਰਗਾਹੋਂ ਬਾਬੇ ਨੂੰ ਮਿਲਿਆ।

ਤਦ ਗੁਰੂ ਜੀ ਨੇ ਬੜੀ ਨਿੰਮ੍ਰਤਾ ਵਿਚ ਇਹ ਗਾਂਵਿਆ –

*ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥*
*ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥*
*ਨ ਜਾਣਾ ਮੇਉ ਨ ਜਾਣਾ ਜਾਲੀ ॥*
*ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥ ੧ ॥ ਰਹਾਉ ॥*
*ਤੂ ਭਰਪੂਰਿ ਜਾਨਿਆ ਮੈ ਦੂਰਿ ॥*
*ਜੋ ਕਛੁ ਕਰੀ ਸੁ ਤੇਰੈ ਹਦੂਰਿ ॥*
*ਤੂ ਦੇਖਹਿ ਹਉ ਮੁਕਰਿ ਪਾਉ ॥*
*ਤੇਰੈ ਕੰਮਿ ਨ ਤੇਰੈ ਨਾਇ ॥ ੨ ॥*
*ਜੇਤਾ ਦੇਹਿ ਤੇਤਾ ਹਉ ਖਾਉ ॥*
*ਬਿਆ ਦਰੁ ਨਾਹੀ ਕੈ ਦਰਿ ਜਾਉ ॥*
*ਨਾਨਕੁ ਏਕ ਕਹੈ ਅਰਦਾਸਿ ॥*
*ਜੀਉ ਪਿੰਡੁ ਸਭੁ ਤੇਰੈ ਪਾਸਿ ॥ ੩ ॥*
*ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਞਿ ਮਿਆਨੋੁ ॥*
*ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ ॥*
*ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ ॥ ੪ ॥ ੩੧ ॥*

*ਅੰਗ – ੨੫*

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਆਰਤੀ ਵਾਲਾ ਸ਼ਬਦ 'ਗਗਨ ਮੈਂ ਥਾਲ' ਸਤਿਗੁਰਾਂ ਨੇ ਇਸ ਵੇਲੇ ਉਚਾਰਿਆ।

ਉਹ ਮਾਜਰੇ ਨੂੰ ਜੋ ਅਨੰਦ ਤੇ ਅਨਾਦ, ਦੇਸ਼ ਕਾਲ ਰਹਿਤ ਆਪਣੇ ਸੱਚਖੰਡ ਵਿਚ ਵਰਤਿਆ, ਜਿਸ ਦਾ ਅਨੁਭਵ ਜਿਸ ਡਿੱਠਾ ਉਸ ਨੂੰ ਹੈ, ਐਉਂ ਸਮਝ ਸਮਝਾਉਣ ਦਾ ਯਤਨ ਹੋਇਆ ਹੈ। ਭਾਵ ਇਹ ਹੈ ਕਿ ਵਾਹਿਗੁਰੂ ਵਲੋਂ ਸਤਿਗੁਰੂ ਜੀ ਦੇ ਪਰਮ ਤੇ ਪੂਰਨ ਸ਼ੁੱਧ ਆਤਮਾ ਵਿਚ ਰੱਬੀ ਤਾਕਤ ਅਲੂਹੀਅਤ–ਦੈਵੀ ਸ਼ਕਤੀ ਕਿਸੇ ਐਸੇ ਰੰਗ ਵਿਚ ਭਰੀ ਗਈ ਕਿ ਜਿਸ ਨੂੰ ਭਰੀ ਗਈ ਕਹਿਣਾ ਬੀ ਠੀਕ ਨਹੀਂ। ਉਸ ਦਾ ਪ੍ਰਯੋਜਨ ਇਹ ਸੀ ਕਿ ਗੁਰੂ ਜੀ, ਜੋ ਧੁਰੋਂ ਜਗਤ ਰਖਿਆ ਲਈ ਆਏ ਸਨ ਤੇ ਹੁਣ ਤੱਕ ਸੰਸਾਰ ਦੇ ਸਾਰੇ ਤਜਰਬੇ ਕਰਦੇ ਇਸ ਦੁੱਖਾਂ ਨਾਲ ਭਰੇ ਮਨੁੱਖ ਮੰਡਲ ਦੇ ਦੁਖ ਆਪੂੰ ਬੀ ਸਹਿ–ਸਹਿ ਕੇ ਪੂਰੇ ਜਾਣੂੰ ਹੋ ਗਏ ਸਨ, ਆਪਣਾ ਕੰਮ ਆਰੰਭ ਦੇਣ। ਉਹਨਾਂ ਦੀ ਗੁਰੱਤਵ ਸ਼ੁਰੂ ਤੋਂ ਪੂਰਨ ਸੀ, ਉਹਨਾਂ ਦਾ ਰੁਖ ਤੇ ਲਗਨ ਪੂਰੇ ਵਾਹਿਗੁਰੂ ਦੇ ਚਰਨੀਂ ਅਭੇਦ ਸੀ। ਹੁਣ ਵਾਹਿਗੁਰੂ ਜੀ ਨੇ ਇਸ ਮਨੁੱਖ ਜਾਮੇ ਵਿਚ ਦਰਸ਼ਨ ਦੇ ਕੇ ਉਹਨਾਂ ਨੂੰ ਆਪਣੀ (ਵਾਹਿਗੁਰੂ ਦੀ) ਟੇਕ ਤੇ ਸੰਸਾਰ ਉਧਾਰ ਲਈ ਆਗਿਆ ਕੀਤੀ। ਉਹਨਾਂ ਤੇ ਪਹਿਲਾਂ ਤੋਂ ਹੀ ਮਿਹਰ ਸੀ, ਭਾਈ ਗੁਰਦਾਸ ਜੀ ਨੇ ਲਿਖਿਆ ਹੈ – 'ਪਹਿਲਾਂ ਬਾਬੇ ਪਾਯਾ ਬਖਸ਼ ਦਰ' ਤੇ ਜਨਮ ਸਾਖੀ ਦਸਦੀ ਹੈ ਕਿ ਵਾਹਿਗੁਰੂ ਨੇ ਕਿਹਾ ਤੇਰਾ ਨਾਉਂ 'ਗੁਰੂ ਪਰਮੇਸੁਰ' ਸੋ ਉਹਨਾਂ ਵਿਚ ਰੱਬੀ ਸ਼ਕਤੀ ਦਾ ਨਿਵਾਸ ਪਹਿਲੋਂ ਤੋਂ ਪੂਰਨ ਸੀ ਤੇ ਹੁਣ ਪਾਰਬ੍ਰਹਮ ਦੀ ਆਗਿਆ ਸਾਰੇ ਜਗਤ ਵਿਚ ਸਤਿਨਾਮੁ ਦਾ ਛੱਟਾ ਦੇਣ ਦੀ ਸੀ। ਇਸੇ ਮੇਲ ਤੇ ਦਾਤ ਪ੍ਰਾਪਤ ਕਰਨ ਨੂੰ ਗੁਰੂ ਜੀ ਨੇ ਆਪ ਦੱਸਿਆ ਹੈ –

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥* *ਅੰਗ – ੫੯੯*

ਸੋ ਇਸ ਮਨੁੱਖ ਜਾਮੇ ਵਿਚ ਗੁਰੂ ਅਕਾਲ ਪੁਰਖ ਆਪ ਸੀ ਤੇ ਕੋਈ ਦੇਹ ਧਾਰੀ ਗੁਰੂ ਜੀ ਦਾ ਗੁਰੂ ਨਹੀਂ ਸੀ, ਇਹ ਗੱਲ ਬੀ ਉਨ੍ਹਾਂ ਨੇ ਆਪ ਦੱਸੀ ਹੈ –

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥*
*ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ ॥*

*ਅੰਗ – ੯੩੬*

ਗੁਰੂ ਨਾਨਕ ਦੇਵ ਜੀ ਨੂੰ 'ਅਕਾਲ ਪੁਰਖ ਜੋਨੀ ਵਿਚ ਆਇਆ' ਕਹਿਣਾ ਉਨ੍ਹਾਂ ਦੀ ਆਪਣੀ ਸਿਖਿਆ ਵਿਚ ਮਨ੍ਹੇ ਹੈ। ਉਨ੍ਹਾਂ ਨੂੰ ਨਿਰਾ ਮਨੁੱਖ ਕਹਿਣਾ ਬੀ ਉਨ੍ਹਾਂ ਦੀ ਭਾਰੀ ਬੇਅਦਬੀ ਕਰਨਾ ਤੇ ਕੂੜ ਤੋਲਣਾ ਹੈ, ਉਹ ਜੋ ਕੁਛ ਸਨ ਕਿਹਾ ਨਹੀਂ ਜਾਂਦਾ। ਦ੍ਰਿਸ਼ਟਾਂਤ ਇਕ ਸੋਨੇ ਦੀ ਡਲੀ ਦਾ ਹੈ, ਜਿਸ ਨੂੰ ਅੱਗ ਵਿਚ ਪ੍ਰਵੇਸ਼ ਹੋ ਕੇ ਉਸ ਨੂੰ ਅੱਗ ਰੂਪ ਕਰ ਜਾਂਦਾ ਹੈ, ਹੁਣ ਉਹ ਸੋਨਾ ਬੀ ਹੈ ਤੇ ਅੱਗ ਬੀ ਹੈ। ਸਾਰੇ ਗੁਣ ਅੱਗ ਦੇ ਭੀ ਉਸ ਵਿਚ ਹਨ ਤੇ ਉਹ ਸੋਨਾ ਬੀ ਹੈ। ਇਹ ਦ੍ਰਿਸ਼ਟਾਂਤ ਦੇਸ਼ ਕਾਲ ਦਾ ਹੈ ਤੇ ਉਹਨਾਂ ਦੀ ਰਬੀਅਤ ਦਾ ਸੰਬੰਧ ਅਦੇਸ਼ ਅਕਾਲੀ ਤੇ ਅਜ਼ਲੀ ਰਿਸ਼ਤਾ ਹੈ, ਪਰ ਇਹ ਦ੍ਰਿਸ਼ਟਾਂਤ ਕੁਛ ਖਿਆਲ ਦੇ ਜਾਂਦਾ ਹੈ। ਇਸੇ ਵਾਸਤੇ ਗੁਰੂ ਨਾਨਕ ਦੇਵ ਗੋਵਿੰਦ ਰੂਪ ਪੰਜਵੇਂ ਸਤਿਗੁਰਾਂ ਨੇ ਲਿਖਿਆ ਹੈ, ਇਸੇ ਲਈ ਜਨਮ ਸਾਖੀ ਨੇ ਗੁਰੂ ਨਾਨਕ ਦੇਵ ਜੀ ਨੂੰ ਵਾਹਿਗੁਰੂ ਜੀ ਦੀ ਜ਼ੁਬਾਨੀ ਗੁਰੂ ਪਰਮੇਸਰੁ ਲਿਖਿਆ ਹੈ। ਓਥੇ ਵਾਹਿਗੁਰੂ ਆਪ ਨੂੰ ਪਾਰਬ੍ਰਹਮੁ ਪਰਮਸੇਰੁ ਆਖਦਾ ਹੈ। ਇਸੇ ਭੇਤ ਨੂੰ ਭੱਟਾਂ ਨੇ ਪਰਤਖ ਹਰਿ ਤੇ 'ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ' ਕਹਿ ਕੇ ਦਰਸਾਇਆ ਹੈ ਤੇ ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਆਖਿਆ ਹੈ –

*ਨਿਰੰਕਾਰ ਨਾਨਕ ਦੇਉ ਨਿਰੰਕਾਰ ਆਕਾਰ ਬਣਾਯਾ॥*

*ਵਾਰ, ਭਾਈ ਗੁਰਦਾਸ ਜੀ*

ਗੁਰੂ ਜੀ ਨੇ ਆਪਣੀ ਪੂਰਨ ਹਉਮੈਂ ਅਭਾਵਤਾ ਵਿਚ ਆਪਣੇ ਆਪ ਨੂੰ ਵਾਹਿਗੁਰੂ ਦਾ ਢਾਡੀ (ਜਸੁ ਕਰਨ ਵਾਲਾ) ਲਿਖਿਆ ਹੈ ਤੇ ਆਪਣੀ ਰੱਬੀ ਦਾਤ ਪ੍ਰਾਪਤੀ ਦਾ ਆਪੇ ਪਤਾ ਦਿਤਾ ਹੈ –

*ਹਉ ਢਾਢੀ ਵੇਕਾਰੁ ਕਾਰੈ ਲਾਇਆ॥*
*ਰਾਤਿ ਦਿਹੈ ਕੈਵਾਰੁ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥*
*ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ ਸਬਦੁ ਵਜਾਇਆ॥*
*ਨਾਨਕ ਸਚੁ ਸਾਲਾਹਿ ਪੂਰਾ ਪਾਇਆ॥* *ਭਾਈ ਗੁਰਦਾਸ ਜੀ*

*'ਚਲਦਾ..........।'*

# ਪੂਰਨ ਤੰਦਰੁਸਤੀ ਲਈ ਅਨੁਭਵੀ ਮਾਰਗ
# (A Practical Guide To Holistic Health)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ -61)*

## ਅਧਿਆਇ ਤੀਸਰਾ

## ਸ਼ਕਤੀਦਾਇਕ ਖੁਰਾਕ

ਅੰਦਰ ਸ਼ੁੱਧ ਕਰਨ, ਸਾਫ ਕਰਨ ਦੇ ਨਾਲ-ਨਾਲ ਪੁਰਾਤਨ ਲੋਕਾਂ ਨੇ ਸੰਤੁਲਿਤ ਪੌਸ਼ਟਿਕ ਖੁਰਾਕ ਨੂੰ ਵੀ ਓਨੀ ਹੀ ਮਹੱਤਤਾ ਦਿਤੀ ਹੈ। ਸਰੀਰ ਸਾਡਾ ਸੰਪੂਰਨ ਸਮੱਸਤ ਯੰਤਰ ਹੈ, ਅਤਿ ਸ਼ਕਤੀਸ਼ਾਲੀ ਯੰਤਰ ਹੈ। ਇਸ ਯੰਤਰ ਨੂੰ ਸੰਭਾਲਣ, ਕਾਇਮ ਰੱਖਣ ਲਈ ਲੋੜ ਹੈ, ਖੁਰਾਕ ਦੀ। ਸਾਨੂੰ ਪ੍ਰੈਕਟੀਕਲ ਹੋਣਾ ਚਾਹੀਦਾ ਹੈ। ਇਹ ਸਿਖਣਾ ਚਾਹੀਦਾ ਹੈ ਸਾਨੂੰ ਕਿਸ ਤਰ੍ਹਾਂ ਦਾ ਭੋਜਨ ਖਾਣਾ ਚਾਹੀਦਾ ਹੈ, ਕਿੰਨਾ ਖਾਣਾ ਚਾਹੀਦਾ ਹੈ, ਕਿੰਨਾ ਪਾਣੀ ਆਦਿ ਜਾਂ ਤਰਲ ਪਦਾਰਥ ਪੀਣਾ ਚਾਹੀਦਾ ਹੈ। ਨਾ ਤਾਂ ਲੋੜ ਤੋਂ ਵੱਧ ਖਾਣਾ ਪੀਣਾ ਚਾਹੀਦਾ ਹੈ, ਨਾ ਹੀ ਲੋੜ ਤੋਂ ਘੱਟ। ਏਨਾ ਹੀ ਨਹੀਂ ਖਾਣੇ ਦੇ ਗੁਣ, ਕਿਸ ਤਰ੍ਹਾਂ ਨਾਲ ਭੋਜਨ ਤਿਆਰ ਕੀਤਾ ਜਾਂਦਾ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਸਾਨੂੰ ਹਰ ਪੱਧਰ 'ਤੇ ਆਪਣੀ ਸਮਰੱਥਾ ਪਤਾ ਹੋਣੀ ਚਾਹੀਦੀ ਹੈ, ਉਸ ਦੇ ਅਨੁਸਾਰ ਹੀ ਸਾਨੂੰ ਆਪਣੀ ਖੁਰਾਕ ਨਿਯਮਤ ਕਰਨੀ ਚਾਹੀਦੀ ਹੈ। ਏਨਾ ਹੀ ਨਹੀਂ ਬਾਕੀ ਦੀ ਸਾਰੀ ਗਤੀਵਿਧੀ ਵੀ ਆਪਣੀ ਸਮਰਥਾ ਅਨੁਸਾਰ ਹੀ ਨਿਯਮ ਕਰਨੀ ਚਾਹੀਦੀ ਹੈ।

ਕੋਈ ਵੀ ਇਕ ਤਰ੍ਹਾਂ ਦੀ ਖੁਰਾਕ ਸਾਰਿਆਂ ਲਈ ਠੀਕ ਨਹੀਂ ਹੋ ਸਕਦੀ। ਹਰ ਮਨੁੱਖ ਅਨੋਖਾ ਹੈ, ਅਨੂਠਾ ਹੈ, ਵਖਰਾ ਹੈ। ਸਾਡੇ ਸਾਰਿਆਂ ਦੀ ਪਾਚਨ ਸ਼ਕਤੀ ਵਿਚ ਫਰਕ ਹੈ, ਹਰ ਇਕ ਨੂੰ ਵੱਖ-ਵੱਖ ਤਰ੍ਹਾਂ ਦੀ ਪੌਸ਼ਟਿਕਤਾ ਦੀ ਲੋੜ ਹੈ। ਵੱਖ-ਵੱਖ ਮਾਤਰਾ ਦੀ ਲੋੜ ਹੈ, ਕੋਈ ਕਿਸ ਤਰ੍ਹਾਂ ਦਾ ਕੰਮ ਕਰ ਰਿਹਾ ਹੈ, ਪੌਸ਼ਟਿਕਤਾ ਉਸ ਦੇ ਹੀ ਅਨੁਸਾਰ ਹੋਣੀ ਚਾਹੀਦੀ ਹੈ। ਅਸੀਂ ਕਿੱਥੇ ਰਹਿ ਰਹੇ ਹਾਂ, ਵਿਰਸੇ ਵਿਚ ਕੀ ਲਿਆ ਹੈ, ਸਾਡੀ ਸਿਹਤ ਕਿਸ ਤਰ੍ਹਾਂ ਦੀ ਹੈ। ਮਿਸਾਲ ਵਜੋਂ ਇਕ ਖਿਲਾੜੀ ਨੂੰ ਕਿਤੇ ਵੱਧ ਖਾਣੇ ਦੀ ਲੋੜ ਹੈ, ਕੁਰਸੀ ਉਤੇ ਬੈਠ ਕੇ ਕੰਮ ਕਰਨ ਵਾਲੇ ਨੂੰ ਘੱਟ ਤੇ ਵੱਖ ਤਰ੍ਹਾਂ ਦੀ ਖੁਰਾਕ ਦੀ ਲੋੜ ਹੈ। ਜਿਹੜਾ Aretie ਤੇ ਰਹਿੰਦਾ ਹੈ ਉਸ ਨੂੰ ਵਿਟਾਮਿਨ ਡੀ ਦੀ ਲੋੜ ਹੈ। ਜਿਹੜੇ ਗਰਮ ਜਗ੍ਹਾ ਤੇ ਰਹਿੰਦੇ ਹਨ ਉਨ੍ਹਾਂ ਨੂੰ ਇਹ ਲੋੜ ਨਹੀਂ। ਏਸੇ ਤਰ੍ਹਾਂ ਜੇ ਬੀਮਾਰੀ ਤੋਂ ਠੀਕ ਹੋ ਰਿਹਾ ਹੈ, ਕਮਜ਼ੋਰ ਹੈ, ਉਸ ਨੂੰ ਵਧੇਰੇ ਪੌਸ਼ਟਿਕਤਾ ਦੀ ਲੋੜ ਹੈ, ਜਿਵੇਂ ਕਿ ਦੁੱਧ, ਅਨਾਜ। ਜਦੋਂ ਕਿ ਜੇ ਕਿਸੇ ਨੇ ਵਧੇਰੇ ਖਾ ਕੇ ਜਾਂ ਸਿਗਰਟ ਪੀ ਕੇ ਜਾਂ ਹੋਰ ਨਸ਼ੇ (drugs) ਖਾ ਕੇ ਸਰੀਰ ਖਰਾਬ ਕੀਤਾ ਹੈ ਤਾਂ ਉਸ ਨੂੰ ਲੋੜ ਹੈ ਅੰਦਰ ਸਾਫ ਕਰਨ ਦੀ, ਲੋੜ ਹੈ ਫਲ ਖਾਣ ਦੀ। ਸੋ ਕੀ ਖਾਣਾ ਚਾਹੀਦਾ ਹੈ ਇਹ ਵਿਅਕਤੀਗਤ ਗੱਲ ਹੈ। ਸਾਨੂੰ ਸਾਰਿਆਂ ਨੂੰ ਆਪਣੇ ਸਰੀਰ ਨੂੰ ਸਮਝ ਕੇ ਇਸ ਗੱਲ ਤੇ ਨਿਰਣਾ ਲੈਣਾ ਚਾਹੀਦਾ ਹੈ ਕਿ ਕਿਵੇਂ, ਕਿਸ ਸਮੇਂ ਖਾਣਾ ਚਾਹੀਦਾ ਹੈ। ਹਾਂ ਪਰ ਇਕ ਆਮ ਸਾਧਾਰਣ, ਪ੍ਰਚਲਿਤ ਵਿਚਾਰ ਹਨ ਜੋ ਸਾਰਿਆਂ ਤੇ ਲਾਗੂ ਹਨ। ਅਸੀਂ ਉਹ ਦੇ ਰਹੇ ਹਾਂ।

ਸਭ ਤੋਂ ਪਹਿਲੀ ਗੱਲ ਹੈ ਕਿ ਤੁਹਾਨੂੰ ਸੁਆਦ ਲਈ ਨਹੀਂ ਖਾਣਾ ਚਾਹੀਦਾ ਭਾਵ ਕਿ ਸੁਆਦ ਦੇ ਅਧੀਨ ਨਹੀਂ ਹੋਣਾ ਚਾਹੀਦਾ। ਅੱਜ ਦੇ ਸਮੇਂ ਬਹੁਤ ਸਾਰੇ ਲੋਕ ਸੁਆਦ ਲਈ ਹੀ ਖਾਂਦੇ ਹਨ, ਜੋ ਖਾਂਦੇ ਹਨ ਉਸ ਦੀ ਪੋਸ਼ਟਿਕਤਾ ਕੀ ਹੈ ਉਹ ਨਹੀਂ ਦੇਖਦੇ। ਇਹ ਦਸ ਦੇਣਾ ਅਵੱਸ਼ਕ ਹੈ ਕਿ ਸੁਆਦ ਖਾਣਾ ਪੋਸ਼ਟਿਕ ਹੋਵੇਗਾ ਨਾ ਹੀ ਇਹ ਹੈ ਕਿ ਪੋਸ਼ਟਿਕ ਖਾਣਾ ਜ਼ਰੂਰੀ ਨਹੀਂ ਸੁਆਦ ਹੋਵੇਗਾ। ਸੁਆਦ ਸਾਰੇ ਅਸੀਂ ਗ੍ਰਹਿਣ ਕਰਦੇ ਹਾਂ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਬਾਕੀ ਦੀਆਂ ਆਦਤਾਂ। ਨਵੇਂ ਸੁਆਦ ਗ੍ਰਹਿਣ ਕੀਤੇ ਜਾ ਸਕਦੇ ਹਮ ਪਰ ਇਹ ਸਮਝਣ ਦੀ ਲੋੜ ਹੈ ਕਿ ਪੋਸ਼ਟਿਕ ਖਾਣਾ ਸਾਡੇ ਸਰੀਰ ਲਈ, ਮਨ ਲਈ ਵਧੇਰੇ ਠੀਕ ਹੈ। ਖਾਣਾ ਤੁਹਾਡੀ ਅਚੇਤ ਆਦਤ ਨਹੀਂ ਬਣ ਜਾਣੀ ਚਾਹੀਦੀ, ਜਿਵੇਂ ਕਿ ਦੂਸਰੀਆਂ ਅਚੇਤ ਆਦਤਾਂ ਜਿਵੇਂ ਕਿ ਸਿਗਰਟ ਪੀਣਾ, ਸ਼ਰਾਬ ਪੀਣਾ।

ਤੁਸੀਂ ਕੀ ਖਾਂਦੇ ਹੋ, ਕਿਸ ਤਰ੍ਹਾਂ ਖਾਂਦੇ ਹੋ, ਉਸ ਦਾ ਪੂਰਾ-ਪੂਰਾ ਧਿਆਨ ਰੱਖੋ। ਬਹੁਤ ਖਾਣਾ, ਮਸਾਲਿਆਂ ਦੀ ਖੁਸ਼ਬੂ, ਭਰਪੂਰ ਖਾਣਾ, ਬਹੁਤ ਵਧੀਆ ਖਾਣਾ ਭਾਵ ਜਿਸ ਨੂੰ ਅੱਜ ਕੱਲ੍ਹ junk food ਕਹਿੰਦੇ ਹਨ, ਉਹ ਖਾਣਾ ਸਿਹਤ ਲਈ ਬਿਲਕੁਲ ਵੀ ਠੀਕ ਨਹੀਂ ਬਲਕਿ ਸਿਹਤ ਲਈ ਹਾਨੀਕਾਰਕ ਹੈ। ਇਸੇ ਤਰ੍ਹਾਂ ਖਾਣਾ, ਨਿਘਲਣਾ, ਚੰਗੀ ਤਰ੍ਹਾਂ ਨਾਲ ਚਬਾ ਕੇ ਨਾ ਖਾਣਾ, ਖਾਣਾ ਖਾ ਕੇ, ਆਰਾਮ ਨਾ ਕਰਨਾ, ਜਾਂ ਜਦੋਂ ਤੁਸੀਂ ਦਬਾਅ ਵਿਚ ਹੋਵੇ, ਚਿੰਤਾ ਵਿਚ ਹੋਵੇ, ਇਸ ਤਰ੍ਹਾਂ ਨਾਲ ਖਾ ਕੇ ਤੁਹਾਡੇ ਮਿਹਦੇ ਤੇ ਹਾਜ਼ਮੇ ਤੇ ਪ੍ਰਭਾਵ ਪੈਂਦਾ ਹੈ, ਹਾਜ਼ਮਾ ਖਰਾਬ ਹੁੰਦਾ ਹੈ। ਪੇਟ ਨੂੰ ਤੇ ਪਾਚਨ ਸ਼ਕਤੀ ਨੂੰ ਵਧੇਰੇ ਕੰਮ ਕਰਨਾ ਪੈਂਦਾ ਹੈ। ਖਾਣਾ ਆਂਤੜੀਆਂ ਵਿਚ ਸੜਨ ਲਗ ਪੈਂਦਾ ਹੈ। ਇਸ ਤਰ੍ਹਾਂ ਦਾ ਖਾਣਾ ਜ਼ਹਿਰ ਬਣ ਜਾਂਦਾ ਹੈ, ਤੁਹਾਨੂੰ ਉਹ ਖਾਣਾ-ਖਾਣਾ ਚਾਹੀਦਾ ਹੈ ਜਿਹੜਾ ਪਹਿਲੇ ਤੋਂ ਬਜ਼ਾਰ ਵਿਚ ਤਿਆਰ ਨਾ ਕੀਤਾ ਹੋਵੇ। ਮੋਟਾ ਸਾਧਾਰਨ ਖਾਣਾ ਹੋਵੇ ਜਿਸ ਵਿਚ ਕੋਈ ਰਸਾਇਣ ਨਾ ਪਾਏ ਗਏ ਹੋਣ। ਕੇਵਲ ਉਦੋਂ ਹੀ ਖਾਓ

ਜਦੋਂ ਲੋੜ ਹੋਵੇ, ਭੁੱਖ ਲੱਗੇ।

ਮੰਦ ਭਾਗਾਂ ਦੀ ਗੱਲ ਹੈ ਕਿ ਬਹੁਤ ਥੋੜ੍ਹੇ ਲੋਕ ਇਸ ਤਰ੍ਹਾਂ ਕਰਦੇ ਹਨ। ਇਸ ਸਲਾਹ ਅਨੁਸਾਰ ਚਲਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਕੁਦਰਤੀ ਚੀਜ਼ਾਂ ਲਈ ਵੀ ਦੂਸਰੇ ਤਰੀਕਿਆਂ ਦੀ ਵਰਤੋਂ ਕਰਨੀ ਪੈਂਦੀ ਹੈ। ਸਵੇਰੇ ਉਠ ਕੇ ਚਾਹ ਜਾਂ ਜੂਸ ਵਗੈਰਾ ਪੀਣਾ ਪੈਂਦਾ ਹੈ। ਉਸ ਤੋਂ ਬਾਅਦ ਹੀ ਉਨ੍ਹਾਂ ਦਾ ਪੇਟ ਸਾਫ ਹੁੰਦਾ ਹੈ। ਰਾਤ ਨੂੰ ਸੌਣ ਲਈ ਵੀ ਗੋਲੀ ਖਾਣੀ ਪੈਂਦੀ ਹੈ। ਰੋਟੀ ਨਾਲ ਠੰਢਾ ਪੀਣਾ ਪੈਂਦਾ ਹੈ। ਆਪਣੇ ਆਪ ਨੂੰ ਨਿਸਲ ਕਰਨ ਲਈ ਉਹ ਸ਼ਰਾਬ ਦੀ ਵਰਤੋਂ ਕਰਦੇ ਹਨ। ਕਈ ਗੁਣਾਂ ਚੀਨੀ ਦੀ ਵਰਤੋਂ ਤੇ ਨਮਕ ਦੀ ਵਰਤੋਂ ਕਰਦੇ ਹਨ। ਇਹ ਸਾਰੀਆਂ ਚੀਜ਼ਾਂ ਬਹੁਤ ਹਾਨੀਕਾਰਕ ਹਨ। ਬਹੁਤ ਲੂਣ ਨਾਲ ਬਲੱਡ ਪਰੈਸ਼ਰ ਹੋ ਸਕਦਾ ਹੈ ਤੇ ਬਹੁਤ ਚੀਨੀ ਨਾਲ ਸ਼ੂਗਰ ਦੀ ਬਿਮਾਰੀ ਤੇ ਮੋਟਾਪਾ ਹੋ ਜਾਂਦਾ ਹੈ।

ਜਦੋਂ ਕਿ ਖਜੂਰਾਂ ਤੋਂ ਬਣੀ ਚੀਨੀ, ਸ਼ਹਿਦ, ਫਲਾਂ ਦਾ ਜੂਸ ਸਿਹਤ ਲਈ ਬਹੁਤ ਅੱਛਾ ਹੈ। ਇਨ੍ਹਾਂ ਵਿਚ ਤਾਕਤ ਦੀਆਂ ਹੋਰ ਚੀਜ਼ਾਂ ਵੀ ਹੁੰਦੀਆ ਹਨ। ਕਿਤੇ ਵੀ ਤੁਹਾਨੂੰ ਸ਼ੁੱਧ ਚੀਨੀ ਜਾਂ ਨਮਕ ਨਹੀਂ ਮਿਲਦਾ। ਜੇਕਰ ਇਹ ਚੀਜ਼ਾਂ ਸ਼ੁੱਧ ਹੋਣ ਤਾਂ ਇਹ ਦਵਾਈ ਦੀ ਤਰ੍ਹਾਂ ਹੀ ਹੁੰਦੀਆਂ ਹਨ। ਜੇਕਰ ਤੁਸੀਂ ਨਮਕ ਜਾਂ ਚੀਨੀ ਖਾਓ ਜਿਹੜੀ ਸ਼ੁੱਧ ਹੋਵੇ ਤੁਸੀਂ ਦੇਖੋਗੇ ਕਿ ਦਵਾਈ ਦੀ ਤਰ੍ਹਾਂ ਅਸਰ ਕਰਦੀ ਹੈ। ਸੋ ਅਗਲਾ ਰੂਲ ਹੈ ਨਮਕ ਵੀ ਘੱਟ, ਚੀਨੀ ਵੀ ਘੱਟ ਵਰਤੋ।

ਬਹੁਤ ਸਾਰੇ ਲੋਕਾਂ ਨੂੰ ਨਹੀਂ ਪਤਾ ਉਨ੍ਹਾਂ ਲਈ ਕੀ ਖਾਣਾ ਠੀਕ ਹੈ, ਉਨ੍ਹਾਂ ਨੂੰ ਕੀ ਚਾਹੀਦਾ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਉਨ੍ਹਾਂ ਲਈ ਕੀ ਠੀਕ ਹੈ? ਉਨ੍ਹਾਂ ਨੂੰ ਇਹ ਤਾਂ ਪਤਾ ਲਗਦਾ ਹੈ ਕਿ ਕਦੋਂ ਭੁਖ ਲਗਦੀ ਹੈ, ਪਰ ਜਦੋਂ ਭੁੱਖ ਲਗਦੀ ਹੈ, ਜੋ ਵੀ ਮਿਲੇ ਉਹ ਖਾਂਦੇ ਹਨ। ਇਹ ਸੋਚਦੇ ਹੀ ਨਹੀਂ ਉਹ ਕਿੰਨਾਂ ਪੋਸ਼ਟਿਕ ਹੈ। ਉਨ੍ਹਾਂ ਨੂੰ ਨਹੀਂ ਪਤਾ, ਉਨ੍ਹਾਂ ਦੇ ਸਰੀਰ ਨੂੰ ਕੀ ਚਾਹੀਦਾ ਹੈ? ਉਹ ਲੋਕ ਸੋਚਦੇ ਹਨ ਕਿ ਉਹ ਠੀਕ ਖਾ ਪੀ ਰਹੇ ਹਨ। ਪਰ ਠੀਕ ਖੁਰਾਕ ਤੋਂ ਭਾਵ ਹੈ ਜੋ ਪੋਸ਼ਟਿਕ ਹੈ, ਠੀਕ ਤੋਂ ਭਾਵ ਹੈ ਜਿਹੜਾ ਜੀਵਨ ਵਿਚ ਵਿਘਨ ਨਾ ਪਾਏ, ਪਰ ਬਹੁਤ ਸਾਰੇ ਲੋਕਾਂ ਨੂੰ ਪਤਾ ਹੀ ਨਹੀਂ, ਉਹ ਕੀ ਹੈ। ਲੋਕਾਂ ਨੂੰ ਚੇਤਨਾ ਹੋਣੀ ਚਾਹੀਦੀ ਹੈ, ਇਹ ਸਚਾਈ ਪਤਾ ਹੋਣੀ ਚਾਹੀਦੀ ਹੈ, ਜੇ ਉਨ੍ਹਾਂ ਨੂੰ ਖਾਣ ਪੀਣ ਦਾ ਪਤਾ ਹੋਵੇ ਜੇ ਉਸ ਦੀ ਵਰਤੋਂ ਨਾ ਕਰਨ, ਉਹ ਸੁਅਸਥ ਰਹਿ ਹੀ ਨਹੀਂ ਸਕਦੇ। ਜੇ ਉਨ੍ਹਾਂ ਨੂੰ ਥੋੜ੍ਹਾ ਬਹੁਤਾ ਵੀ ਇਸ ਬਾਰੇ ਗਿਆਨ ਹੋਵੇ ਤਾਂ ਉਹ ਵਧੇਰੇ ਚੰਗਾ ਸੁਅਸਥ ਜੀਵਨ ਜੀ ਸਕਦੇ ਹਨ, ਉਹ ਵਧੇਰੇ ਸਿਰਜਨਾਤਮਕ ਹੋ ਸਕਦੇ ਹਨ, ਵਧੇਰੇ ਸਹਾਇਕ ਹੋ ਸਕਦੇ ਹਨ, ਵਧੇਰੇ ਉਪਯੋਗੀ ਹੋ ਸਕਦੇ ਹੋ। ਚੰਗੀ ਖੁਰਾਕ ਖਾ ਕੇ ਉਹ ਆਪਣੇ ਆਪ ਨੂੰ ਬਚਾ ਕੇ ਰਖ ਸਕਦੇ ਹਨ, ਬਿਮਾਰੀ ਤੋਂ ਬੱਚਾ ਸਕਦੇ ਹਨ, ਚੰਗੀ ਸਿਹਤ ਬਣਾ ਸਕਦੇ ਹਨ, ਏਥੋਂ ਤਕ ਕਿ ਆਪਣੇ ਆਪ ਨੂੰ ਬਿਮਾਰੀਆਂ ਤੋਂ ਬਚਾਅ ਸਕਦੇ ਹਨ।

ਜਿਸ ਤਰ੍ਹਾਂ ਕੇ ਪੁਰਾਤਨ ਪੋਥੀਆਂ ਵਿਚ ਦਸਿਆ ਗਿਆ ਹੈ, ਭੋਜਨ ਨੂੰ ਦੋ ਵੱਖ-ਵੱਖ ਵਰਗਾਂ ਵਿਚ ਵੰਡਿਆ ਗਿਆ ਹੈ, ਪੇਟ ਨੂੰ ਸਾਫ ਰੱਖਣ ਵਾਲਾ, ਦੂਸਰਾ ਪੋਸ਼ਟਿਕ ਭੋਜਨ। ਫਲ ਪੇਟ ਦੀ ਸਫਾਈ ਕਰਦੇ ਹਨ, ਜਦੋਂ ਕਿ ਸਬਜ਼ੀਆਂ, ਅਨਾਜ, ਦਾਲਾਂ, ਦੁੱਧ ਦਹੀਂ ਇਹ ਸਭ ਪੋਸ਼ਟਿਕ ਹਨ। ਰੋਜ਼ ਦੀ ਖੁਰਾਕ ਵਿਚ ਦੋਨੋਂ ਤਰ੍ਹਾਂ ਦਾ ਭੋਜਨ ਹੋਣਾ ਜ਼ਰੂਰੀ ਹੈ। ਤਰਲ ਪਦਾਰਥਾਂ ਤੇ ਦੂਸਰੀਆਂ ਖਾਣ ਵਾਲੀਆਂ ਚੀਜ਼ਾਂ ਦਾ ਸੰਤੁਲਨ ਹੋਣਾ ਚਾਹੀਦਾ ਹੈ। ਆਮ ਲੋਕਾਂ ਲਈ 40% ਅਨਾਜ 20% ਬੀਨਜ਼ 20% ਸਬਜ਼ੀਆਂ 15% ਫਲ ਤੇ ਕੱਚੀਆਂ ਸਬਜ਼ੀਆਂ, ਸਲਾਦ 5% ਦੁੱਧ, ਦਹੀਂ ਸਰਦੀਆਂ ਵਿਚ ਫਲ ਘੱਟ ਖਾਣੇ ਚਾਹੀਦੇ ਹਨ ਕਿਉਂਕਿ ਉਹ ਠੰਢੇ ਹੁੰਦੇ ਹਨ, ਗਰਮੀਆਂ ਵਿਚ ਫਲ ਤੇ ਕੱਚੀਆਂ ਸਬਜ਼ੀਆਂ ਵਧੇਰੇ ਖਾਣੀਆਂ ਚਾਹੀਦੀਆਂ ਹਨ। ਅਨਾਜ ਗਰਮੀਆਂ ਵਿਚ ਘੱਟ ਖਾਣਾ ਚਾਹੀਦਾ ਹੈ ਇਸ ਤਰ੍ਹਾਂ ਨਾਲ ਪੂਰਾ ਸੰਤੁਲਨ ਹੋ ਜਾਂਦਾ ਹੈ ਪਰ ਬਹੁਤ ਸਾਰੇ ਲੋਕ ਇਕੋ ਪਾਸੇ ਹੋ ਤੁਰਦੇ ਹਨ। ਉਹ ਕੇਵਲ ਕੱਚੀਆਂ ਚੀਜ਼ਾਂ ਹੀ ਖਾਣ ਲੱਗ ਪੈਂਦੇ ਹਨ। ਭਾਵੇਂ ਬਹੁਤ ਸਾਰੀਆਂ ਸਬਜ਼ੀਆਂ, ਕੱਚੀਆਂ ਖਾਣੀਆਂ ਠੀਕ ਹਨ, ਫਲ ਖਾਣੇ ਠੀਕ ਹਨ, ਪਰ ਸਾਰੀਆਂ ਚੀਜ਼ਾਂ ਜਿਹੜੀਆਂ ਸੰਤੁਲਤ ਖੁਰਾਕ ਬਣਾਉਂਦੀਆਂ ਹਨ, ਉਹ ਕੱਚੀਆਂ ਨਹੀਂ ਖਾਧੀਆਂ ਜਾ ਸਕਦੀਆਂ। ਫਲੀਆਂ, ਕੱਚੀਆਂ ਖਾਣੀਆਂ, ਹਜ਼ਮ ਕਰਨੀਆਂ ਔਖੀਆਂ ਹੋ ਸਕਦੀਆਂ ਹਨ, ਉਹ ਤਾਂ ਬਣਾ ਕੇ ਰਿੰਨ ਕੇ ਹੀ ਖਾਈਆਂ ਜਾ ਸਕਦੀਆਂ ਹਨ। ਬਹੁਤ ਸਾਰੀਆਂ ਸਬਜ਼ੀਆਂ ਵਿਚ ਕਈ ਹਾਨੀਕਾਰਕ ਰਸਾਇਣ ਹੁੰਦੇ ਹਨ ਜਿਹੜੇ ਬਣਾ ਕੇ ਰਿੰਨ ਕੇ ਹੀ ਖਤਮ ਹੁੰਦੇ ਹਨ। ਬਹੁਤ ਸਾਰੇ ਕੱਚੇ ਪਦਾਰਥ ਆਂਤੜੀਆਂ ਹੀ ਨਹੀਂ ਅਪੈਨਡੈਕਸ (appandix) ਮੇਹਦਾ ਵੀ ਕੱਚੀਆਂ ਪਦਾਰਥਾਂ ਹਜ਼ਮ ਨਹੀਂ ਕਰ ਸਕਦਾ। ਜੇ ਤੁਸੀਂ ਸੁੱਕੇ ਫਲਾਂ ਤੇ ਰਹਿਣਾ ਚਾਹੋ, ਤੁਹਾਡਾ ਮਿਹਦਾ ਕਿਸੇ ਸਮੇਂ ਕੰਮ ਕਰਨਾ ਬੰਦ ਕਰ ਦੇਵੇਗਾ, ਬਹੁਤ ਸਾਰੇ ਟੁਕੜੇ ਅੰਦਰ ਪਏ ਰਹਿ ਕੇ ਸੜ ਜਾਂਦੇ ਹਨ ਤੇ ਫੇਰ ਗੈਸ ਬਣ ਜਾਂਦੀ ਹੈ ਤੇ ਮਰੋੜ ਤੇ ਹੋਰ ਕਈ ਕੁਝ ਹੋ ਜਾਂਦਾ ਹੈ।

ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਸ਼ਾਕਾਹਾਰੀ ਹੋ ਕੇ ਮੀਟ ਖਾਣ ਵਾਲੇ ਹੋ, ਅਸੀਂ ਇਥੇ ਏਸ ਪੱਖ ਦੀ ਗੱਲ ਨਹੀਂ ਕਰ ਰਹੇ। ਅਸੀਂ ਤਾਂ ਪੋਸ਼ਟਿਕ ਅਹਾਰ ਦੀ ਗੱਲ ਕਰ ਰਹੇ ਹਾਂ। ਇਹ ਗੱਲ ਠੀਕ ਹੈ ਕਿ ਸ਼ਾਕਾਹਾਰੀ ਖਾਣਾ, ਚੰਗੇ ਪੋਸ਼ਟਿਕ ਤੱਤ ਦੇ ਦਿੰਦਾ ਹੈ। ਜਿਹੜੇ ਲੋਕ ਅਧਿਆਤਮਕ ਜੀਵਨ ਜੀਉਣਾ ਚਾਹੁੰਦੇ ਹਨ, ਉਨ੍ਹਾਂ ਲਈ ਸ਼ਾਕਾਹਾਰੀ ਖੁਰਾਕ ਲਾਭਦਾਇਕ ਹੋ ਸਕਦੀ ਹੈ। ਪਰ ਜੇ ਤੁਸੀਂ ਮਾਸ ਖਾਣਾ ਛੱਡ ਕੇ ਚੰਗਾ ਸ਼ਾਕਾਹਾਰੀ ਖਾਣਾ ਨਹੀਂ ਲੈ ਰਹੇ, ਗਲਤ ਚੀਜ਼ਾਂ ਖਾ ਰਹੇ ਹੋ ਜਿਵੇਂ ਮਠਿਆਈ, ਆਈਸ ਕਰੀਮ, ਪੇਸਟੀਆਂ ਤਾਂ ਇਹ ਗਲਤ ਹੈ, ਇਹ ਸਭ ਕੁਝ ਹਾਨੀਕਾਰਕ ਹੋ ਸਕਦਾ ਹੈ। ਜੇ ਤੁਸੀਂ ਮਾਸ ਨਹੀਂ ਖਾਣਾ ਤਾਂ ਚੰਗੇ ਗੁਣਾ ਵਾਲਾ ਸ਼ਾਕਾਹਾਰੀ ਪੋਸ਼ਟਿਕ ਅਹਾਰ ਖਾਓ।

***'ਚਲਦਾ.........।'***

(ਪੰਨਾ 51 ਦੀ ਬਾਕੀ)

*ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥*
*ਅੰਗ - ੫੫੮*

ਮਨ ਦਾ ਹੀ ਸਾਰਾ ਰੌਲਾ ਪਿਆ ਹੋਇਆ ਹੈ। ਮਨ ਨੂੰ ਉਪਦੇਸ਼ ਹੈ -

*ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥*
*ਅੰਗ -੩੪੦*

ਆਪਾਂ ਸਤਿਸੰਗ 'ਚ ਆ ਕੇ ਕਿੰਨੇ ਪਿਆਰ 'ਚ ਕਥਾ ਸੁਣਦੇ ਹਾਂ। ਮਨ ਮਨਾਉਣ ਦਾ ਢੰਗ ਮਿਲਦਾ ਹੈ ਕਿ ਕਿਵੇਂ ਮਨ ਨੂੰ ਮਨਾਇਆ ਜਾਵੇ। ਮਨ ਨੇ ਦੌੜਨਾ ਹੈ, ਮਨ ਦੀ ਸਵਾਰੀ ਹੈ ਪਉਣ, ਸਵਾਸ।

*ਚਲਤ ਅਠਾਰ੍ਹਾਂ, ਬੈਸਤ ਬਾਰ੍ਹਾਂ,*
*ਸੋਵਤ ਚੌਬੀਸ ਜਾਤ।*

ਸਵਾਸ ਦੀ ਰਫਤਾਰ ਹੀ ਤੇਜ਼ ਹੁੰਦੀ ਹੈ। ਬੈਠਾ ਇਨਸਾਨ 12, ਚਲਦਾ 18, ਸੌਂਦਾ 24, ਗੁੱਸੇ 'ਚ 32, ਵਿਸ਼ੇ-ਵਿਕਾਰਾਂ 'ਚ 64 ਸਵਾਸ ਆਉਂਦੇ ਹਨ। ਮਨ ਦੀ ਸਵਾਰੀ ਹੈ ਸਵਾਸ। ਸਵਾਸ ਨੂੰ ਵੇਖੋ, ਆਉਂਦਾ ਹੈ, ਜਾਂਦਾ ਹੈ, ਇਹ ਇਕ ਜੁਗਤ ਹੁੰਦੀ ਹੈ। ਕਿਉਂਕਿ ਬੈਖਰੀ ਬਾਣੀ 'ਚ ਬੋਲ ਕੇ ਆਪਾਂ ਕਰਦੇ ਹਾਂ, ਉਹਦੇ ਨਾਲ ਸਮਝ ਆ ਜਾਂਦੀ ਹੈ। ਜਿੰਨਾਂ ਵੀ ਗਹਿਰਾ ਸਵਾਸ ਲਿਆ ਜਾ ਸਕਦਾ ਹੈ, ਪ੍ਰਾਣ ਵਾਯੂ ਅੰਦਰ ਜਾਵੇ, ਪੂਰਾ ਸਵਾਸ ਭਰ ਕੇ ਲਵੋ, ਪੇਟ ਬਾਹਰ ਨੂੰ ਆ ਜਾਂਦਾ ਹੈ, ਅੰਦਰ 'ਵਾਹਿ' ਸੁਣੋਂ ਹੁਣ ਛੱਡਣਾ ਹੈ ਸਵਾਸ ਜਦੋਂ ਛੱਡਣਾ ਹੈ 'ਗੁਰੂ' ਸੁਣੋ। ਇਸ ਤਰ੍ਹਾਂ ਦੇ ਨਾਲ ਨਿਤਨੇਮ ਜਦੋਂ ਕਰਦੇ ਹਾਂ। ਪ੍ਰਾਣ ਦੀ ਮਦਦ ਲੈ ਕੇ, ਸਵਾਸ ਦੀ ਮਦਦ ਲੈ ਕੇ, ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਮੰਜ਼ਲ ਤਹਿ ਹੁੰਦੀ ਹੈ। ਨਾਮ ਤੱਕ ਪਹੁੰਚ ਹੋ ਜਾਂਦੀ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

*ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥*
*ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ ੪ ॥*
*ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ ॥ ੫ ॥*
*ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥*
*ਵਡੀ ਆਰਜਾ ਫਿਰਿ ਫਿਰਿ ਜਨਮੈ*
*ਹਰਿ ਸਿਉ ਸੰਗੁ ਨ ਗਹਿਆ ॥ ੬ ॥*
*ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ੭ ॥*
*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਉਹ ਭਾਗਾਂ ਵਾਲੇ ਹਨ, ਜਿਹੜੇ ਸਤਿਗੁਰ ਦੀ ਚਰਨ ਸ਼ਰਨ 'ਚ ਆਉਂਦੇ ਹਨ।

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫਤਿਹ।

********

# ਅਸਥਾਨ ਦੇ ਪ੍ਰੋਗਰਾਮ

**ਮਹੀਨੇ ਦਾ ਪਹਿਲਾ ਐਤਵਾਰ ਬਲੌਂਗੀ ਤੇ ਬਾਕੀ ਤਿੰਨ ਐਤਵਾਰ ਰਤਵਾੜਾ ਸਾਹਿਬ।**

**ਸਮਾਂ - 12.00 ਵਜੇ ਤੋਂ 4.00 ਵਜੇ ਤੱਕ ।**

**ਸੰਗਰਾਂਦ - 13 ਅਪ੍ਰੈਲ, ਦਿਨ ਬੁੱਧਵਾਰ**

**(ਸਮਾਂ ਸਵੇਰੇ 5.30 ਵਜੇ ਤੋਂ 7.30 ਵਜੇ ਤੱਕ)**

**ਪੂਰਨਮਾਸ਼ੀ - 22 ਅਪ੍ਰੈਲ, ਦਿਨ ਸ਼ੁੱਕਰਵਾਰ**

**(ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹੁੰਦਾ ਹੈ।**

**ਰਾਤ ਦੀ ਪੂਰਨਮਾਸ਼ੀ - ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ)**

**(ਸਮਾਂ - ਸ਼ਾਮ 6.00 ਤੋਂ ਰਾਤ 12.00 ਵਜੇ ਤੱਕ)**

# ਸਿਹਤ ਵਿਗਿਆਨ

*ਵੈਦ ਚਰਨ ਕਮਲ ਨਾਥ, ਸਪੁੱਤਰ ਵੈਦ ਮੇਘ ਨਾਥ ਜੀ ਸਿੱਧ, ਧੂਰੀ*
*ਫੋਨ ਨੰ: 98153-04390, 98156-07803*

## ਮੇਥੀ ਕੁਦਰਤ ਦੀ ਅਨਮੋਲ ਦੇਣ

ਸਦੀਆਂ ਤੋਂ ਮੇਥੀ ਦੀ ਵਰਤੋਂ ਮਸਾਲੇ ਜਾਂ ਘਰ ਵਿਚ ਸਬਜ਼ੀ ਭਾਜੀ ਦੇ ਰੂਪ ਵਿਚ ਮਸ਼ਹੂਰ ਹੈ। ਆਯੁਰਵੇਦ ਅਨੁਸਾਰ ਮੇਥੀ ਕਈ ਰੋਗਾਂ ਲਈ ਬਹੁਤ ਵਧੀਆ ਅਸ਼ੋਧੀ ਹੈ। ਇਸ ਨੂੰ ਕੁਦਰਤ ਦੀ ਅਨਮੋਲ ਦੇਣ ਕਹਿ ਸਕਦੇ ਹਾਂ। ਆਪ ਜੀ ਦੇ ਲਾਭ ਲਈ ਇਸ ਦੇ ਕੁਝ ਗੁਣ ਲਿਖੇ ਜਾ ਰਹੇ ਹਨ।

ਜਿਨ੍ਹਾਂ ਇਸਤ੍ਰੀਆਂ ਦੇ ਜਾਪੇ ਵਿਚ ਬੱਚੇ ਲਈ ਦੁੱਧ ਘੱਟ ਆਉਂਦਾ ਹੋਵੇ ਉਨ੍ਹਾਂ ਲਈ ਮੇਥੀ, ਸਤਾਵਰੀ ਅਤੇ ਵਿਦਾਰੀਕੰਧ ਤਿੰਨਾਂ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਬਾਰੀਕ ਚੂਰਣ ਕਰੋ। ਸਵੇਰੇ ਸ਼ਾਮ ਅੱਧੇ ਤੋਂ ਇਕ ਚਮਚ ਦੁੱਧ ਨਾਲ ਸੇਵਨ ਕਰਨ ਨਾਲ ਦੁੱਧ ਪੂਰਾ ਆਉਣ ਲਗ ਜਾਂਦਾ ਹੈ।

ਜਿਨ੍ਹਾਂ ਲੜਕੀਆਂ ਦਾ 16-17 ਸਾਲ ਦੀ ਉਮਰ ਤੱਕ ਸਰੀਰ ਦਾ ਵਿਕਾਸ ਨਹੀਂ ਹੁੰਦਾ ਉਹਨਾਂ ਵਾਸਤੇ ਮੇਥੀ ਦੇ ਦਾਣੇ ਸਬਜ਼ੀ ਵਿਚ ਪਕਾ ਕੇ ਲਗਾਤਾਰ ਵਰਤਣ ਨਾਲ ਲਾਭ ਹੁੰਦਾ ਹੈ ਜਾਂ ਭੁੰਨੇ ਹੋਏ ਮੇਥੀ ਦੇ ਦਾਨਿਆ ਦਾ ਚੂਰਨ ਕਰਕੇ ਇਕ-ਇਕ ਚਮਚ ਕੋਸੇ ਦੁੱਧ ਵਿਚ ਮਿਲਾ ਕੇ ਪੀਣ ਨਾਲ ਤਿੰਨ ਮਹੀਨੇ ਵਿਚ ਲਾਭ ਹੁੰਦਾ ਹੈ।

ਜੇਕਰ ਘੱਟ ਉਮਰ ਵਿਚ ਕੇਸ ਸਫੈਦ ਹੋਣ ਜਾਂ ਬਾਲ ਝੜ ਕੇ ਗੰਜਾਪਨ ਹੋ ਜਾਵੇ ਤਾਂ ਮੇਥੀ ਦੇ ਦਾਨਿਆਂ ਦਾ ਚੂਰਨ ਕਰਕੇ ਇਕ ਚਮਚ+ਲੋਹ ਭਸਮ 100 ਪੁਟੀ 1 ਰਤੀ + ਚਵਨਪਰਾਸ਼ ਤਿੰਨ ਚਮਚ ਇਹ ਇਕ ਖੁਰਾਕ ਇਸ ਤਰ੍ਹਾਂ ਹਰ ਰੋਜ਼ ਸਵੇਰੇ ਸ਼ਾਮ ਸੇਵਨ ਕਰੋ। ਮੇਥੀ ਦੀ ਸਬਜ਼ੀ ਜਾਂ ਮੇਥੀਦਾਨਾ ਸਬਜ਼ੀ ਆਦਿ ਵਿਚ ਪਾ ਕੇ ਖਾਵੋ। ਹਰੀ ਮੇਥੀ ਰਗੜ ਕੇ ਸਿਰ ਤੇ ਲੇਪ ਕਰਕੇ ਦੋ ਘੰਟੇ ਤੱਕ ਰੱਖੋ ਬਾਅਦ ਵਿਚ ਮੁਲਾਤਨੀ ਮਿੱਟੀ ਦਾ ਲੇਪ ਕਰਕੇ ਧੋਵੋ। ਪਾਣੀ ਨਾਲ ਸਿਰ ਧੋਣ ਉਪਰੰਤ ਕੇਸ ਸੁਕਾ ਕੇ ਮਹਾਂਭ੍ਰਿੰਗਰਾਜ ਤੇਲ ਲਗਾਓ। 4-5 ਮਹੀਨੇ ਵਿਚ ਜਵਾਨੀ ਵਿਚ ਸਫੇਦ ਹੋਏ ਵਾਲ ਕਾਲੇ ਹੋ ਜਾਂਦੇ ਹਨ।

ਗਲੇ ਦੀ ਸੋਜ ਟਾਂਗਸਲ ਵਰਗੇ ਰੋਗਾਂ ਵਿਚ ਮੇਥੀ ਦੇ ਦਾਨਿਆਂ ਦਾ ਕਾੜਾ ਕਰਕੇ ਉਸ ਦੇ ਨਾਲ 2-3 ਵਾਰ ਗਰਾਰੇ ਕਰਨ ਨਾਲ ਲਾਭ ਹੁੰਦਾ ਹੈ। ਮੇਥੀ ਦੇ ਦਾਨਿਆਂ ਦੀ ਭਾਜੀ ਜਾਂ ਸਾਗ ਵਾਯੂ ਨਾਸਕ ਹੈ। ਜੋੜਾਂ ਦਾ ਦਰਦ, ਗਠੀਆ, ਅਧਰੰਗ ਵਿਚ ਇਸ ਦਾ ਸਾਗ ਸਭ ਤੋਂ ਉਤਮ ਹੈ ਅਤੇ ਹੈਜ਼ਾ ਅਤੇ ਗੈਸ ਦੀ ਘਬਰਾਹਟ ਨੂੰ ਦੂਰ ਕਰਦੀ ਹੈ। ਉਲਟੀ, ਬੁਖਾਰ, ਖਾਂਸੀ, ਸਵਾਸ, ਪੇਟ ਦੇ ਕੀੜੇ ਵਾਸਤੇ ਲਾਭਕਾਰੀ ਹੈ।

ਗਰਮੀ ਦੀ ਰੁੱਤ ਵਿਚ ਇਸ ਨਾਲ ਬਰਾਬਰ ਪਾਲਕ ਪਾ ਕੇ ਜਾਂ ਚਲਾਈ ਦਾ ਸਾਗ ਖਾਣਾ ਲਾਭਕਾਰੀ ਹੈ। ਦੇਸੀ ਘੀ ਵਿਚ ਮੇਥੀ ਦੇ ਦਾਨਿਆਂ ਨੂੰ ਭੁੰਨ ਕੇ ਚੂਰਨ 50 ਗ੍ਰਾਮ + 50 ਗ੍ਰਾਮ ਗੁੜ ਮਿਲਾ ਕੇ ਲੱਡੂ ਬਣਾ ਕੇ ਸਰਦੀਆਂ ਵਿਚ ਇਕ-ਇਕ ਸਵੇਰੇ ਸ਼ਾਮ ਖਾਣ ਨਾਲ ਮਹਾਂਯੋਗਰਾਜ ਗੁੱਗਲ ਦੇ ਗੁਣ ਪ੍ਰਾਪਤ ਹੁੰਦੇ ਹਨ। ਕਮਰ ਦਰਦ, ਵਾਯੂ ਦੇ ਦਰਦ ਜੜ੍ਹ ਤੋਂ ਠੀਕ ਹੁੰਦੇ ਹਨ। ਸਰਦੀਆਂ ਵਿਚ ਇਹ ਬਹੁਤ ਵਧੀਆ ਨਾਸ਼ਤਾ ਹੈ।

ਦਹੀਂ ਦੇ ਕੱਪ ਵਿਚ ਮੇਥੀ ਦੇ ਦਾਨਿਆਂ ਦਾ ਬਾਰੀਕ ਚੂਰਨ ਮਿਲਾ ਕੇ ਖਾਣ ਨਾਲ ਮਰੋੜ ਵਾਲੇ ਪਤਲੇ ਦਸਤ ਠੀਕ ਹੋ ਜਾਂਦੇ ਹਨ। ਪੇਟ ਦਰਦ ਨੂੰ ਵੀ ਤੁਰੰਤ ਲਾਭ ਮਿਲਦਾ ਹੈ।

ਮਧੂਮੇਹ (ਸ਼ੂਗਰ), ਨੀਂਦ ਵਿਚ ਬਿਸਤਰੇ ਉਤੇ ਪਿਸ਼ਾਬ ਨਿਕਲਣਾ ਜਾਂ ਜ਼ਿਆਦਾ ਪਿਸ਼ਾਬ ਆਉਣਾ - ਹਰੀ ਮੇਥੀ ਦੀ ਭੁਜੀ ਦਾ ਰਸ ਇਕ ਤੋਲੇ, ਸਫੇਦ ਕੱਥਾ ਇਕ ਚੁਟਕੀ, ਰਾਈ ਦਾ ਚੂਰਨ ਇਕ ਚੁਟਕੀ ਮਿਲਾ ਕੇ ਸਵੇਰੇ ਸ਼ਾਮ ਇਕ ਚਮਚ ਲੈਣ ਨਾਲ ਛੇ ਮਹੀਨੇ ਵਿਚ ਬਹੁਤ ਲਾਭ ਹੁੰਦਾ ਹੈ। ਇਸ ਨਾਲ ਅਗਨਾਸ਼ਏ (ਪੈਂਕਰੀਆਜ਼) ਗ੍ਰੰਥੀ ਨੂੰ ਠੀਕ ਹੋਣ ਵਿਚ ਸਹਾਇਤਾ ਮਿਲਦੀ ਹੈ ਨਾਲ ਹੀ ਸੂਰਜ ਤਾਪੀ ਸ਼ੀਲਾਜੀਤ ਇਕ-ਇਕ ਗ੍ਰਾਮ ਸਵੇਰੇ ਸ਼ਾਮ ਇਸ ਰਸ ਵਿਚ ਪਾ ਕੇ ਰੋਜ਼ ਲੈਣ ਨਾਲ ਮਧੂਮੇਹ (ਸ਼ੂਗਰ) ਨੂੰ ਆਸਚਰਜਨਕ ਲਾਭ ਹੁੰਦਾ ਹੈ।

ਚਾਹ - ਪ੍ਰਦੂਸ਼ਤ ਵਾਤਾਵਰਣ ਅਤੇ ਆਮ ਪ੍ਰਚਲਤ ਚਾਹ ਦੇ ਮਾੜੇ ਪ੍ਰਭਾਵਾਂ ਨੂੰ ਧਿਆਨ ਵਿਚ ਰਖਦੇ ਹੋਏ ਵੈਦ ਮੇਘਨਾਥ ਆਯੁਰਵੇਦਾ (ਰਿਸਰਚ ਸੈਂਟਰ) ਵਲੋਂ ਜੜ੍ਹੀਆਂ ਬੂਟੀਆਂ ਦੇ ਮਿਸ਼ਰਨ ਨਾਲ ਚਾਹ ਤਿਆਰ ਕੀਤੀ ਜਾਂਦੀ ਹੈ। ਜਿਸ ਦਾ ਫਾਰਮੂਲਾ ਆਯੁਰਵੇਦਾ ਆਚਾਰੀਯ ਵੈਦ ਮੇਘਨਾਥ ਸਿੱਧ ਜੀ ਨੇ ਆਪਣੇ 60 ਸਾਲਾਂ ਦੇ ਅਨੁਭਵ ਤਜਰਬੇ ਨਾਲ ਤਿਆਰ ਕੀਤਾ ਹੈ ਜੋ ਡਿਪਾਰਟਮੈਂਟ ਆਫ ਆਯੁਰਵੇਦਾ ਭਾਰਤ ਸਰਕਾਰ ਤੋਂ ਪ੍ਰਮਾਣਿਤ ਹੈ।

ਮੇਘ ਹਰਬਲ ਚਾਹ ਦੇ ਲਾਭ - ਸਵਾਦਿਸ਼ਟ, ਸੁਗੰਧਿਤ, ਚੁਸਤੀ-ਫੁਰਤੀ ਦਾਇਕ, ਕੰਠ ਸੁਧਾਰ, ਲੀਵਰ ਟਾਨਿਕ, ਰਕਤ ਸ਼ੋਧਕ, ਨਜ਼ਲਾ, ਜ਼ੁਕਾਮ, ਪੇਟ ਗੈਸ, ਮਿਹਦੇ ਦੀ ਜਲਣ (ਐਸਿਡ), ਮੋਟਾਪਾ, ਦਿਲ ਦਿਮਾਗ, ਸਿਰ ਦਰਦ (ਮਾਈਗ੍ਰੇਨ) ਬਲੱਡ ਪਰੈਸਰ ਅਤੇ ਸ਼ੂਗਰ ਦੇ ਮਰੀਜ਼ਾਂ ਲਈ ਵਰਦਾਨ ਹੈ। ਮੇਘ ਹਰਬਲ ਚਾਹ ਦੇ ਰੋਜ਼ਾਨਾ ਸੇਵਨ ਨਾਲ ਸਰੀਰ ਵਿਚ ਰੋਗ ਪ੍ਰਤੀਰੋਧਕ ਸ਼ਕਤੀ ਵਧਦੀ ਹੈ ਅਤੇ ਕੈਂਸਰ ਵਰਗੇ ਅਨੇਕ ਪ੍ਰਕਾਰ ਦੇ ਭਿਆਨਕ ਰੋਗਾਂ ਤੋਂ ਬਚਾਅ ਰਹਿੰਦਾ ਹੈ। ਮੇਘ ਹਰਬਲ ਚਾਹ ਦਾ ਹਰ ਉਮਰ, ਹਰ ਮੌਸਮ ਵਿਚ ਸੇਵਨ ਕਰ ਸਕਦੇ ਹਾਂ। ਆਮ ਚਾਹ ਠੀਕ ਤਰ੍ਹਾਂ ਉਬਾਲ ਕੇ ਲੋੜ ਅਨੁਸਾਰ ਦੁੱਧ, ਮਿੱਠਾ ਮਿਲਾ ਕੇ ਹਰ ਰੋਜ਼ ਸੇਵਨ ਕਰੋ, ਹਾਨੀ ਰਹਿਤ ਹੈ।

ਦੇਸ਼ ਵਿਦੇਸ਼ ਵਿਚ ਚਾਹ ਜਾਂ ਹੋਰ ਦਵਾਈਆਂ ਮੰਗਵਾਉਣ ਲਈ ਦਿਤੇ ਨੰਬਰ 98153-04390 ਤੇ ਸੰਪਰਕ ਕਰ ਸਕਦੇ ਹੋ। ਤੰਦਰੁਸਤੀ ਲਈ ਵਰਦਾਨ ਮੇਘ ਹਰਬਲ ਚਾਹ ਪਿਓ ਅਤੇ ਸਿਹਤ ਲਈ ਆਯੁਰਵੈਦਿਕ ਗਿਆਨ ਭੰਡਾਰ ਪੁਸਤਕ ਪੜ੍ਹੋ। (ਲੇਖਕ:ਵੇਦ ਮੇਘਨਾਥ ਸਿੱਧ ਜੀ)

ਪੁਰਾਣੇ ਵਿਗੜੇ ਰੋਗਾਂ ਦੇ ਇਲਾਜ ਮਸ਼ਵਰੇ ਲਈ ਆਪ ਜੀ ਨਿਮਨਲਿਖਤ ਤੇ ਫੋਨ ਕਰਕੇ ਮਿਲ ਸਕਦੇ ਹੋ ।

ਹਰ ਬੁੱਧਵਾਰ ਸ਼ਾਮ 4 ਵਜੇ ਤੋਂ 6 ਵਜੇ ਤੱਕ ਫੇਜ਼ 3 ਬੀ 1, ਰਾਮਗੜ੍ਹੀਆ ਡਾਇਗਨੋਸਟਿਕ ਸੈਂਟਰ (ਰਾਮ ਗੜ੍ਹੀਆ ਭਵਨ) ਮੋਹਾਲੀ ਹਰ ਸੋਮਵਾਰ ਅਤੇ ਸ਼ੁਕਰਵਾਰ ਧੂਰੀ (ਸੰਗਰੂਰ) ਹਰ ਪੂਰਨਮਾਸ਼ੀ ਸ਼ਾਮ 7 ਵਜੇ ਤੋਂ 10 ਵਜੇ ਤੱਕ ਨਿਰਮਲ ਡੇਰਾ ਚੰਗਰ, ਹਿਰਦਾਪੁਰ ਖੇੜੀ ।

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜੀ ਜਾਵੇ –

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**S/B A/C No. 12861000000003** **RTGS/IFSC Code - PSIB0021286**

**Branch Code - C1286**

ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**

**SB A/C No. 12861000000001** **RTGS/IFSC Code - PSIB0021286**

**Branch Code - C1286**

## ਵਿਦੇਸ਼ (Abroad)

**Vishav Gurmat Roohani Mission Charitable Trust**

**Punjab National Bank** **SB A/C No. 0779000100179603**

**RTGS/IFSC Code - PUNB0077900** **Branch Code - 077900**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ **Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901** ਨੂੰ ਭੇਜਿਆ ਜਾਵੇ ਜੀ।

**********

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life | Rs 3000/3020 | |

**Foreign Membership**

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Euro | 50 • | 500 • |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ

| ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ |
|---|---|---|---|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ | ☐ | ☐ | ☐ | ☐ |

ਨਾਮ/Name ਅਤੇ ਪਤਾAddress..........................................................................................................

.......................................................................................................................................

.............................Pin Code........................................Phone.......................... E-mail :..............................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ...........................ਰਾਹੀਂ ਭੇਜ ਰਿਹਾ ਹਾਂ।

ਦਸਖਤ......................

# ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.00 ਤੱਕ (ਐਤਵਾਰ ਤੋਂ ਸ਼ੁਕਰਵਾਰ)**

**ਡਾਕਟਰਾਂ ਦਾ ਸਮਾਂ - ਸਵੇਰੇ 10.00 ਤੋਂ 12.00 ਤੱਕ**

**ਫੋਨ ਨੰ: 0160-2254900, 98786-95178, 92176-93845,**

| | ਡਾਕਟਰ ਦਾ ਨਾਮ | ਸਪੈਸ਼ਲਿਸਟ | ਦਿਨ |
|---|---|---|---|
| 1. | ਡਾ. ਸੁਖਦੇਵ ਕੌਰ ਗਰੇਵਾਲ | ਔਰਤਾਂ ਸਬੰਧੀ ਰੋਗਾਂ ਦੇ ਮਾਹਿਰ | ਸੋਮਵਾਰ |
| 2. | ਡਾ. ਜਸਬੀਰ ਕੌਰ | ਜਨਰਲ ਮੈਡੀਸਨ | " |
| 3. | ਡਾ. ਸਵੇਤਾ | ਫੀਜ਼ੀਓਥਰੈਪਿਸਟ | ਸੋਮਵਾਰ ਤੋਂ ਸ਼ੁਕਰਵਾਰ |
| 4. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਦੇ ਮਾਹਿਰ | ਮੰਗਲਵਾਰ |
| 5. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ (ਐਮ.ਬੀ.ਬੀ.ਐਸ.) | " |
| 6. | ਜੇ.ਪੀ.ਆਈ ਹਸਪਤਾਲ ਮੋਹਾਲੀ ਵਲੋਂ ਡਾਕਟਰ | ਅੱਖਾਂ ਦੇ ਮਾਹਿਰ | " |
| 7. | ਸ੍ਰੀ ਮਾਈਕਲ ਜੀ | ਐਕਸਰੇ ਸਪੈਸ਼ਲਿਸਟ | ਮੰਗਲਵਾਰ-ਵੀਰਵਾਰ |
| 8. | ਡਾ. ਐਮ. ਐਲ. ਕਟਾਰੀਆ | ਜਨਰਲ ਮੈਡੀਸਨ/ਸਰਜਨ, ਐਮ.ਐਸ, ਡੀ.ਐਨ.ਬੀ., ਡੀ.ਓ.ਐਮ.ਐਸ, ਡੀ.ਐਮ.ਆਰ.ਈ, ਫੈਲੋ ਇੰਡੀਅਨ ਅਕੈਡਮੀ ਆਫ ਮੈਡੀਕਲ ਸਪੈਸ਼ਲਿਟੀਜ਼) | ਬੁੱਧਵਾਰ |
| 9. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ ਆਦਿਕ | ਬੁੱਧਵਾਰ |
| 10. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | " |
| 11. | ਡਾ. ਗੁਰਪ੍ਰੀਤ ਕੌਰ ਸੰਧੂ | ਹੋਮਿਉਪੈਥਿਕ ਸਪੈਸ਼ਲਿਸਟ | " |
| 12. | ਡਾ. ਆਰ.ਐਸ ਸੰਧੂ | ਹੱਡੀਆਂ ਅਤੇ ਜੋੜਾਂ ਦੇ ਸਪੈਸ਼ਲਿਸਟ | ਵੀਰਵਾਰ |
| 13. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ | " |
| 14. | ਡਾ. ਐਸ.ਮਲਹੋਤਰਾ | ਔਰਤਾਂ ਸਬੰਧੀ ਰੋਗਾਂ ਦੇ ਮਾਹਿਰ | " |
| 15. | ਡਾ. ਐਸ.ਕੇ ਬਾਂਸਲ | ਜਨਰਲ ਮੈਡੀਸਨ | ਸ਼ੁਕਰਵਾਰ |
| 16. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ, ਏਅਰੋ ਸਪੇਸ ਮੈਡੀਸਨ | " |
| 17. | ਡਾ. ਭਗਤ ਸਿੰਘ ਮੱਕੜ | ਜਨਰਲ ਮੈਡੀਸਨ/ਈ.ਐਨ.ਟੀ/ਬਲੱਡ ਸ਼ੂਗਰ | ਐਤਵਾਰ |
| 18. | ਡਾ. ਜਿੰਦਲ, ਡਾ. ਗਰਗ | ਜਨਰਲ ਮੈਡੀਸਨ | " |

*** ਹੋਮਿਉਪੈਥਿਕ ਡਾ. ਗੁਰਪ੍ਰੀਤ ਕੌਰ ਸੰਧੂ, ਹੋਮਿਉਪੈਥਿਕ ਮੈਡੀਕਲ ਕਾਲਜ ਸੈ: 26, ਚੰਡੀਗੜ੍ਹ ਤੋਂ ਹਰ ਬੁੱਧਵਾਰ ਸਮਾਂ - 10 ਤੋਂ 12 ਵਜੇ ਤੱਕ।**

# ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਸਾਰੇ ਬਲੱਡ ਸੈੱਲ ਕਾਊਂਟ ਟੈਸਟ 3. ਬਲੱਡ ਸ਼ੂਗਰ ਟੈਸਟ 4. ਕਿਡਨੀ ਟੈਸਟ 5. ਲਿਵਰ ਟੈਸਟ 6.ਲਿਪਿਡ ਪਰੋਫਾਈਲ ਟੈਸਟ 7. ਥਾਇਰਾਇਡ ਟੈਸਟ, 8. ਹਿਮਿਓਗਲੋਬਿਨ ਟੈਸਟ 9. ਪੇਸ਼ਾਬ ਟੈਸਟ (ਰੁਟੀਨ ਅਤੇ ਕਲਚਰ) 10. ਸਟੂਲ ਟੈਸਟ, 11. ਈ.ਸੀ.ਜੀ , 12. ਐਕਸਰੇ**

*** ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।**

## ਜ਼ਰੂਰੀ ਸੂਚਨਾ

**ਹਰ ਐਤਵਾਰ ਨੂੰ ਹਸਪਤਾਲ ਖੁੱਲ੍ਹਾ ਰਹੇਗਾ। ਸਮਾਂ 11.00 ਤੋਂ 1.00 ਤੱਕ।**

**ਹਰ ਸ਼ਨੀਵਾਰ ਨੂੰ ਛੁੱਟੀ ਹੋਵੇਗੀ ।**

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

**ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।**

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | | 35/- |
| 3. | ਬਾਤ ਅਗੰਮ ਕੀ (ਸੱਤ ਭਾਗਾਂ ਦਾ ਸੰਗ੍ਰਹਿ) | 400/- | 235/- |
| 4. | ਕਿਵ ਸਚਿਆਰਾ ਹੋਈਐ - (ਤਿੰਨ ਭਾਗਾਂ ਦਾ ਸੰਗ੍ਰਹਿ) | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 55/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਰਾਜ ਯੋਗ | | |
| 21. | ਸਾਜਨ ਚਲੇ ਪਿਆਰਿਆ | 10/- | 10/- |
| 22. | ਅਬਿਨਾਸੀ ਜੋਤ ਭਾਗ - 1 | 90/- | 90/- |
| 23. | ਅਬਿਨਾਸੀ ਜੋਤ ਭਾਗ - 2 | 90/- | |
| 24. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 26. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 27. | ਅੰਮ੍ਰਿਤ ਬਚਨ ਸਾਧ ਕੀ ਬਾਣੀ | | |
| 28. | ਗੁਰੂ ਅਮਰਦਾਸ ਪਰਸੀਐ | 120/- | |
| 29. | ਭਗਵਤ ਗੀਤਾ.............। | 100/- | |
| 30. | ਅਨੰਦਮਈ ਜੀਵਨ ਜਾਚ | 50/- | |
| 31. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 32. | ਅਨੁਭਵੀ ਪ੍ਰਵਚਨ | | |
| 33. | ਰਿਸ਼ੀਆ ਮੁਨੀਆਂ ਦਾ ਬ੍ਰਹਮਗਿਆਨ | 35/- | |
| 34. | ਅੰਦਰਲੀ ਖੋਜ | 300/- | |
| 35. | ਸਿਮਰਤ ਕਹਾਂ ਨਹੀਂ | 135/- | |
| 36. | ਰੂਹਾਨੀ ਪ੍ਰਵਚਨ | 35/- | |
| 37. | 'ਸੇਵਾ ਸਿਮਰਨ ਜੁਗਤੀਆਂ | 250/- | |
| 38. | 'ਮਾਨੁਖ ਤਨ ਦਾ ਪ੍ਰਯੋਜਨ' | | |
| 39. | 'ਯੋਗਾ ਉਪਰ ਲੈਕਚਰ' | | |
| 40. | 'ਕਰਮ ਬੰਧਨ ਤੋਂ ਮੁਕਤੀ' | | |
| 41. | ਜੀਵਨ ਜੁਗਤਿ | | |
| 42. | ਮਾਰਗ ਚੋਣ | 60/- | |
| 43. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 44. | ਆਤਮ ਗਿਆਨ | 120/- | |
| 45. | ਜਨਮ ਪਦਾਰਥੁ ਸਫਲੁ ਹੋਇ | 120/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 46. | ਜਨ ਪਰਉਪਕਾਰੀ ਆਏ (ਭਾਗ -1) | 65/- |
| 47. | ਜਨ ਪਰਉਪਕਾਰੀ ਆਏ (ਭਾਗ -2) | 65/- |
| 48. | ਗੁਰ ਅੰਗਦ ਅਮਰ ਨਿਧਾਨ | 10/- |
| 49. | ਕਲਜੁਗਿ ਜਹਾਜ ਅਰਜੁਨ ਗੁਰ | 100/- |
| 50. | ਧਰਮ ਹੇਤਿ ਸਾਕਾ | 20/- |
| 51. | ਮੰਝ ਗੁਰੂ ਕਾ ਬੋਹਿਥਾ | 30/- |
| 52. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 53. | ਗੁਰੂ ਗ੍ਰੰਥ ਜੀ ਮਾਨਿਉ | 10/- |
| 54. | ਬਾਬਾ ਬੰਦਾ ਸਿੰਘ ਬਹਾਦਰ | 10/- |
| 55. | ਤ੍ਰੈ ਸ਼ਤਾਬਦੀ | 20/- |

| | English Version | Price |
|---|---|---|
| 1. | Baisakhi (ਵੈਸਾਖੀ) | . 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | . 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ ੧) | 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ ੨) | 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ ੩) | 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ ੪) | 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ ੫) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | . 10/- |
| 15. | A Glimpse of His Holiness - Baba ji | . 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 9592009106 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861000000003**

**RTGS/IFSC Code - PSIB0021286\ Branch Code - C1286**

**Our Address: VGRMCT, Gurdwara Ishar Parkash, Ratwara Sahib,**
**(Near Chandigarh) P.o. Mullanpur Garibdas,**
**Teh. Kharar, Distt. S.A.S Nagar (Mohali)**
**140901, Pb. India**

# How to Serve The Lord and Meditate on Him ?

*Sant Waryam Singh Ji*
*English Translation: Prof. Beant Singh*

*(Continued from P. 79, issue March, 2016)*

So, the *'Sohamn Brahm'* chant lost all significance and meaning. He expressed doubts over the omnipotence of God and stated: 'The world universe is created out of atoms; nature is His power; *'Maya'* (Mammon) and ignorance are also His powers. But God is the cause of all causes; He is all-powerful.' Today's researchers of nature tell us that the world got created out of a 'Big Bang'. The big explosion caused disturbance in the void producing energy followed by the emergence of electrons, protons, neutrons and atoms. From their endless permutations and combinations over a very long period of time emerged the world creation. Since they have no belief in *'Chetan Brahm'* (sentient or Conscious Lord Creator), this theory is not regarded as 'true' because which power caused the 'big bang' and gave 'order' to the world. They cannot answer this question because they have examined and explored the created things or objects, but the knowledge and study of the one who created them is incomplete.

After this was composed *'Mimansa Shastra'* which was written after reflecting over the *Yazurveda*. In it, Sage Gemini has stated that the world is functioning on the basis of deeds or actions. As are the deeds of a man so are the fruits he reaps. He founded ritualism and said that bound by desires, the *'jeev'* (man, soul) falls into the long cycle of birth and death. More doubts and apprehensions were created in the mind. Under the illusion of deeds man became deluded. He also stated that *'Maya'* (Mammon) and *'Brahm'* (Creator) are one and it is owing to illusion that the affairs of the world are running. In this *'Shastra'* (holy book), illusion was mixed with *'Tatva Brahm'* [Essential Creator], rituals were implanted, and bound by deeds or actions *'jeev'* (man or soul) is wandering into 84 lakh existences. But due to the absence of the True Guru, these illusions have assumed the form of terrible doubts and misgivings. By performing rituals man desires to attain to heaven. He performs *Yagyas* for the fulfillment of his desires. But doubts continue increasing and without the guidance of the capable and omnipotent Guru, they cannot be annulled. Thereafter, after a study of the *'Sam Veda'*, its thoughts and concepts were introduced. Sage Vyas said, "*Maya* (Mammon; material world) is an illusion. There is none here in existence other than Lord God. The doctrine that he preached *'Aham Brahm Asmi'*, ( I am God) is right but the *'jeev'* (man, soul) caught in 'ego' cannot find liberation by simply saying that 'God is One alone', because he has not learnt to recognize the One. 'Egoism' has enveloped him in darkness.

But caught in ‘egoism’ and ‘pride’ this knowledge makes man an atheist. When the ignorant person whose five illusions have not been annulled, in whom God’s Light has not been lit, whose ‘ego’ has not been effaced says, ‘I am Brahm (God)’, he says this in respect of his physical body that his existence is immortal. Such a one slides into dry intellect or knowledge. It was after writing his holy book that Sage Ved Vyas felt that he had obtained joy and peace within him. He went to Sage Narad and described his state to him. Sage Narad said, “Joy and peace of mind cannot come without singing God’s laudations with devotion.” For liberation, capable Guru is needed. None can swim across the world-ocean without the guidance of the Guru. Similarly, Kapilmuni composed the *‘Sankhya Shastra’* basing it on a study of the *Atharav Veda*. By giving the idea of the permanent and the impermanent, he explained that unless the *‘jeev’* (man, soul, sentient being) gains enlightenment, he cannot achieve liberation even with millions of efforts. Joy and peace will come only with the attainment of Divine knowledge. Then the illusion of transmigration will be effaced. But this sage (Kapil) did not believe in God. He discriminated only truth and untruth. Without the feeling of devotion and worship, this knowledge does not abide in the mind and heart, and man becomes an atheist. Thereafter, Kannad composed ‘*Vishashak Shastra*’. By studying the *Atharav Veda* and reflecting over it, he said that man will reap the fruit of his deeds. The entire universe is functioning under Divine Ordinance. He, who lives in God’s Will and Ordinance, will become absorbed in the state of tranquil meditation or trance. There is nothing in the hand of man. Man should not harbour good or ill in the mind. He should not say – ‘I have done it’. He should rather say – ‘Time has done it’, because he believed in ‘Time’, just as Tenth Guru Sahib also says –

> ***‘At one time, Thou gavest birth to Brahma,***
> ***At another to Shiva or Vishnu.***
> ***For, in every age and at every time, it is Thou who playest Thy play.***
> ***It is from Thee that Shiva, the yogi, came into being.***
> ***And Brahma too, the utterer of the Vedas,***
> ***And all the peoples, and all ages and all times.***
> ***O Greetings be to Thee.’***
>
> ***Kabiovach Benati Chaupai***

**ਕਾਲ ਪਾਇ ਬ੍ਰਹਮਾ ਬਪੁਧਰਾ॥**
**ਕਾਲ ਪਾਇ ਸਿਵਜੂ ਅਵਤਰਾ॥**
**ਕਾਲ ਪਾਇ ਕਰਿ ਬਿਸਨ ਪ੍ਰਕਾਸਾ॥**
**ਸਕਲ ਕਾਲ ਕਾ ਕੀਆ ਤਮਾਸਾ।।**
**ਜਵਨ ਕਾਲ ਜੋਗੀ ਸਿਵ ਕੀਓ॥**
**ਬੇਦ ਰਾਜ ਬ੍ਰਹਮਾ ਜੂ ਥੀਓ॥**
**ਜਵਨ ਕਾਲ ਸਭ ਲੋਕ ਸਵਾਰਾ॥**
**ਨਮਸਕਾਰ ਹੈ ਤਾਹਿ ਹਮਾਰਾ॥**

He gave expression to the belief that as are the deeds of man so are the fruits he reaps. Sage Patanjali explored the inner self and created the *Patanjal Yoga*. By reflecting over the *Atharav Veda* he asserted that man could not attain his supreme object without practising yoga. Restraining and controlling the tendencies of the mind is called yoga. He introduced eight parts of yoga: (i) *Sam* (restraining the mind), (ii) *dum* (restraining the body organs); (iii) *asan* (sitting postures eighty four in number), (iv) *pranayam* (breathing exercises), (v) *brahmcharya* (equipoise or equanimity of mind, (vii) *dhian* (concentration), (viii) *smadhi* (a state of deep meditation in which the mind is absorbed in the object of contemplation). Deep research has been made in this

context. By opening the *Bhujanga* breath passage with the force of *'pranayam'* (breath control) and arousing the sleeping kundalini, the *'chakras'* or ganglions (lotuses) in the body are penetrated – *Mooladhar Chakra* (yellow four-petalled inverted lotus at the anus), *Swadhisthan Chakra* (six-petalled red lotus at the root of penis), *Manipurak Chakra* (ten-petalled blue lotus at the navel), *Anahat Chakra* (twelve-petalled golden lotus in the heart), *Vishudh Chakra* (sixtreen-petalled red lotus in the throat), *Agya Chakra* (two-petalled white lotus between the brows) – and the vital breath reaches the region of the thousand-petalled white lotus. From here the yoga practitioner enters the *'Dasam Duar'* (Tenth Gate; the seat of super consciousness or *smadhi*) where *'Anhad Shabad'* (celestial music) is heard and Divine light is glimpsed. He becomes the master of mundane as well as miraculous or spiritual powers. But here too, it is left incomplete, because Lord God is not attained without love and devotion, as is the Tenth Guru's edict –

***'I say verily unto you all,***
***He who loves, alone finds the Lord.'***
***ਸਾਚ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।***

In this manner continued the functioning of these yugas (ages). In *Kaliyuga*, sin has come to prevail. Performance of deeds alone is not enough. Here God's devotional worship and Name meditation are important. Love and devotion for God has been approved and accepted. In *Kaliyuga*, God's Name is laudable. Bhai Gurdas Ji says –

***'Hear now of Kaliyuga's endeavours spiritual;***
***Of no avail are actions merely ritual.***
***No other prop is there than God's worship devotional.***
***Human incarnation hast thou gotten for deeds noble of previous birth.***
***If God's loving worship is not done now, found shall be no refuge wasting this birth.***
***As sung in the Atharavan Veda, hear of the beneficence of the Dark Age.***
***Only God's loving worship is acceptable now, not 'yagya' and 'hom' (sacrificial rituals) as were in earlier ages.'***

***Bhai Gurdas Ji, Var 1/16***

***ਕਲਿਜੁਗ ਕੀ ਸੁਣ ਸਾਧਨਾ***
***ਕਰਮ ਕਿਰਤ ਕੀ ਚਲੈ ਨ ਕਾਈ।***
***ਬਿਨਾ ਭਜਨ ਭਗਵਾਨ ਕੇ***
***ਭਾਉ ਭਗਤਿ ਬਿਨ ਠੌਰ ਨ ਥਾਈ।***
***ਲਹੇ ਕਮਾਣਾ ਏਤ ਜੁਗਿ***
***ਪਿਛਲੀ ਜੁਗੀਂ ਕਰੀ ਕਮਾਈ।***
***ਪਾਇਆ ਮਾਨਸ ਦੇਹਿ ਕਉ***
***ਐਥੋਂ ਚੁਕਿਆ ਠੌਰ ਨ ਠਾਈ।***
***ਕਲਿਜੁਗ ਕੇ ਉਪਕਾਰ ਸੁਣਿ***
***ਜੈਸੇ ਬੇਦ ਅਥਰਬਣ ਗਾਈ।***
***ਭਾਉ ਭਗਤਿ ਪਰਵਾਣ ਹੈ***
***ਜਗ ਹੋਮ ਤੇ ਪੁਰਬ ਕਮਾਈ।***
***ਕਰਿ ਕੇ ਨੀਚ ਸਦਾਵਣਾ***
***ਤਾ ਪ੍ਰਭੁ ਲੇਖੈ ਅੰਦਰਿ ਪਾਈ।***
***ਕਲਿਜੁਗਿ ਨਾਵੈ ਕੀ ਵਡਿਆਈ॥***

In the rat race for selfish ends going on in the Kaliyuga, man has become totally oblivious of God. Enmity, antagonism and hatred have entered religion and enveloped the world in the darkness of ignorance. As a result, it has become very difficult to swim across the world ocean. It is difficult for the world to be liberated without the *Guru-avatar*. Bhai Gurdas Ji describes the conditions prevailing at that time. The world was full of hatred. By committing sins, it became corrupted and degraded. People started suffering and dying by fighting and squabbling with one another as do the bamboos burn by rubbing with one another. People did what they liked, that is, acted willfully. Some started worshipping

stones, some graves and tombs. Some started worshipping *'marhis'* (memorials built at cremation sites), and some started under-going *'chillas'* (period usually of forty days of solitary meditation and prayer). Fighting increased owing to discord and anger. Whenever an intelligent person appeared on the scene, he devised his own rites and rituals. The world got badly caught in empty and meaningless rituals and became totally agnostic. Many paths emerged in the world. When Prophet Mohammad came, he made his people follow the path of God but he had four close companions also. They were Abubakar Sadiq, Omar Farooq, Usman Gani and Hazrat Ali. So this religion too got divided into many parts. It broke into 72 sects who started fighting among themselves resulting in killing, looting and plundering. The Suni Muslims could not bear to see the Shia Muslims. They became sworn enemies out to kill one another. Those who did not follow Islam were robbed and killed by describing them as infidels. All the Muslim rulers, except Akbar, who invaded and ruled India kept demolishing Hindu temples. They started slaughtering the poor cow. Sin spread on the land. By introducing the Islamic code of offering five *'namaz'* (prayers) and observing thirty fasts and two *'Eids'*, they confined the world in these rituals. Many religious orders of holy men with distinctive dresses came to be formed, such as *Pirs, Pegambers, Auliyas, Ghaus, Kutab* etc. Pride increased too much. Religious intolerance increased and so did enmity and antagonism between infidels and co-relgionists. Countries got alienated from one another. Duality increased. One could not tolerate the other. It was at such a time that Guru Nanak Sahib came into the world. He witnessed the world in flames and felt its aches and sufferings. He met holy men of all shades, opinions and religions – *Auliyas, Pirs, Ghaus, Sidhas, Sadhus*. He removed all the misconceptions and illusions on the path of God in a very simple and easy manner, and by preaching and propagating the religion of Sole Name Divine, he said: "Now is the time of *Kaliyuga* (Dark Age), in which, except God's devotional worship, no other deed can be fruitful. Rituals cause only separation and alienation. The restrictions and restraints of religious codes do not let people unite. *'Tilak'* (sacred mark on the forehead) and *'janzu'* (sacred thread worn by the Hindus) are not to the liking of the Muslims who say *'namaz'* (Muslim prayer). Similarly, the *'baang'* (Muslim's call for prayer) of the latter is not to the liking of the former. God is one; in the world, there is none other than He. Guru Nanak Sahib gave this message to the world and freed man by breaking the hard shackles of rituals, and diagnosing the real malady he said: 'Man is suffering from egoism, and it is due to 'ego' that he regards himself a *'jeev'* (sentient being). The true state is that our Sole God, assuming different forms and pervading everywhere, is running the affairs of the world with His power and Ordinance. The ego of one who understands this Order or Ordinance, is effaced. His sense of separateness is removed and he glimpses One Sole God pervading everywhere. He gains Divine knowledge and insight and all his misunderstandings and illusions are annulled. Without gaining realization of the self, the *'jeev'* (sentient being, man) bound in egoism is caught in

pain and suffering. A capable Guru is needed to gain this Divine knowledge and insight. The Guru bestows the Name-boon which dispels illusion. Man should cultivate an attitude of non-attachment towards the world. His chief task is to engage him in God's loving and devotional worship.' Worship is of nine types, of which loving devotional worship is regarded as the best. Singing God's laudations is counted as a superior means of doing worship. Such is the Guru's edict –

***'In Kaliyuga singing of Divine laudations is the supreme act.***
***By the Guru's (Master's) guidance with concentrated meditation the Name Divine you utter.***
***Such a one saving himself, saves his forebears,***
***And honourably goes to his Divine abode.'***
***P. 1076***

**ਕਲਜੁਗ ਮਹਿ ਕੀਰਤਨੁ ਪਰਧਾਨਾ॥**
**ਗੁਰਮੁਖਿ ਜਪੀਐ ਲਾਇ ਧਿਆਨਾ॥**
**ਆਪਿ ਤਰੈ ਸਗਲੇ ਕੁਲ ਤਾਰੇ**
**ਹਰਿ ਦਰਗਹ ਪਤਿ ਸਿਉ ਜਾਇਦਾ॥**

Guru Sahib implanted Divine knowledge firmly in the mind. In short, he asked the devotees to cultivate non-attachment in their conduct and behaviour. He described the method of doing God's worship, imbibing faith and gaining Divine knowledge. He told the world –

***'The Lord is one and Sole-One and Sole, O brother!***
***Himself He takes life; Himself liberates;***
***Himself he takes away and gives back substance;***
***Himself He watches over the universe in joy,***
***And casts on it the glance of grace.' P. 350***
**ਸਾਹਿਬੁ ਮੇਰਾ ਏਕੋ ਹੈ॥**
**ਏਕੋ ਹੈ ਭਾਈ ਏਕੋ ਹੈ॥**
**ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥**
**ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥**

Guru Sahib started the task of liberating the world from his very childhood. His father Mehta Kalu Ji took him to the *'Paadha'* (Brahmin priest or teacher) at a young age. He was admitted to the Brahmin's school. The Brahmin teacher said, "Mr. Mehta! the child seems to be very intelligent. From the marks on his body, I can see that he will become a great scholar. I shall make him perfect in accounts very soon. Whatever knowledge of literature I have, I shall impart to him. Send him tomorrow with a wooden tablet and a reed pen."

Next day, Guru Nanak Sahib went to the school. The *'Paadha'* (Brahmin teacher) called him and on his wooden tablet wrote with his hand these words: *'Om namo Sidham'*. [May the One Lord accomplish the task!]. When the teacher was going to write the very first letter, Sovereign Guru Nanak Sahib posed this question to him: 'What is that word which you have written on the tablet?' The Brahmin teacher was surprised: "This is the first child who has put a question to me on the very first day." He read out the words to him and said, "It is called an 'invocation'. When some auspicious task is to be undertaken, this invocation is written. I have written these words in prayer to the *'Onkar'* (the Formless yet manifest One, God) that the task may be accomplished." At this Guru Nanak Sahib asked the teacher, "Do you know *'Onkar'*? Has He ever come into your mind?" The Brahmin teacher was wonderstruck: "This little child has posed such a question to which I myself do not know the answer. Neither do I know the *'Onkar'*, nor have I ever seen Him. I have only been writing His name as a formality. O Nanak! I have

only heard about *'Onkar'* (Formless yet manifest One) but I do not know Him." Then Sovereign Guru Nanak Sahib posed his second question: "What do you intend to teach me?" He said, "I will make you fully accomplished in accounts. I will teach fractional multiplication tables. You will become capable of estimating standing crops, materials required for building houses, measure lands, maintain accounts of all kinds of businesses and compute gains and losses. I will teach those letters too by which voluminous scriptures can be read." At this, Guru Sahib asked him, "Respected Paadha Ji! can you tell me of what avail this knowledge of accounts will be in the Divine Court because man is not going to abide in the world for ever? Whoever has come into the world must leave one day. What is born must die; what has come into being, must one day get demolished. In the Divine Court, even big kings have to give an account of their deeds and they are punished also according to the gravity of their misdemeanours. For their noble deeds they are honoured and applauded." On hearing this the *'Paadha'* (Brahmin teacher) was surprised and started thinking, "What is that teaching or learning and what are those accounts and computations which stand man in good stead in the Divine Court?" He was looking at Guru Nanak's face intently and many questions and answers, doubts and their resolutions were swiftly crossing his mind. At last, fortune smiled upon him, and he said, "O Nanak! is there any such learning or teaching by imbibing which man gets honour in the Divine Court? If you know of such learning acquaint me with it." At this, Guru Nanak Sahib said, "Revered teacher! a special ink and pen are needed to acquire that learning. Let me tell you that, due to pride and attachment, the whole world is badly caught in egoism. It is afflicted with the malady of ego. Due to ego is man born, and due to ego does he die. Egoism is the cause of his sufferings and it is due to ego that he suffers loss and gain. Again due to egoism, deeds come to cling to him and he suffers pain. To prepare ink for the pen I am talking about, egoism has to be burnt. It is only with the burning of ego that attachment, the chief among all perversities, also gets burnt. So, make ink with this soot, and paper you should make of superior intelligence. Superior intelligence is one which can fully discriminate between truth and untruth. No doubts and misgivings are left in the mind. The phenomenal world that you see is visible due to the power of truth. But it is transient and mortal. The power hidden behind it, on whose prop all this untruth appears to be true, that is Truth-incarnate Supreme Sentience God Himself. The ability to distinguish between truth and untruth is called discrimination. Our visible physical bodies are for a certain period of time. The *'jeev-atma'* (soul) seems to be distinct due to the darkness of egoism. In fact, it has no existence of its own. But due to the illusion of several births, it seems to be distinct. God who pervades each and every being is enacting His own play. This egoistic tendency always keeps Him hidden and covered. The visible is untrue and mortal. Make the paper of this idea or notion –

> ***'Burn worldly attachment; into ink powder it;***
> ***Make your chaste intelligence into paper.'***
> ***P. 16***

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ ॥***

